Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 293, ਮਿਤੀ : 28 ਫਰਵਰੀ ਤੋਂ 06 ਮਾਰਚ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕਾ ਜਾ ਕੇ ਸ਼ਰਨ ਲੈਣ ਵਾਸਤੇ ਕੀ ਸਾਬਤ ਕਰਨਾ ਜ਼ਰੂਰੀ

ਸ਼ਰਨ, ਪਨਾਹ ਜਾਂ ਅਸਾਇਲਮ- ਪੰਜਾਬ ਤੋਂ ਡੌਂਕੀ ਰੂਟ ਰਾਹੀਂ ਅਮਰੀਕਾ ਗਏ ਤੇ ਹਾਲ ਹੀ ਚ ਅਮਰੀਕੀ ਫੌਜ ਦੇ ਫੌਜੀ ਜਹਾਜ਼ਾਂ @ਚ ਵਾਪਸ ਭੇਜੇ ਗਏ ਲੋਕਾਂ ਦੀ ਟੇਕ ਇਸੇ ਤੇ ਸੀ।ਵਾਪਸ ਭੇਜੇ ਗਏ ਬਹੁਤੇ ਲੋਕਾਂ ਨੇ ਇਹ ਗੱਲ ਕਬੂਲੀ ਕਿ ਉਨ੍ਹਾਂ ਨੇ 40 ਤੋਂ 50 ਲੱਖ ਰੁਪਏ ਅਮਰੀਕਾ ਪਹੁੰਚਣ ਲਈ ਇਸੇ ਲਈ ਖਰਚੇ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਉਹ ਉੱਥੇ ਪਹੁੰਚ ਕੇ ਪਨਾਹ ਲੈਣ ਲਈ ਅਰਜ਼ੀ ਦਾਇਰ ਕਰ ਸਕਣਗੇ।20 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸਹੁੰ ਚੁੱਕਦਿਆਂ ਹੀ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਮੁਲਕ ਵਿੱਚ ਸ਼ਰਨ ਲੈਣ ਤੇ ਰੋਕ ਲਾ ਦਿੱਤੀ ਸੀ।ਅਮਰੀਕਾ ਚ ਸ਼ਰਨ ਲੈਣ ਲਈ ਕੀ ਸਾਬਤ ਕਰਨਾ ਜ਼ਰੂਰੀ ਹੈ ? ਪੰਜਾਬੀ ਕਿਸ ਅਧਾਰ ਤੇ ਸ਼ਰਨ ਲੈਂਦੇ ਹਨ, ਟਰੰਪ ਦੀਆਂ ਰੋਕਾਂ ਤੋਂ ਬਾਅਦ ਕੀ ਬਦਲਿਆ ਹੈ.. ਇਹ ਰਿਪੋਰਟ ਇਸੇ ਬਾਰੇ ਹੈ।



**ਅਮਰੀਕਾ ਵਿੱਚ ਸ਼ਰਨ ਕੌਣ ਲੈ ਸਕਦਾ ਹੈ ?**

ਅਮਰੀਕੀ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ ਮੁਲਕ ਵਿੱਚ ਪਨਾਹ ਉਹ ਲੋਕ ਲੈ ਸਕਦੇ ਜੋ ਇਨ੍ਹਾਂ ਕਾਰਨਾਂ ਕਰਕੇ ਜ਼ੁਲਮ ਸਹਿ ਰਹੇ ਹੋਣ ਜਾਂ ਜ਼ੁਲਮ ਸਹਿਣ ਦੇ ਡਰ ਹੇਠ ਹੋਣ।ਇਹ ਕਾਰਨ ਹਨ- ਨਸਲ, ਧਰਮ, ਕੌਮੀਅਤ, ਕਿਸੇ ਸਮਾਜਿਕ ਸਮੂਹ ਦੇ ਮੈਂਬਰ ਹੋਣਾ ਅਤੇ ਸਿਆਸੀ ਨਜ਼ਰੀਆ।ਸੰਯੁਕਤ ਰਾਸ਼ਟਰ ਦੀ ਰਿਫਿਊਜੀ ਏਜੰਸੀ ਮੁਤਾਬਕ ਅਮਰੀਕਾ ਵਿੱਚ ਸ਼ਰਨ ਲੈਣ ਦੇ ਦੋ ਰਾਹ ਹਨ - ਅਫਰਮੇਟਿਵ ਅਸਾਇਲਮ ਅਤੇ ਡਿਫੈਂਸਿਵ ਅਸਾਇਲਮ।ਅਫਰਮੇਟਿਵ ਅਸਾਇਲਮ ਤਹਿਤ ਉਹ ਸ਼ਖ਼ਸ ਅਪਲਾਈ ਕਰ ਸਕਦਾ ਹੈ ਜੋ ਅਮਰੀਕਾ ਵਿੱਚ ਦਾਖ਼ਲ ਹੋ ਚੁੱਕਿਆ ਹੈ ਪਰ ਉਸ ਨੂੰ ਅਮਰੀਕਾ ਵਿੱਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਹਾਲੇ ਸ਼ੁਰੂ ਨਹੀਂ ਹੋਈ ਹੈ।ਡਿਫ਼ੈਂਸਿਵ ਅਸਾਇਲਮ ਅਜਿਹੇ ਅਰਜ਼ੀਕਾਰ ਲਈ ਹੁੰਦੀ ਹੈ ਜਿਸ ਨੂੰ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਸ ਲਈ ਉਕਤ ਅਰਜ਼ੀਕਾਰ ਐਗਜ਼ੈਕੇਟਿਵ ਆਫੀਸਰ ਫਾਰ ਇਮੀਗ੍ਰੇਸ਼ਨ ਰਿਵਿਊ ਵਿੱਚ ਇਮੀਗ੍ਰੇਸ਼ਨ ਜੱਜ ਕੋਲ ਅਰਜ਼ੀ ਦਰਜ ਕਰ ਸਕਦਾ ਹੈ।ਅਮਰੀਕਾ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੀ ਵੈੱਬਸਾਈਟ ਦੇ ਮੁਤਾਬਕ ਅਸਾਇਲਮ ਜਾਂ ਸ਼ਰਨ ਉਨ੍ਹਾਂ ਲੋਕਾਂ ਨੂੰ ਮਿਲ ਸਕਦੀ ਹੈ ਜਿਹੜੇ ਕਿ ਰਿਫਿਊਜੀ ਦੀ ਵਿਆਖਿਆ ਤੇ ਖ਼ਰੇ ਉੱਤਰਦੇ ਹੋਣ।ਹੋਰਾਂ ਫ਼ਰਕਾਂ ਤੋਂ ਇਲਾਵਾ ਰਿਫਿਊਜੀ ਅਤੇ ਸ਼ਰਨਾਰਥੀ ਵਿੱਚ ਮੁੱਢਲਾ ਫ਼ਰਕ ਇਹ ਹੈ ਕਿ ਰਿਫਿਊਜੀ ਉਹ ਹੁੰਦਾ ਹੈ ਜੋ ਅਮਰੀਕਾ ਤੋਂ ਬਾਹਰ ਰਹਿੰਦਾ ਹੋਵੇ ਅਤੇ ਸ਼ਰਨਾਰਥੀ ਉਹ ਜੋ ਅਮਰੀਕੀ ਧਰਤੀ ਉੱਤੇ ਹੈ।

**ਅਮਰੀਕਾ ਪਹੁੰਚਣ ਤੇ ਗ਼ੈਰ-ਕਾਨੂੰਨੀ ਪਰਵਾਸੀਆਂ ਤੇ ਕੀ ਕਾਰਵਾਈ ਹੁੰਦੀ ਸੀ ?**

20 ਜਨਵਰੀ ਨੂੰ ਸਹੁੰ ਚੁੱਕਦਿਆਂ ਹੀ ਜਾਰੀ ਕੀਤੇ ਆਪਣੇ ਕਾਰਜਕਾਰੀ ਹੁਕਮ ਵਿੱਚ ਡੌਨਲਡ ਟਰੰਪ ਨੇ ਅਮਰੀਕਾ ਵਿੱਚ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਦੇ ਦਾਖ਼ਲੇ ਤੇ ਰੋਕ ਲਾ ਦਿੱਤੀ ਸੀ।ਇਸ ਦੇ ਨਾਲ ਹੀ ਉਨ੍ਹਾਂ ਨੇ ਬਾਰਡਰ ਪੈਟਰੋਲ ਏਜੰਟਾਂ ਨੂੰ ਇਹ ਹਦਾਇਤ ਦਿੱਤੀ ਸੀ ਕਿ ਉਹ ਲੋਕਾਂ ਨੂੰ ਅਸਾਇਲਮ ਸੁਣਵਾਈਆਂ ਵਿੱਚ ਗੱਲ ਰੱਖਣ ਦਾ ਮੌਕੇ ਦਿੱਤੇ ਬਿਨਾਂ ਹੀ ਵਾਪਸ ਭੇਜ ਦੇਣ।ਇਸ ਹੁਕਮ ਦੇ ਲਾਗੂ ਹੋਣ ਤੋਂ ਪਹਿਲਾਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਅਮਰੀਕਾ ਵਿੱਚ ਦਾਖ਼ਲ ਹੋਣ ਮਗਰੋਂ ਉਨ੍ਹਾਂ ਨੂੰ ਬਾਰਡਰ ਪੈਟਰੋਲ ਵੱਲੋਂ ਹਿਰਾਸਤ ਵਿੱਚ ਲੈ ਲਿਆ ਜਾਂਦਾ ਸੀ।ਇਸ ਮਗਰੋਂ ਬਹੁਤੇ ਅਦਾਲਤੀ ਪ੍ਰਕਿਰਿਆ ਚ ਸ਼ਾਮਲ ਹੁੰਦੇ ਸਨ ਅਤੇ ਕੁਝ ਚਿਰ ਬਾਅਦ ਉਨ੍ਹਾਂ ਨੂੰ ਵਰਕ ਪਰਮਿਟ ਵੀ ਮਿਲ ਜਾਂਦਾ ਸੀ।ਡੌਨਲਡ ਟਰੰਪ ਨੇ ਸ਼ਰਨਾਰਥੀਆਂ ਲਈ ਬਣਾਇਆ ਗਿਆ ਉਹ ਐਪ ਵੀ ਬੰਦ ਕਰ ਦਿੱਤਾ ਹੈ, ਜਿਸ ਰਾਹੀਂ ਸਰਹੱਦ ਤੇ ਪਹੁੰਚੇ ਸ਼ਰਨਾਰਥੀ ਆਪਣੀ ਅਰਜ਼ੀ ਦਾਇਰ ਕਰਦੇ ਸਨ।

**ਸ਼ਰਨ ਲਈ ਅਰਜ਼ੀ ਪਾਉਣ ਵਾਲਿਆਂ ਵਿੱਚ ਪੰਜਾਬੀ ਮੋਹਰੀ**

ਆਰਗਨਾਈਜ਼ੇਸ਼ਨ ਫਾਰ ਇਕੌਨੌਮਿਕ ਕੋਓਪਰੇਸ਼ਨ ਐਂਡ ਡਵੈਲਪਮੈਂਟ ਵੱਲੋਂ ਇਕੱਠਾ ਕੀਤਾ ਗਿਆ ਡਾਟਾ ਦਰਸਾਉਂਦਾ ਹੈ ਕਿ ਭਾਰਤੀਆਂ ਵੱਲੋਂ ਦਾਖ਼ਲ ਕੀਤੀਆਂ ਜਾਣ ਵਾਲੀਆਂ ਪਨਾਹ ਦੀਆਂ ਅਰਜ਼ੀਆਂ ਵਿੱਚ ਵਾਧਾ ਹੋਇਆ ਹੈ।ਇਸ ਮੁਤਾਬਕ ਅਰਜ਼ੀਆਂ ਦੀ ਗਿਣਤੀ 2021 ਵਿੱਚ 5000 ਤੋਂ 2023 ਵਿੱਚ 51,000 ਹੋ ਗਈ।ਅਮਰੀਕਾ ਵਿੱਚ ਅਸਾਇਲਮ ਲੈਣ ਵਾਲੇ ਭਾਰਤੀਆਂ ਵਿੱਚ ਸਾਲ 2001 ਤੋਂ ਪੰਜਾਬੀ ਬੋਲਣ ਵਾਲਿਆਂ ਦਾ ਦਬਦਬਾ ਰਿਹਾ ਹੈ।ਬੀਬੀਸੀ ਪੱਤਰਕਾਰ ਸੌਤਿਕ ਬਿਸਵਾਸ ਦੀ ਰਿਪੋਰਟ ਦੇ ਮੁਤਾਬਕ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਸ਼ਰਨ ਦੀ ਅਰਜ਼ੀ ਨੂੰ ਪ੍ਰਵਾਨਗੀ ਮਿਲਣ ਦੀ ਦਰ 63 ਫ਼ੀਸਦ ਹੈ ਜਦਕਿ ਹਿੰਦੀ ਬੋਲਣ ਵਾਲਿਆਂ ਦੀ ਪ੍ਰਵਾਨ ਹੋਣ ਦੀ ਦਰ 58 ਫ਼ੀਸਦੀ ਹੈ। ਇਸ ਤੋਂ ਇਲਾਵਾ ਗੁਜਰਾਤ ਦੇ ਇੱਕ ਚੌਥਾਈ ਕੇਸਾਂ ਨੂੰ ਹੀ ਪ੍ਰਵਾਨਗੀ ਮਿਲੀ ਸੀ।ਹਾਲ ਹੀ ਵਿੱਚ ਜੋਹਨ ਹੌਪਕਿਸਨ ਯੂਨੀਵਰਸਿਟੀ ਦੇ ਖੋਜਾਰਥੀਆਂ ਅਬੀ ਬਡੀਮੈਨ ਅਤੇ ਦੇਵੇਸ਼ ਕਪੂਰ ਨੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਪਰਵਾਸੀਆਂ ਬਾਰੇ ਇੱਕ ਖੋਜ ਪੱਤਰ ਪ੍ਰਕਾਸ਼ਿਤ ਕੀਤਾ।ਦੇਵੇਸ਼ ਨੇ ਬੀਬੀਸੀ ਨੂੰ ਦੱਸਿਆ ਸੀ ਕਿ ਇਹ ਕਿਸੇ ਤਰ੍ਹਾਂ ਦੇ ਡਰ ਦੀ ਥਾਂ ਇਹ ਮੋਟੇ ਤੌਰ ਤੇ ਅਸਾਇਲਮ ਸਿਸਟਮ ਨੂੰ ਆਪਣੇ ਪੱਖ ਵਿੱਚ ਵਰਤਣ ਵਾਂਗ ਹੈ ਕਿਉਂਕਿ ਇਸ ਪ੍ਰਕਿਰਿਆ ਨੂੰ ਪੂਰੀ ਹੋਣ ਵਿੱਚ ਕਈ ਸਾਲ ਲੱਗਦੇ ਹਨ।

**ਹੋਰ ਮੁਲਕਾਂ ਵਿੱਚ ਪਨਾਹ ਦੇ ਕਾਨੂੰਨ**

ਅਮਰੀਕਾ ਵਾਂਗ ਹੀ ਕੈਨੇਡਾ, ਯੂਕੇ ਅਤੇ ਨਿਊਜ਼ੀਲੈਂਡ ਵਿੱਚ ਵਿੱਚ ਵੀ ਅਸਾਇਲਮ ਦੇ ਕੇਸ ਇੱਕ ਵੱਡਾ ਮੁੱਦਾ ਹਨ।ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ ਵੱਲੋਂ ਇਸ ਦੀ ਵਰਤੋਂ ਕੀਤੇ ਜਾਣ ਦੇ ਨਾਲ-ਨਾਲ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਪਨਾਹ ਲਈ ਅਪਲਾਈ ਕੀਤੇ ਜਾਣ ਬਾਰੇ ਵੀ ਸਰਕਾਰੀ ਨੁਮਾਇੰਦੇ ਬਿਆਨ ਦੇ ਚੁੱਕੇ ਹਨ।ਅਮਰੀਕਾ ਵਾਂਗ ਕੈਨੇਡਾ, ਯੂਕੇ ਅਤੇ ਨਿਊਜ਼ੀਲੈਂਡ ਚ ਵੀ ਪਨਾਹ ਲੈਣ ਲਈ ਵੀ ਬਿਨੈਕਾਰ ਲਈ ਖ਼ੁਦ ਲਈ ਆਪਣੇ ਮੁਲਕ ਵਿੱਚ ਖ਼ਤਰਾ ਦਿਖਾਉਣਾ ਜ਼ਰੂਰੀ ਹੈ।ਕੈਨੇਡਾ ਅਤੇ ਅਮਰੀਕਾ ਵਿੱਚ ਸਮਝੌਤੇ ਮੁਤਾਬਕ ਅਮਰੀਕਾ ਵਿੱਚ ਦਾਖ਼ਲ ਹੋਣ ਮਗਰੋਂ ਕੋਈ ਵੀ ਕੈਨੇਡਾ ਵਿੱਚ ਆ ਕੇ ਪਨਾਹ ਲਈ ਅਰਜ਼ੀ ਨਹੀਂ ਦੇ ਸਕਦਾ।ਯੂਰਪੀਅਨ ਯੂਨੀਅਨ ਦੇ ਮੁਲਕਾਂ ਵਿੱਚ ਵੀ ਕਿਸੇ ਵਿਅਕਤੀ ਦਾ ਪਨਾਹ ਲਈ ਅਰਜ਼ੀ ਦੇਣ ਲਈ ਯੂਨੀਅਨ ਵਿਚਲੇ ਕਿਸੇ ਮੁਲਕ ਵਿਚ ਹੋਣਾ ਜ਼ਰੂਰੀ ਹੈ।

**ਸ਼ਰਨਾਰਥੀਆਂ ਤੇ ਟਰੰਪ ਦੀਆਂ ਰੋਕਾਂ ਕਦੋਂ ਤੱਕ ਲਾਗੂ ਰਹਿਣਗੀਆਂ ?**

ਡੌਨਲਡ ਟਰੰਪ ਵੱਲੋ ਇਸ ਸਬੰਧੀ ਜਿਸ ਐਗਜ਼ੈਕੇਟਿਵ ਆਰਡਰ ਤੇ ਦਸਤਖ਼ਤ ਕੀਤੇ ਗਏ ਉਸ ਵਿੱਚ ਲਿਖਿਆ ਸੀ ਕਿ ਕਾਰਜਕਾਰੀ ਹੁਕਮ ਦੇ 90 ਦਿਨਾਂ ਵਿੱਚ ਸੈਕ੍ਰੇਟਰੀ ਆਫ ਹੋਮਲੈਂਡ ਸਿਕਿਓਰਿਟੀ ਅਤੇ ਸੈਕ੍ਰੇਟਰੀ ਆਫ ਸਟੇਟ ਰਾਸ਼ਟਰਪਤੀ ਨੂੰ ਰਿਪੋਰਟ ਦੇਣਗੇ ਕਿ ਸ਼ਰਨਾਰਥੀਆਂ ਦਾ ਦਾਖ਼ਲਾ ਮੁੜ ਸ਼ੁਰੂ ਕਰਨਾ ਅਮਰੀਕੀ ਹਿੱਤਾਂ ਵਿੱਚ ਹੋਵੇਗਾ ਜਾਂ ਨਹੀਂ।ਇਸ ਵਿੱਚ ਅੱਗੇ ਲਿਖਿਆ ਸੀ, ÷ਇਹ ਹਰ 90 ਦਿਨਾਂ ਬਾਅਦ ਉਦੋਂ ਤੱਕ ਰਿਪੋਰਟ ਦਿੰਦੇ ਰਹਿਣਗੇ ਜਦੋਂ ਤੱਕ ਮੈਂ (ਡੌਨਲਡ ਟਰੰਪ) ਇਹ ਫ਼ੈਸਲਾ ਨਹੀਂ ਲੈਂਦਾ ਕਿ @ਯੂਐੱਸ ਰਿਫ਼ਿਊਜੀ ਐਡਮਿਸ਼ਨ ਪ੍ਰੋਗਰਾਮ ਨੂੰ ਸ਼ੁਰੂ ਕਰਨਾ ਅਮਰੀਕੀ ਹਿੱਤਾਂ ਵਿੱਚ ਹੈ।



## ਪੰਜਾਬੀ ਅਮਰੀਕਾ ਵਿੱਚ ਪਨਾਹ ਲੈਣ ਲਈ ਕੀ ਅਧਾਰ ਬਣਾਉਂਦੇ ਹਨ ?

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਅਸਾਇਲਮ ਲਈ ਅਰਜ਼ੀ ਦੇਣ ਵਾਲਿਆਂ ਅਤੇ ਇਸ ਨੂੰ ਹਾਸਲ ਕਰਨ ਵਾਲਿਆਂ ਵਿੱਚ ਪੰਜਾਬੀਆਂ ਦੀ ਵੀ ਬਹੁਤਾਂਤ ਹੈ।ਅਮਰੀਕਾ @ਚ ਲੱਖਾਂ ਦੀ ਗਿਣਤੀ ਵਿੱਚ ਅਸਾਇਲਮ ਕੇਸ ਪੈਂਡਿੰਗ ਹਨ, ਇਨ੍ਹਾਂ ਵਿੱਚ ਪੰਜਾਬੀ ਅਰਜ਼ੀਕਾਰਾਂ ਦੀ ਵੀ ਵੱਡੀ ਗਿਣਤੀ ਹੈ।ਇਸ ਗਿਣਤੀ ਵਿੱਚ ਪੰਜਾਬੀ ਸਿੱਖ ਅਤੇ ਪੰਜਾਬੀ ਹਿੰਦੂ ਵੀ ਸ਼ਾਮਲ ਹਨ। ਅਸਾਇਲਮ ਹਾਸਲ ਕਰਨ ਲਈ ਉਨ੍ਹਾਂ ਲਈ ਅਦਾਲਤ ਵਿੱਚ ਉਨ੍ਹਾਂ ਨੂੰ ਭਾਰਤ ਵਿਚਲੇ @ਖ਼ਤਰੇ (ਕ੍ਰੈਡੀਬਲ ਫੀਅਰ) ਹੋਣ ਬਾਰੇ ਸਾਬਤ ਕਰਨਾ ਜ਼ਰੂਰੀ ਹੋਵੇਗਾ।ਕੈਲੀਫੌਰਨੀਆ ਵਿੱਚ ਇਮੀਗ੍ਰੇਸ਼ਨ ਵਕੀਲ ਇੰਦਰਰਾਜ ਸਿੰਘ ਦੱਸਦੇ ਹਨ ਕਿ ਬਹੁਤੇ ਕੇਸਾਂ ਵਿੱਚ ਪੰਜਾਬੀ ਜਾਂ ਸਿੱਖ ਅਰਜ਼ੀਕਾਰ ਧਰਮ ਅਤੇ ਸਿਆਸੀ ਨਜ਼ਰੀਏ ਸਬੰਧੀ ਖ਼ਤਰੇ ਨੂੰ ਆਪਣੇ ਕੇਸ ਦਾ ਅਧਾਰ ਬਣਾਉਂਦੇ ਹਨ।ਉਹ ਦੱਸਦੇ ਹਨ ਕਿ ਅਦਾਲਤ ਸਾਹਮਣੇ ਅਰਜ਼ੀਕਾਰ ਦਾ ਖ਼ਾਲਿਸਤਾਨ ਪੱਖੀ ਜਥੇਬੰਦੀ ਜਾਂ ਗਤੀਵਿਧੀ ਨਾਲ ਸਬੰਧ ਦਰਸਾਉਣਾ ਕਦੇ-ਕਦੇ ਸਹਾਈ ਵੀ ਹੁੰਦਾ ਹੈ ਅਤੇ ਕਦੇ ਨਹੀਂ ਵੀ।ਉਹ ਦੱਸਦੇ ਹਨ ਕਿ ਅਮਰੀਕਾ ਵਿੱਚ 1980ਵਿਆਂ ਤੋਂ ਖ਼ਾਲਿਸਤਾਨ ਅਤੇ ਸਿੱਖ ਮੁੱਦਿਆਂ ਉੱਤੇ ਵੱਡੀ ਗਿਣਤੀ ਵਿੱਚ ਕੇਸ ਲੜੇ ਗਏ ਹਨ, ਇਨ੍ਹਾਂ ਕੇਸਾਂ ਵਿੱਚ ਹੋਏ ਫ਼ੈਸਲੇ ਅਗਲੇ ਕੇਸਾਂ ਵਿੱਚ ਕੇਸ ਲਾਅ ਬਣਦੇ ਹਨ।ਉਹ ਕਹਿੰਦੇ ਹਨ ਅਜਿਹੇ @ਚ ਪੰਜਾਬੀ ਬੋਲਣ ਵਾਲਿਆਂ ਦੀ ਅਸਾਇਲਮ ਹਾਸਲ ਕਰਨ ਦੀ ਦਰ ਵੱਧ ਹੋਣ ਵਿੱਚ ਇਸ ਪੱਖ ਦਾ ਵੀ ਰੋਲ ਹੋ ਸਕਦਾ ਹੈ।ਇੱਕ ਹੋਰ ਵਕੀਲ ਨੇ ਦੱਸਿਆ ਕਿ ਹਰਿਆਣਾ ਜਾਂ ਗੁਜਰਾਤ ਤੋਂ ਜਾਣ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਵਾਲੇ ਲੋਕ ਵੀ ਵੱਖ-ਵੱਖ ਸਿਆਸੀ ਕਾਰਨਾਂ ਨੂੰ ਅਧਾਰ ਬਣਾ ਕੇ ਪਨਾਹ ਲਈ ਆਪਣਾ ਦਾਅਵਾ ਪੇਸ਼ ਕਰਦੇ ਹਨ।

# ਪ੍ਰਸਿੱਧ ਪੰਜਾਬੀ ਲੇਖਕ ਸ਼ਿੰਦਰ ਸਿੰਘ ਮੀਰਪੁਰੀ ਦੀ ਪੰਜਵੀਂ ਕਿਤਾਬ ਕੋਰੋਨਾ ਵਾਇਰਸ ਦੀ ਘੁੰਡ- ਚੁਕਾਈ





- ਮਾਲੇਰਕੋਟਲਾ ( ਸਰੌਦ) - ਕੁਝ ਕੁ ਇਨਸਾਨ ਹੁੰਦੇ ਨੇ ਜਿਹੜੇ ਆਪਣੀ ਮਾਂ- ਬੋਲੀ ਨਾਲ ਜੁੜ ਕੇ ਪੰਜਾਬੀ ਸਾਹਿਤ ਦੀ ਸੇਵਾ ਕਰਕੇ ਆਪਣਾ ਫਰਜ਼ ਨਿਭਾਉਂਦੇ ਹਨ ਅਤੇ ਹੋਰਨਾਂ ਨੂੰ ਇਸ ਰਾਹ ਉੱਤੇ ਚੱਲਣ ਦੇ ਲਈ ਪ੍ਰੇਰਿਤ ਕਰਦੇ ਨੇ, ਨਹੀਂ ਤਾਂ ਬਹੁਤ ਸਾਰੇ ਸਿਰਫ ਢੰਡੋਰਾ ਪਿੱਟਣ ਦੇ ਨਾਂ ਤੇ ਮਾਵਾ ਛਕਦੇ ਹਨ। ਅਜਿਹਾ ਹੀ ਇੱਕ ਸਿਰੜੀ ਨੌਜਵਾਨ ਪੰਜਾਬੀ ਲੇਖਕ ਹੈ ਸ਼ਿੰਦਰ ਸਿੰਘ ਮੀਰਪੁਰੀ। ਪੰਜਾਬੀ ਸਹਿਤ ਦੇ ਖੇਤਰ ਅੰਦਰ ਨਿਵੇਕਲੀਆਂ ਪੈੜਾ ਪਾਕੇ ਚੰਗਾ ਨਾਮਣਾ ਖੱਟਣ ਵਾਲੇ ਦੁਆਬੇ ਦੀ ਧਰਤੀ ਮੀਰਪੁਰ ਜੱਟਾਂ ਦੇ ਜੰਮਪਲ਼ ਉੱਘੇ ਪੰਜਾਬੀ ਲੇਖਕ ਸ਼ਿੰਦਰ ਸਿੰਘ ਮੀਰਪੁਰੀ ਦੀ ਪੰਜਵੀਂ ਕਿਤਾਬ @ਕੋਰੋਨਾ ਵਾਇਰਸ@ ਨੂੰ ਉੱਘੀਆਂ ਸਾਹਿਤਕ ਹਸਤੀਆਂ ਵੱਲੋਂ ਲੋਕ ਅਰਪਣ ਕੀਤਾ ਗਿਆ। ਸ਼ਿੰਦਰ ਸਿੰਘ ਮੀਰਪੁਰੀ ਵੱਲੋਂ ਕਰੋਨਾ ਕਾਲ ਵੇਲੇ ਤੋਂ ਹੁਣ ਤੱਕ ਲਿਖੀ ਗਈ ਇਸ ਕਿਤਾਬ ਵਿੱਚ ਉਸ ਵੇਲੇ ਦਾ ਲੇਖ ਭਰਪੂਰ ਲੇਖਾ-ਜੋਖਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਸ ਨੌਜਵਾਨ ਲੇਖਕ ਵੱਲੋਂ ਸਰਦਾਰੀਆਂ ਸਣੇ ਲਗਭਗ ਚਾਰ ਕਿਤਾਬਾਂ ਲੋਕ ਕਚਹਿਰੀ ਵਿੱਚ ਪੇਸ਼ ਕੀਤੀਆਂ ਜਾ ਚੁੱਕੀਆਂ ਹਨ ਅਤੇ ਹੁਣ ਪੰਜਵੀਂ ਕਿਤਾਬ ਕਰੋਨਾ ਵਾਇਰਸ ਲੋਕ- ਅਰਪਣ ਕਰਦਿਆਂ ਸਿੰਦਰ ਸਿੰਘ ਮੀਰਪੁਰੀ ਨੇ ਪੰਜਾਬੀ ਸਾਹਿਤ ਦੇ ਖੇਤਰ ਅੰਦਰ ਵੱਖਰੇ ਕਦਮ ਪੁੱਟ ਕੇ ਕੁਝ ਨਵਾਂ ਕਰਨ ਦਾ ਯਤਨ ਕੀਤਾ ਹੈ। ਸ਼ਿੰਦਰ ਮੀਰਪੁਰੀ ਪੰਜਾਬੀ ਦਾ ਉਹ ਅਹਿਮ ਹਸਤਾਖਰ ਹੈ ਜਿਸ ਨੇ ਪਾਲੀਵੁੱਡ ਫ਼ਿਲਮਾ ਲਈ ਵੀ ਕਾਫੀ ਗੀਤ ਲਿਖੇ ਅਤੇ ਮਕਬੂਲ ਹੋਏ ਹਨ। ਸਮਾਗਮ ਦੌਰਾਨ ਗੱਲਬਾਤ ਕਰਦਿਆਂ ਗਿਆਨੀ ਗੁਲਜ਼ਾਰ ਸਿੰਘ ਅਮਰੀਕਾ ਨੇ ਦੱਸਿਆ ਕਿ ਸ਼ਿੰਦਰ ਸਿੰਘ ਮੀਰਪੁਰੀ ਵੱਲੋਂ ਸਦਾ ਹੀ ਉਸਾਰੂ ਸਹਿਤ ਰਾਹੀਂ ਨੌਜਵਾਨੀ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉੱਘੇ ਸਾਹਿਤਕਾਰ ਨੌਜਵਾਨ ਮੀਰਪੁਰੀ ਨੇ ਆਖਿਆ ਕਿ ਪਿਛਲੇ ਸਮੇਂ ਵੀ ਦਰਸ਼ਕਾਂ ਵੱਲੋਂ ਉਸ ਦੀਆਂ ਲਿਖਤਾਂ ਨੂੰ ਭਰਪੂਰ ਸਲਾਹਿਆ ਗਿਆ ਅਤੇ ਆਸ ਹੈ ਕਿ ਹੁਣ ਵੀ ਕਰੋਨਾ ਵਾਇਰਸ ਨੂੰ ਪਾਠਕ ਚੰਗਾ ਹੁੰਗਾਰਾ ਦੇਣਗੇ। ਪਿਛਲੇ ਲੰਬੇ ਸਮੇਂ ਤੋਂ ਅਸੀਂ ਵੇਖਿਆ ਹੈ ਕਿ ਬਹੁਤ ਸਾਰੇ ਸਾਹਿਤਕਾਰ ਜੋ ਖਾਸ ਕਰ ਬਾਹਰਲੇ ਮੁਲਕਾਂ ਵਿੱਚ ਰਹਿੰਦੇ ਹਨ ਤਾਂ ਉਹ ਕਾਫੀ ਹਾਈ ਫਾਈ ਹੋ ਜਾਂਦੇ ਹਨ ਪਰ ਬਿਲਕੁਲ ਸਾਦ ਮੁਰਾਦੇ ਅਤੇ ਸਹਿਣਸ਼ੀਲਤਾ ਦੇ ਮਾਲਕ ਸ਼ਿੰਦਰ ਮੀਰਪੁਰੀ ਨੇ ਜਿੱਥੇ ਵਿਸ਼ਵ ਪੱਧਰ ਤੇ ਆਪਣੇ ਨਾਂ ਦਾ ਡੰਕਾ ਵਜਵਾਇਆ ਹੈ ਉੱਥੇ ਹੀ ਗੀਤਕਾਰੀ ਅਤੇ ਸਾਹਿਤ ਦੇ ਖੇਤਰ ਅੰਦਰ ਨਵਾਂ ਇਤਿਹਾਸ ਰਚ ਕੇ ਬਹੁਤ ਕੁਝ ਅਜਿਹਾ ਕਰ ਦਿੱਤਾ ਹੈ ਜੋ ਕਿਸੇ ਵਿਰਲੇ ਇਨਸਾਨ ਦੇ ਹਿੱਸੇ ਆਉਂਦਾ ਹੈ ਜੇਕਰ ਉਸ ਵੱਲੋਂ ਕਿਤਾਬਾਂ ਤੋਂ ਬਾਅਦ ਗੀਤਾਂ ਦੀ ਗੱਲ ਵੀ ਕਰਨੀ ਹੋਵੇ ਤਾਂ ਅਗਲੇ ਸਮੇਂ ਨੂੰ ਵੀ ਉਹ ਇੱਕ ਹੋਰ ਅਹਿਮ ਮਾਅਰਕਾ ਮਾਰ ਕੇ ਸਹਿਤ ਦੇ ਖੇਤਰ ਅੰਦਰ ਨਵੀਂ ਪੁਲਾਂਗ ਪੁੱਟਣ ਦਾ ਯਤਨ ਕਰੇਗਾ। ਨੌਜਵਾਨ ਵਰਗ ਨੂੰ ਇੱਕ ਸੁਨੇਹਾ ਦਿੰਦਿਆਂ ਸ਼ਿੰਦਰ ਮੀਰਪੁਰੀ ਨੇ ਆਖਿਆ ਕਿ ਚੰਗਾ ਹੋਵੇ ਜੇਕਰ ਅਸੀਂ ਕਿਤਾਬੀ ਸਾਹਿਤ ਨੂੰ ਜਿਉਂਦਾ ਰੱਖ ਕੇ ਆਉਣ ਵਾਲੀਆਂ ਪੀੜੀਆਂ ਨੂੰ ਇੱਕ ਵਧੀਆ ਸੁਨੇਹਾ ਦੇਣ ਦੀ ਕੋਸ਼ਿਸ਼ ਕਰੀਏ ਤਾਂ ਕਿ ਸਾਡਾ ਸਮਾਜ ਸੁਰੱਖਿਅਤ ਰਹਿ ਸਕੇ ਜਿਸ ਦੀ ਅੱਜ ਲੋੜ ਹੈ। ਇਸ ਮੌਕੇ ਗਿਆਨੀ ਗੁਲਜ਼ਾਰ ਸਿੰਘ ਖੜੌਲਾ, ਅਮਰੀਕਾ, ਬਲਵਿੰਦਰ ਸਿੰਘ, ਦਲਜੀਤ ਸਿੰਘ, ਕਮਲਜੀਤ ਸਿੰਘ, ਸਰਨਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਪ੍ਰਗਟ ਸਿੰਘ, ਸਿੰਦਰ ਸਿੰਘ ਯੂ.ਐਸ.ਏ. ਜਗਦੀਸ਼ ਸਿੰਘ ਗੁਰਦੁਆਰਾ ਗੁਰੂ ਮਿਲਾਪ ਕਮੇਟੀ, ਗੁਲਜਾਰ ਸਿੰਘ, ਪਰਮਿੰਦਰ ਪਾਲ ਸਿੰਘ, ਭੁਪਿੰਦਰ ਸਿੰਘ, ਸ਼ੇਰ ਸਿੰਘ, ਦਲੇਰ ਸਿੰਘ, ਜੱਗਾ ਸਿੰਘ, ਨਰਿੰਦਰ ਸਿੰਘ, ਪਾਲ ਸਿੰਘ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ, ਗੋਬਿੰਦ ਸਿੰਘ, ਤਰਨਜੀਤ ਸਿੰਘ, ਸਰੈਣ ਸਿੰਘ ਗਗਨਪ੍ਰੀਤ ਸੁਖਵਿੰਦਰ ਸਿੰਘ ਮਿਲਣ ਜੋਤ ਸਿੰਘ ਗੁਰਵਿੰਦਰ ਸਿੰਘ ਪਰਮਪਾਲ ਸਿੰਘ ਰਾਣਾ ਸਿੰਘ ਗੁਰਦੀਪ ਸਿੰਘ ਗੁਲਾਬ ਸਿੰਘ ਪ੍ਰਭਜੀਤ ਸਿੰਘ ਹਾਜਰ ਸਨਹਾਜ਼ਰ ਸਨ।

# ਮਹਾਸ਼ਿਵਰਾਤਰੀ ਉਤਸਵ ਦੀ ਵਿਸ਼ਾਲ ਸ਼ੋਭਾ ਯਾਤਰਾ ਮੌਕੇ ਨਗਨ ਬਾਬਾ ਸ੍ਰੀ ਸਾਹਿਬ ਦਾਸ ਸੇਵਾ ਦਲ ਵੱਲੋਂ ਬਿਸਕੁਟਾਂ ਦਾ ਲੰਗਰ ਲਾਇਆ ਗਿਆ

## ਭਗਵਾਨ ਸ਼ਿਵ ਭੋਲੇਨਥ ਭੋਲੇ ਭਾਅ ਹੀ ਪ੍ਰਸੰਨ ਹੋ ਕੇ ਭਗਤਾਂ ਤੇ ਕ੍ਰਿਪਾ ਕਰਦੇ ਹਨ : ਪ੍ਰਧਾਨ ਹਰੀਸ਼ ਅਰੋੜਾ



ਸੰਗਰੂ (ਸੁਨੀਲ ਕੁਮਾਰ ਗੁੰਦ): ਆਉਂਦੀ ਮਹਾਸ਼ਿਵਰਾਤਰੀ ਦੇ ਸਬੰਧੀ ਮਨਾਏ ਜਾ ਰਹੇ ਮਹਾਸ਼ਿਵਰਾਤਰੀ ਉਤਸਵ ਦੇ ਅੰਤਰਗਤ, ਪ੍ਰਬੰਧਕ ਕਮੇਟੀ ਸ੍ਰੀ ਪ੍ਰਾਚੀਨ ਸ਼ਿਵ ਮੰਦਰ (ਬਗੀਚੀ ਵਾਲਾ) ਸੰਗਰੂਰ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਮਿਤੀ 23 ਫ਼ਰਵਰੀ ਦਿਨ ਐਤਵਾਰ ਬਾਅਦ ਦੁਪਹਿਰ ਇਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਸ਼ੋਭਾ ਯਾਤਰਾ ਵਿਚ ਸ਼ਾਮਿਲ ਸੰਗਤਾਂ ਦੀ ਸੇਵਾ ਅਤੇ ਸਵਾਗਤ ਹਿਤ, ਪਟਿਆਲਾ ਗੇਟ ਬਾਜ਼ਾਰ ਵਿਖੇ ਧੰਨ ਧੰਨ ਨਗਨ ਬਾਬਾ ਸ੍ਰੀ ਸਾਹਿਬ ਦਾਸ ਜੀ ਸੇਵਾ ਦਲ (ਰਜਿ:) ਸੰਗਰੂਰ ਦੇ ਚੇਅਰਮੈਨ ਸ੍ਰੀ ਬਲਜਿੰਦਰ ਸਰਮਾ ਅਤੇ ਪ ?ਧਾਨ ਸ੍ਰੀ ਹਰੀਸ਼ ਅਰੋੜਾ ਦੀ ਅਗਵਾਈ ਹੇਠ ਆਈਆਂ ਸੰਗਤਾਂ ਲਈ ਬਿਸਕੁਟਾਂ ਦਾ ਖੁੱਲਾ ਲੰਗਰ ਲਗਾਇਆ ਗਿਆ। ਸਾਡੇ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਪ੍ਰਧਾਨ ਹਰੀਸ਼ ਅਰੋੜਾ ਨੇ ਦੱਸਿਆ ਕੇ ਸੇਵਾ ਦਲ ਹਰ ਧਰਮ ਅਤੇ ਭਾਈਚਾਰੇ ਪ੍ਰਤੀ ਆਦਰ, ਸ਼ਰਧਾ ਅਤੇ ਸੇਵਾ ਭਾਵ ਨਾਲ ਸਮਰਪਿਤ ਹੋ ਕੇ ਸੰਗਤਾਂ ਦੇ ਜੋੜਿਆਂ ਦੀ ਸਾਂਭ ਸੰਭਾਲ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਹਰ ਸ਼ੋਭਾ ਯਾਤਰਾ ਦੀਆਂ ਸੰਗਤਾਂ ਲਈ ਲੰਗਰ ਦੀ ਸੇਵਾ ਕਰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵਾਨ ਸ਼ਿਵ ਭੋਲੇਨਥ ਭੋਲੇ ਭਾਅ ਹੀ ਪ੍ਰਸੰਨ ਹੋ ਕੇ ਭਗਤਾਂ ਤੇ ਕ੍ਰਿਪਾ ਕਰਦੇ ਹਨ। ਸਮਾਜਿਕ ਅਤੇ ਅਧਿਆਤਮਕ ਭਾਈਚਾਰੇ ਦਾ ਸਬੂਤ ਦਿੰਦੇ ਹੋਇਆਂ ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਦਲ ਦੇ ਪ੍ਰਧਾਨ ਹਰੀਸ਼ ਅਰੋੜਾ ਨੂੰ ਸਿਰੋਪਾ ਪਾ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼੍ਰੀ ਬਲਜਿੰਦਰ ਸ਼ਰਮਾ (ਚੇਅਰਮੈਨ), ਹਰੀਸ਼ ਅਰੋੜਾ (ਪ੍ਰਧਾਨ), ਸੰਜੀਵ ਕੁਮਾਰ ਟੋਨੀ (ਮੀਤ ਪ੍ਰਧਾਨ ), ਭੁਪਿੰਦਰ ਕੁਮਾਰ ਬੰਟੀ (ਹੈਡ ਕੈਸ਼ੀਅਰ), ਬਲਵਿੰਦਰ ਸਿੰਘ ਮੁੰਦਰੀ (ਡਿਊਟੀ ਇੰਚਾਰਜ), ਅੰਕੁਸ਼ ਸਿੰਗਲਾ (ਫੰਕਸ਼ਨ ਇੰਚਾਰਜ), ਮਲਕੀਤ ਸਿੰਘ ਸੈਣੀ (ਸੀਨੀਅਰ ਮੈਂਬਰ), ਕਮਲ ਸਚਦੇਵਾ (ਪ੍ਰਮੁੱਖ ਸਲਾਹਕਾਰ), ਮੈਂਬਰਾਨ ਨਿਤੇਸ਼ ਜੈਨ, ਹਰਪ੍ਰੀਤ ਸਿੰਘ, ਸੁਨੀਲ ਕੁਮਾਰ, ਲਵਪ੍ਰੀਤ ਸੰਧੂ ਆਦਿ ਨੇ ਹਜ਼ਾਰ ਹੋ ਕੇ ਲੰਗਰ ਦੀ ਸੇਵਾ ਨਿਭਾਈ ਅਤੇ ਸ਼ਿਵ ਸ਼ੰਕਰ ਜੀ ਸਣੇ ਆਈਆਂ ਸੰਗਤਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਤੀਸਰੀ ਉੱਤਰ ਜੋਨ ਵੋਮੈਨ ਮਾਸਟਰਜ਼ ਹਾਕੀ ਚੈਂਪੀਅਨਸ਼ਿਪ ਜਰਖੜ ਸਟੇਡੀਅਮ ਵਿਖੇ 22 ਮਾਰਚ ਤੋਂ

## ਜਰਖੜ ਸਟੇਡੀਅਮ ਵਿੱਚ ਫਿਰ ਲੱਗੇਗਾ ਹਾਕੀ ਦਾ ਮਜ਼ਬਾ: ਜਗਰੂਪ ਸਿੰਘ ਜਰਖੜ ਖੇਡ



ਸੰਗਰੂਰ/ਲੁਧਿਆਣਾ (ਸੁਨੀਲ ਕੁਮਾਰ ਗੁੰਦ): ਹਾਲ ਹੀ ਵਿਚ ਭਾਰਤੀ ਕ੍ਰਿਕੇਟ ਟੀਮ ਵੱਲੋਂ ਪਾਕਿਸਤਾਨ ਦੀ ਟੀਮ ਨੂੰ 6 ਵਿਕਟਾਂ ਤੇ ਹਰਾ ਕੇ ਮੁਲਕ ਵਿਚ ਖੇਡਾਂ ਅਤੇ ਖਿਡਾਰੀਆਂ ਸਬੰਧੀ ਉਤਸ਼ਾਹ ਚਰਮ ਸੀਮਾ ਤੇ ਪੁੱਜਿਆ ਹੋਇਆ ਹੈ। ਇਸ ਜੋਸ਼ ਭਰੇ ਮਾਹੌਲ ਵਿਚ ਇਕ ਹੋਰ ਯੋਗਦਾਨ ਪੈਣ ਜਾ ਰਿਹਾ ਹੈ। ਪੰਜਾਬ ਮਾਸਟਰਜ਼ ਵੋਮੈਨ ਹਾਕੀ ਵੱਲੋਂ ਜਰਖੜ ਹਾਕੀ ਅਕੈਡਮੀ ਦੇ ਸਹਿਯੋਗ ਨਾਲ ਤੀਸਰੀ ਉੱਤਰ ਜੋਨ ਵੋਮੈਨ ਮਾਸਟਰਜ਼ ਹਾਕੀ ਚੈਂਪੀਅਨਸ਼ਿਪ 22 ਅਤੇ 23 ਮਾਰਚ ਨੂੰ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਦੇ ਅਤਿ ਆਧੁਨਿਕ ਐਸਟਰੋਟਰਫ ਹਾਕੀ ਮੈਦਾਨ ਉੱਪਰ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਜਗਰੂਪ ਸਿੰਘ ਜਰਖੜ ਹੋਰਾਂ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਪੰਜਾਬ ਅਤੇ ਹਿਮਾਚਲ ਚੋਂ ਕੁਲ 6 ਟੀਮਾਂ ਹਿੱਸਾ ਲੈਣਗੀਆਂ। ਇਸ ਚੈਂਪੀਅਨਸ਼ਿ ਪ ਦੇ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਲੜਕੀਆਂ 35 ਸਾਲ ਤੋ ਉੱਪਰ ਉਮਰ ਦੀਆਂ ਹੋਣਗੀਆਂ। ਇਸ ਚੈਂਪੀਅਨਸ਼ਿਪ ਦਾ ਮੁੱਖ ਮਕਸਦ, ਪੁਰਾਣੀਆਂ ਹਾਕੀ ਖਿਡਾਰਨਾਂ ਨੂੰ ਹਾਕੀ ਨਾਲ ਜੁੜੇ ਰੱਖਣਾ ਅਤੇ ਨਵੇਂ ਬੱਚਿਆਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਾ ਹੈ। ਇਸ ਟੂਰਨਾਮੈਂਟ ਦੇ ਮੁੱਖ ਸਪੋਂਸਰ ਹਰਸਿਮਰਨ ਜੋਤ ਕੌਰ ਕਨੇਡਾ, ਬਲਵਿੰਦਰ ਕੌਰ ਕੰਗ ਯੂਐਸਏ, ਨਿਸ਼ਾ ਥਿੰਦ ਯੂਐਸਏ, ਡਾਕਟਰ ਕੀਰਤੀ ਰੰਧਾਵਾ ਕੈਨੇਡਾ ਹੋਣਗੇ।

24 ਫ਼ਰਵਰੀ ਨੂੰ ਜਰਖੜ ਖੇਡ ਸਟੇਡੀਅਮ ਵਿਖੇ ਇਸ ਚੈਂਪੀਅਨਸ਼ਿਪ ਸਬੰਧੀ ਜ਼ਰੂਰੀ ਮੀਟਿੰਗ ਵਿੱਚ ਮੁੱਖ ਪ੍ਰਬੰਧਕ ਅਰਵਿੰਦਰ ਕੌਰ ਰੋਜੀ, ਸ੍ਰੀਮਤੀ ਸੋਨੀਆ ਸੇਠੀ ਅਤੇ ਜਰਖੜ ਹਾਕੀ ਅਕੈਡਮੀ ਵੱਲੋਂ ਜਗਰੂਪ ਸਿੰਘ ਜਰਖੜ , ਗੁਰਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਪਵਨਪ੍ਰੀਤ ਸਿੰਘ ਡੰਗੋਰਾ, ਰਘਵੀਰ ਸਿੰਘ ਡੰਗੋਰਾ, ਕੁਲਦੀਪ ਸਿੰਘ ਘਵੱਦੀ ਆਦਿ ਹੋਰ ਪ੍ਰਬੰਧਕ ਹਾਜ਼ਰ ਸਨ। ਇਸ ਮੀਟਿੰਗ ਵਿੱਚ ਟੂਰਨਾਮੈਂਟ ਨੂੰ ਸਫਲਤਾਪੂਰਕ ? ਨੇਪਰੇ ਚਾੜਨ ਲਈ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਵੱਖ-ਵੱਖ ਪ੍ਰਬੰਧਕੀ ਕਮੇਟੀਆਂ ਦਾ ਗਠਨ ਕੀਤਾ ਗਿਆ। ਅਰਵਿੰਦਰ ਕੌਰ ਰੋਜੀ ਨੇ ਦੱਸਿਆ ਕਿ ਜੋ ਵੀ ਟੀਮਾਂ ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣਾ ਚਾਹੁੰਦੀਆਂ ਹਨ ਉਹ 10 ਮਾਰਚ ਤੋਂ ਪਹਿਲਾਂ ਆਪਣੀ ਟੀਮ ਦਾ ਵੇਰਵਾ ਐਂਟਰ ਕਰਵਾਉਣ। ਉਹਨਾਂ ਅੱਗੇ ਦੱਸਿਆ ਕਿ ਇਹ ਟੂਰਨਾਮੈਂਟ ਪੰਜਾਬ ਹਾਕੀ ਦੇ ਵਿਧੀ ਵਿਧਾਨ ਮੁਤਾਬਿਕ ਕਰਵਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ 2 ਟੂਰਨਾਮੈਂਟਾਂ ਦਾ ਜਲੰਧਰ ਵਿਖੇ ਸਫਲਤਾ ਪੂਰਵਕ ਆਯੋਜਨ ਹੋਇਆ ਹੈ। ਹੁਣ ਤੀਸਰਾ ਟੂਰਨਾਮੈਂਟ ਜਰਖੜ ਖੇਡ ਸਟੇਡੀਅਮ ਵਿਖੇ 22 ਅਤੇ 23 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਦੌਰਾਨ ਸਾਰੀਆਂ ਟੀਮਾਂ ਨੂੰ ਖਾਣ ਪੀਣ ਅਤੇ ਰਹਿਣ ਸਹਿਣ ਦੀਆਂ ਵਧੀਆ ਸਹੂਲਤਾਂ ਜਰਖੜ ਸਟੇਡੀਅਮ ਵਿਖੇ ਹੀ ਮੁਹਈਆ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਇਸ ਉੱਤਰ ਜੋਨ ਹਾਕੀ ਚੈਂਪੀਅਨਸ਼ਿਪ ਦਾ ਉਦਘਾਟਨ 1982 @ਚ ਏਸ਼ੀਅਨ ਖੇਡਾਂ ਦੇ ਜੇਤੂ ਖਿਡਾਰਨ ਸ੍ਰੀਮਤੀ ਸ਼ਰਨਜੀਤ ਕੌਰ ਕਰਨਗੇ।

# ਤੇਜ਼ ਬੁਖਾਰ ਹੋਣ ਕਾਰਨ ਡੱਲੇਵਾਲ ਦੀ ਸਿਹਤ ਵਿਗੜੀ

ਸੰਗਰੂਰ- ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਬਾਰਡਰ ’ਤੇ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਤੇਜ਼ ਬੁਖਾਰ ਹੋਣ ਕਾਰਨ ਵਿਗੜ ਗਈ ਹੈ। ਬੁੱਧਵਾਰ ਨੂੰ ਡੱਲੇਵਾਲ ਨੂੰ 103 ਬੁਖਾਰ ਹੋ ਗਿਆ ਹੈ, ਉਨ੍ਹਾਂ ਦੇ ਮੱਥੇ ’ਤੇ ਪਾਣੀ ਦੀ ਪੱਟੀਆਂ ਰੱਖ ਕੇ ਬੁਖਾਰ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਮੰਗਲਵਾਰ ਤੋਂ ਅਚਾਨਕ ਡੱਲੇਵਾਲ ਦੀ ਸਿਹਤ ਗੰਭੀਰ ਚੱਲ ਰਹੀ ਹੈ। ਉਨ੍ਹਾਂ ਦਾ ਬੀਪੀ ਖਤਰਨਾਕ ਪੱਧਰ ’ਤੇ ਵਧ ਗਿਆ ਸੀ, ਜਿਸ ਕਾਰਨ ਡਾਕਟਰਾਂ ਨੇ ਚਿੰਤਾ ਜਤਾਈ। ਜ਼ਿਕਰਯੋਗ ਹੈ ਕਿ ਕਿਸਾਨ ਮੋਰਚੇ ’ਤੇ ਮੌਜੂਦ ਡਾਕਟਰਾਂ ਦੀ ਟੀਮ ਲਗਾਤਾਰ ਡੱਲੇਵਾਲ ਦੀ ਸਿਹਤ ’ਤੇ ਨਿਗਰਾਨੀ ਰੱਖ ਰਹੀ ਹੈ। ਡਾਕਟਰਾਂ ਦੇ ਅਨੁਸਾਰ ਲੰਬੇ ਸਮੇਂ ਤੋਂ ਜਾਰੀ ਭੁੱਖ ਹੜਤਾਲ ਕਾਰਨ ਉਨ੍ਹਾਂ ਦੀ ਸਿਹਤ ਵਿਚ ਨਿਘਾਰ ਆਇਆ ਹੈ ਅਤੇ ਬਲੱਡ ਪ੍ਰੈਸ਼ਰ ਦਾ ਵਧਣਾ ਉਨ੍ਹਾਂ ਦੀ ਸਿਹਤ ਲਈ ਗੰਭੀਰ ਖਤਰਾ ਬਣ ਸਕਦਾ ਹੈ। ਗ਼ੌਰਤਲਬ ਹੈ ਕਿ ਡੱਲੇਵਾਲ ਕੇਂਦਰ ਸਰਕਾਰ ਨਾਲ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਦੋ ਵਾਰ ਐਂਬੂਲੈਂਸ ਰਾਹੀਂ ਚੰਡੀਗੜ੍ਹ ਗਏ ਹਨ। ਪਹਿਲਾਂ 14 ਫਰਵਰੀ ਨੂੰ ਹੋਈ ਬੈਠਕ ਦੇ ਬਾਅਦ ਵੀ ਡੱਲੇਵਾਲ ਦੀ ਸਿਹਤ ਬਿਗੜ ਗਈ ਸੀ। ਡਾਕਟਰ ਕਿਸਾਨ ਆਗੂ ਦੀ ਸਿਹਤ ਦੀ ਲਗਾਤਾਰ ਨਿਗਰਾਨੀ ਰੱਖ ਰਹੇ ਹਨ।



# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025




# ਦੂਜੀ ਵਿਸ਼ਵ ਜੰਗ ਮਗਰੋਂ ਜਰਮਨੀ ਵਿੱਚ ਪਹਿਲੀ ਵਾਰ ਸੱਜੇ ਪੱਖੀ ਪਾਰਟੀਆਂ ਨੇ ਵੱਡੀ ਸ.ਫਲਤਾ ਹਾਸਲ ਕੀਤੀ



ਜਰਮਨੀ ਚੋਣਾਂ ਵਿੱਚ ਵਿਰੋਧੀ ਧਿਰ ਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਫਰੈਡਰਿਕ ਮਰਜ਼ ਨੇ ਜਿੱਤ ਦਰਜ ਕਰਵਾਈ ਹੈ।ਸੱਜੇ-ਪੱਖੀ ਪਾਰਟੀ ਅਲਟਰਨੇਟਿਵ .ਫਾਰ ਜਰਮਨੀ (ਏਐੱਫਡੀ) ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦਾ ਸਭ ਤੋਂ ਚੰਗਾ ਪ੍ਰਦਰਸ਼ਨ ਕੀਤਾ ਹੈ।ਜਰਮਨੀ ਦੇ ਚਾਂਸਲਰ ਓਲਫ ਸ਼ੁਲਜ਼ ਦੀ ਖੱਬੇਪੱਖੀ ਸੋਸ਼ਲ ਡੈਮੋਕਰੈਟਸ ਪਾਰਟੀ ਨੂੰ ਸੰਸਦੀ ਚੋਣਾਂ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਨ੍ਹਾਂ ਦੀ ਪਾਰਟੀ ਤੀਜੇ ਸਥਾਨ ਤੇ ਰਹੀ ਹੈ।ਸੀਡੀਯੂ ਆਗੂ ਫ੍ਰੈਡਰਿਕ ਮਰਜ਼ ਨੇ ਜਿੱਤ ਤੋਂ ਬਾਅਦ ਕਿਹਾ,ਹੁਣ ਅਸੀਂ ਅਡੇਨੌਰ ਹਾਊਸ ਚ ਜਸ਼ਨ ਮਨਾਵਾਂਗੇ। ਅੱਜ ਰਾਤ ਅਸੀਂ ਜਸ਼ਨ ਮਨਾਵਾਂਗੇ, ਕੱਲ ਸਵੇਰੇ ਅਸੀਂ ਕੰਮ ਕਰਨਾ ਸ਼ੁਰੂ ਕਰਾਂਗੇ।ਮਰਜ਼ ਜਰਮਨੀ ਦੇ ਅਗਲੇ ਚਾਂਸਲਰ ਬਣਨ ਲਈ ਤਿਆਰ ਹਨ। ਸੀਡੀਯੂ ਦਾ 28.6 .ਫੀਸਦ ਵੋਟਾਂ ਦੇ ਨਾਲ ਸੰਸਦ ਵਿੱਚ ਸਭ ਤੋਂ ਵੱਡੀ ਪਾਰਟੀ ਬਣਨਾ ਤੈਅ ਹੈ।ਪਰ ਸੱਜੇ ਪੱਖੀ ਪਾਰਟੀ ਅਲਟਰਨੇਟਿਵ .ਫਾਰ ਜਰਮਨੀ (ਏਐੱ.ਫਡੀ) ਵੀ ਇੱਕ ਵੱਡੀ ਕਾਮਯਾਬੀ ਨਾਲ ਸਾਹਮਣੇ ਆਈ ਸੀ।ਏਐੱ.ਫਡੀ ਨੂੰ 20.8 .ਫੀਸਦ ਵੋਟਾਂ ਮਿਲੀਆਂ ਹਨ ਅਤੇ ਇਹ ਦੂਜੇ ਨੰਬਰ ਉੱਤੇ ਰਹੀ ਹੈ।ਏਐੱ.ਫਡੀ ਆਗੂ ਅਲਾਈਸ ਵੇਡੇਲ ਨੇ ਕਿਹਾ,ਅਸੀਂ ਇਤਿਹਾਸਕ ਨਤੀਜਾ ਹਾਸਲ ਕੀਤਾ ਹੈ। ਅਸੀਂ ਸੰਘੀ ਸਰਕਾਰ ਵਿੱਚ ਕਦੇ ਵੀ ਮਜ਼ਬੂਤ ਨਹੀਂ ਰਹੇ। ਏਐੱ.ਫਡੀ 20.8 .ਫੀਸਦ ਵੋਟਾਂ ਖਿੱਚੀਆਂ ਅਤੇ ਦੂਜੇ ਨੰਬਰ ਤੇ ਆਇਆ।ਹੁਣ ਸੰਸਦ ਵਿੱਚ ਉਨ੍ਹਾਂ ਦੀ ਗਿਣਤੀ ਪਹਿਲਾਂ ਦੇ ਮੁਕਾਲਬੇ ਦੁੱਗਣੀ ਹੋਵੇਗੀ।ਦੂਜੀ ਵਿਸ਼ਵ ਜੰਗ ਤੋਂ ਬਾਅਦ ਜਰਮਨੀ ਵਿੱਚ ਕਿਸੇ ਸੱਜੇ-ਪੱਖੀ ਪਾਰਟੀ ਹਿੱਸੇ ਆਈ ਹੁਣ ਤੱਕ ਦੀ ਸਭ ਤੋਂ ਵੱਡੀ ਕਾਮਯਾਬੀ ਹੈ।

**ਆਰਥਿਕਤਾ ਤੇ ਇਮੀਗ੍ਰੇਸ਼ਨ ਵਰਗੇ ਮੁੱਦੇ ਰਹੇ ਹਾਵੀ**

ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਡਾ ਮੁੱਦਾ ਆਰਥਿਕਤਾ ਅਤੇ ਇਮੀਗ੍ਰੇਸ਼ਨ ਸਨ।ਯੂਰਪ ਦੀ ਸਭ ਤੋਂ ਵੱਡੀ ਅਰਥਵਿਵਸਥਾ ਦੋ ਸਾਲਾਂ ਤੋਂ ਗਿਰਾਵਟ ਵਿੱਚ ਹੈ ਇਸ ਲਈ ਜਰਮਨ ਉਦਯੋਗ ਨੂੰ ਮੁੜ ਸੁਰਜੀਤ ਕਰਨਾ ਪਾਰਟੀਆਂ ਦੇ ਏਜੰਡੇ ਤੇ ਸਭ ਤੋਂ ਸਿਖ਼ਰ ਤੇ ਰਿਹਾ ਹੈ।ਚੋਣਾਂ ਤੋਂ ਪਹਿਲਾਂ ਹੋਏ ਘਾਤਕ ਹਮਲਿਆਂ ਦੀ ਇੱਕ ਲੜੀ ਨੇ ਇਮੀਗ੍ਰੇਸ਼ਨ ਤੇ ਧਿਆਨ ਕੇਂਦਰਿਤ ਕੀਤਾ।ਏਐੱ.ਫਡੀ ਨੂੰ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਚੁੱਕਣ ਬਦਲੇ ਨਾਟਕੀ ਢੰਗ ਨਾਲ ਸਮਰਥਨ ਮਿਲਿਆ।ਅਲਾਈਸ ਕਹਿੰਦੇ ਹਨ ਕਿ ਸਰਕਾਰਾਂ ਦੀਆਂ ਗ਼ਲਤੀਆਂ ਕਾਰਨ ਜਿਸ ਤਬਕੇ ਨੂੰ ਤਕਲੀ.ਫ ਝੱਲਣੀ ਪੈਂਦੀ ਹੈ ਸਿਆਸਤਦਾਨ ਉਸ ਖੇਮੇ ਵਿੱਚ ਨਹੀਂ ਹਨ।ਏਐੱ.ਫਡੀ ਦੀ ਸਥਾਪਨਾ 2013 ਵਿੱਚ ਕੀਤੀ ਗਈ ਸੀ। ਪਹਿਲੀ ਵਾਰ ਸੰਸਦ ਤੱਕ ਪਹੁੰਚ 2017 ਵਿੱਚ ਹੋਈ ਸੀ ਜਦੋਂ ਇਸ ਦੇ ਹਿੱਸੇ ਕੁਝ ਸੀਟਾਂ ਆਈਆਂ ਸਨ।ਪਾਰਟੀ ਦਾ ਪਰਵਾਸੀਆਂ ਖ਼ਾਸ ਕਰਕੇ ਮੁਸਲਮਾਨਾਂ ਪ੍ਰਤੀ ਸਖ਼ਤ ਰੁਖ ਰਿਹਾ ਹੈ।

ਇਸ ਦੀ ਆਗੂ ਐਲਿਸ ਵੇਡੇਲ ਨੇ ਹਾਲ ਹੀ ਵਿੱਚ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਸੁਝਾਉਂਦੀ ਆਪਣਾ ਮਤਾ ਪ੍ਰਸਤਾਵਿਤ ਕੀਤਾ ਹੈ। ਉਨ੍ਹਾਂ ਇਸ ਨੂੰ ਰਿਮਾਈਗ੍ਰੇਸ਼ਨ ਦਾ ਨਾਮ ਦਿੱਤਾ ਹੈ।ਰਿਮਾਈਗ੍ਰੇਸ਼ਨ ਸੱਜੇ ਪੱਖੀ ਵਰਤਾਰੇ ਨੂੰ ਦਰਸਾਉਂਦਾ ਸ਼ਬਦ ਹੈ। ਜਿਸਦਾ ਅਸਲ ਵਿੱਚ ਮਤਲਬ ਹੈ ਕਿ ਕਿਸੇ ਵੀ ਪਰਵਾਸੀ ਵਿਅਕਤੀ ਨੂੰ ਫ਼ਿਰ ਚਾਹੇ ਉਸ ਕੋਲ ਇੱਕ ਜਰਮਨ ਪਾਸਪੋਰਟ ਹੋਵੇ ਜਾਂ ਨਹੀਂ ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਚਾਹੀਦਾ ਹੈ।

**ਪਾਰਟੀ ਹਿੱਸੇ ਆਈ ਸ.ਫਲਤਾ**

ਹਾਲ ਹੀ ਵਿੱਚ ਪਾਰਟੀ ਨੇ ਕਈ ਅਹਿਮ ਸ.ਫਲਤਾਵਾਂ ਹਾਸਲ ਕੀਤੀਆਂ ਹਨ।ਹੁਣ ਪਾਰਟੀ ਯੂਰਪੀਅਨ ਚੋਣਾਂ ਵਿੱਚ ਦੂਜੇ ਨੰਬਰ ਤੇ ਰਹੀ ਅਤੇ ਖੇਤਰੀ ਇਲਾਕਿਆਂ ਵਿੱਚ 33 .ਫੀਸਦ ਵੋਟਾਂ ਆਪਣੇ ਹੱਕ ਵਿੱਚ ਕਰਨ ਦੇ ਕਾਮਯਾਬ ਰਹੀ।ਇਹ ਯੂਰਪੀਅਨ ਯੂਨੀਅਨ ਨੂੰ ਇੱਕ ਸੁਖਾਲੇ ਵਪਾਰਕ ਬਲਾਕ ਨਾਲ ਬਦਲਣਾ ਚਾਹੁੰਦਾ ਹੈ ਅਤੇ ਯੂਰੋ ਮੁਦਰਾ ਨੂੰ ਵੀ ਛੱਡਣ ਦੇ ਹੱਕ ਵਿੱਚ ਹੈ।ਇਸ ਤੋਂ ਇਲਾਵਾ ਪਾਰਟੀ ਦਾ ਕਹਿਣਾ ਹੈ ਯੂਕਰੇਨ ਨੂੰ ਹਥਿਆਰਬੰਦ ਕਰਨਾ ਬੰਦ ਕੀਤਾ ਜਾਵੇ, ਰੂਸ ਤੇ ਪਾਬੰਦੀਆਂ ਹਟਾਈਆ ਜਾਣ, ਇੰਨਾ ਹੀ ਨਹੀਂ ਪਾਰਟੀ ਐੱਲਜੀਬੀਟੀ ਅਧਿਕਾਰਾਂ ਨੂੰ ਰੱਦ ਕਰਨ ਦੀ ਹਾਮੀ ਭਰਦੀ ਹੈ।ਪਰ ਏਐੱ.ਫਡੀ ਆਗੂ ਅਲਾਈਸ ਵੇਡੇਲ ਖ਼ੁਦ ਸਮਲਿੰਗੀ ਹੈ ਅਤੇ ਉਨ੍ਹਾਂ ਦੀ ਇੱਕ ਸ਼੍ਰੀਲੰਕਾਈ ਸਾਥੀ ਸਾਰਾਹ ਬੋਸਾਰਡ ਹੈ।ਉਹ ਪੱਛਮੀ ਜਰਮਨੀ ਦੀ ਇੱਕ ਪਾਰਟੀ ਦੀ ਅਗਵਾਈ ਕਰ ਰਹੀ ਹੈ ਜੋ ਅੱਜ ਦੇ ਸਮੇਂ ਵਿੱਚ ਸਾਬਕਾ ਕਮਿਊਨਿਸਟ ਪੂਰਬ ਵਿੱਚ ਸਭ ਤੋਂ ਮਜ਼ਬੂਤ ਹੈ।ਉਨ੍ਹਾਂ ਨੂੰ ਟੇਸਲਾ ਦੇ ਸੀਈਓ ਇਲੋਨ ਮਸਕ ਵਰਗੀਆਂ ਹਸਤੀਆਂ ਦਾ ਸਮਰਥਨ ਪ੍ਰਾਪਤ ਹੈ।ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਅਲਾਈਸ ਦੀ ਅਸਾਧਾਰਨ ਸ਼ਖ਼ਸੀਅਤ ਹੀ ਉਨ੍ਹਾਂ ਨੂੰ ਪਾਰਟੀ ਲਈ ਅਹਿਮ ਬਣਾਉਂਦੀ ਹੈ।ਜਰਮਨਾਂ ਦੀ ਵੱਡੀ ਬਹੁਗਿਣਤੀ ਅਜੇ ਵੀ ਏਐੱ.ਫਡੀ ਦੇ ਹੱਕ ਵਿੱਚ ਨਹੀਂ ਹੈ।ਫ਼ਿਰ ਵੀ, ਪਾਰਟੀ ਲਗਾਤਾਰ ਆਪਣੀ ਪਕੜ ਮਜ਼ਬੂਤ ਬਣਾ ਰਹੀ ਹੈ ਅਤੇ ਸੋਸ਼ਲ ਮੀਡੀਆ ਤੇ ਵੀ ਹਮਾਇਤ ਹਾਸਲ ਕਰ ਰਹੀ ਹੈ।

**ਨਵੀਂ ਪੀੜੀ ਦੀ ਹਮਾਇਤ**

ਸੇਲੀਨਾ ਰਵਾਇਤੀ ਕਦਰਾਂ-ਕੀਮਤਾਂ ਦੀ ਵਕਾਲਤ ਕਰਦੇ ਹਨ ਅਤੇ ਇਸ ਵਿਸ਼ੇ ਉੱਤੇ ਵੀਡੀਓਜ਼ ਬਣਾਉਂਦੇ ਹਨ। ਉਹ ਵੀ ਏਐੱ.ਫਡੀ ਦੀ ਸ਼ਲਾਘਾ ਕਰਦੇ ਹਨ।ਸੇਲੀਨਾ ਕਹਿੰਦੇ ਹਨ,ਮੈਨੂੰ ਨਹੀਂ ਲੱਗਦਾ ਕਿ ਏਐੱ.ਫਡੀ ਖ਼ਤਰਨਾਕ ਹਨ। ਮੈਨੂੰ ਲੱਗਦਾ ਹੈ ਕਿ ਬਹੁਤ ਸਾਰੇ ਲੋਕ ਬਦਲਾਅ ਤੋਂ ਡਰਦੇ ਹਨ।ਇਕੋ ਚੀਜ਼ ਜੋ ਉਨ੍ਹਾਂ ਨੂੰ ਖ਼ਤਰਨਾਕ ਬਣਾ ਸਕਦੀ ਹੈ ਉਹ ਇਹ ਹੈ ਕਿ ਉਹ ਬਹੁਤ ਸਾਰੀਆਂ ਚੀਜ਼ਾਂ ਨੂੰ ਬੁਨਿਆਦੀ ਤੌਰ ਤੇ ਲਾਗੂ ਕਰ ਸਕਦੇ ਹਨ ਪਰ ਮੈਨੂੰ ਲੱਗਦਾ ਹੈ ਕਿ ਜਰਮਨੀ ਨੂੰ ਬਿਲਕੁਲ ਇਸ ਦੀ ਹੀ ਲੋੜ ਹੈ।ਜਰਮਨ ਸ਼ਬਦ ਬਰੈਂਡਮਾਯੂਰ ਦਾ ਅਰਥ ਹੈ ਫਾਇਰਵਾਲ।ਇਹ ਮੁੱਖ ਧਾਰਾ ਦੇ ਸਿਆਸਤਦਾਨਾਂ ਵੱਲੋਂ ਏਐੱ.ਫਡੀ ਵਰਗੀਆਂ ਕੱਟੜਪੰਥੀ ਪਾਰਟੀਆਂ ਨੂੰ ਅਲੱਗ-ਥਲੱਗ ਕਰਨ ਲਈ ਸਹਿਮਤੀ ਜਤਾਉਂਦਾ ਇੱਕ ਸਮਝੌਤਾ ਹੈ।ਪਰ ਪਰਵਾਸ ਵਿਰੋਧੀ ਭਾਵਨਾ ਦੇ ਵਧਣ ਨਾਲ ਇਸ ਸਮਝੌਤੇ ਦੇ ਹੱਕ ਵਿੱਚ ਬਹੁਤ ਜ਼ਿਆਦਾ ਲੋਕ ਨਹੀਂ ਰਹੇ ਹਨ।ਜਨਵਰੀ ਵਿੱਚ, .ਫਰਿਡਰਿਕ ਮਰਜ਼ ਨੇ ਏਐੱ.ਫਡੀ ਦੇ ਸਮਰਥਨ ਨਾਲ ਇੱਕ ਮਾਈਗ੍ਰੇਸ਼ਨ ਬਿੱਲ ਵੀ ਪੇਸ਼ ਕੀਤਾ ਸੀ।ਆਖਰਕਾਰ, ਪ੍ਰੋਜੈਕਟ ਨੂੰ ਰੱਦ ਕਰ ਦਿੱਤਾ ਗਿਆ ਸੀ। ਪਰ ਇਸਨੇ ਜਰਮਨ ਸਿਆਸਤ ਵਿੱਚ ਤਿੱਖੀ ਪ੍ਰਤੀਕਿਰਿਆ ਨੂੰ ਜਨਮ ਦਿੱਤਾ।ਉਦੋਂ ਤੋਂ, ਮਰਜ਼ ਨੇ ਦੁਹਰਾਇਆ ਹੈ ਕਿ ਉਹ ਏਐਫਡੀ ਨਾਲ ਗੱਠਜੋੜ ਕਰਨ ਦਾ ਇਰਾਦਾ ਨਹੀਂ ਰੱਖਦਾ ਹੈ।ਮਰਜ਼ ਕਹਿੰਦੇ ਹਨ, ÷ਸਾਡੇ ਅਤੇ ਏਐੱ.ਫਡੀ ਵਿੱਚ ਸਹਿਯੋਗ ਦਾ ਸਵਾਲ ਹੀ ਖੜਾ ਨਹੀਂ ਹੁੰਦਾ ਹੈ।ਅਸੀਂ ਏਐੱ.ਫਡੀ ਨਾਲ ਕੰਮ ਨਹੀਂ ਕਰਾਂਗੇ।

# .ਖ਼ਤਰੇ ਵਿਚ ਹੈ ਐਲਨ ਮਸਕ ਦੀ ਕੈਨੇਡੀਅਨ ਨਾਗਰਿਕਤਾ

ਵਿਨੀਪੈੱਗ- ਅਮਰੀਕਾ ਤੇ ਕੈਨੇਡਾ ਦੇ ਸਬੰਧ ਵਿਗੜਦੇ ਜਾ ਰਹੇ ਹਨ। ਟਰੰਪ ਦੇ ਮੁੜ ਰਾਸ਼ਟਰਪਤੀ ਬਣਨ ਤੋਂ ਬਾਅਦ, ਉਨ੍ਹਾਂ ਦੇ ਸਹਿਯੋਗੀ ਅਤੇ ਉਦਯੋਗਪਤੀ Elon Musk ਉਨ੍ਹਾਂ ਦੇ ਹਰ .ਫੈਸਲੇ ਦਾ ਸਮਰਥਨ ਕਰ ਰਹੇ ਹਨ, ਜਿਸ ਵਿੱਚ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਐਲਾਨਣਾ ਵੀ ਸ਼ਾਮਲ ਹੈ।ਇਸ ਦੌਰਾਨ ਕੈਨੇਡਾ ਵਿੱਚ ਐਲਨ ਮਸਕ ਖਿਲਾ.ਫ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਦਰਅਸਲ, ਐੱਨਡੀਪੀ ਸੰਸਦ ਮੈਂਬਰ ਚਾਰਲੀ ਐਂਗਸ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਐਲਨ ਮਸਕ ਦੀ ਦੋਹਰੀ ਨਾਗਰਿਕਤਾ ਅਤੇ ਕੈਨੇਡੀਅਨ ਪਾਸਪੋਰਟ ਰੱਦ ਕਰਨ। ਇੰਨਾ ਹੀ ਨਹੀਂ, ਅਰਬਪਤੀ ਕਾਰੋਬਾਰੀ ਦੇ ਮੋਹਰੀ ਨਿੰਦਕਾਂ ਨੇ ਅਜਿਹਾ ਕਰਨ ਲਈ ਇੱਕ ਈ-ਪਟੀਸ਼ਨ ਸ਼ੁਰੂ ਕੀਤੀ ਹੈ, ਜੋ ਕਿ ਤੁਰੰਤ ਪ੍ਰਭਾਵਸ਼ਾਲੀ ਹੈ।ਪਾਰਲੀਮੈਂਟ ਦੀ ਇਸ ਈ-ਪਟੀਸ਼ਨ ਵਿਚ ਮਸਕ ’ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਉਹ ਟਰੰਪ ਪ੍ਰਸ਼ਾਸਨ ਵਿਚ ਕੈਨੇਡਾ ਦੀਆਂ ਚੋਣਾਂ ਪ੍ਰਭਾਵਿਤ ਕਰਨ ਲਈ ਆਪਣੇ ਪੈਸੇ ਅਤੇ ਤਾਕਤ ਦੀ ਵਰਤੋਂ ਕਰ ਰਿਹਾ ਹੈ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਮਸਕ ਅਜਿਹੀਆਂ ਸਰਗਰਮੀਆਂ ਵਿਚ ਸ਼ਾਮਲ ਹੈ ਜੋ ਕੈਨੇਡਾ ਦੇ ਰਾਸ਼ਟਰੀ ਹਿੱਤਾਂ ਦੇ ਖ਼ਿਲਾ.ਫ ਹਨ। ਔਨਲਾਈਨ ਪਟੀਸ਼ਨ ਕਹਿੰਦੀ ਹੈ, ਉਹ ਹੁਣ ਇੱਕ ਵਿਦੇਸ਼ੀ ਸਰਕਾਰ ਦਾ ਮੈਂਬਰ ਹੈ ਜਿਹੜੀ ਕੈਨੇਡੀਅਨ ਖ਼ੁਦਮੁਖ਼ਤਿਆਰੀ ਨੂੰ ਮਿਟਾਉਣ ਦੀ ਕੋਸ਼ਿਸ਼ਾਂ ਕਰ ਰਹੀ ਹੈ।ਦੱਸ ਦੇਈਏ ਕਿ ਪਿਛਲੇ ਮਹੀਨੇ ਮਸਕ ਨੇ ਸੋਸ਼ਲ ਮੀਡੀਆ ਪਲੇਟ.ਫਾਰਮ ਐਕਸ ’ਤੇ ਕੈਨੇਡੀਅਨ ਸਿਆਸਤ ਬਾਰੇ ਟਿੱਪਣੀ ਕੀਤੀ ਸੀ। ਐੱਨਡੀਪੀ ਨੇਤਾ ਨੇ ਕਿਹਾ ਕਿ ਮਸਕ ਨੇ ਕੰਜ਼ਰਵੇਟਿਵ ਨੇਤਾ ਪੀਅਰੇ ਪੋਲੀਵਰ ਦਾ ਜ਼ੋਰਦਾਰ ਸਮਰਥਨ ਕੀਤਾ ਸੀ ਅਤੇ ਟਰੂਡੋ ਨੂੰ ਇੱਕ ਬੁਰਾ ਨੇਤਾ ਦੱਸਿਆ ਸੀ। ਇਹ ਪਟੀਸ਼ਨ ਹਾਊਸ ਆ.ਫ ਕਾਮਨਜ਼ ਵਿੱਚ ਨਵਾਂ ਸੈਸ਼ਨ ਸ਼ੁਰੂ ਹੋਣ ’ਤੇ ਪੇਸ਼ ਕੀਤੀ ਜਾਵੇਗੀ। ਇਸ 5-5353 ਨਾਮੀ ਪਟੀਸ਼ਨ ’ਤੇ 20 ਫਰਵਰੀ ਨੂੰ ਦਸਤਖ਼ਤਾਂ ਲਈ ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਸ ਖ਼ਬਰ ਦੇ ਛਾਪੇ ਜਾਣ ਤੱਕ 249428 ਤੋਂ ਵੱਧ ਲੋਕ ਦਸਤਖ਼ਤ ਕਰ ਚੁੱਕੇ ਹਨ। ਪਟੀਸ਼ਨ ’ਤੇ 20 ਜੂਨ ਤੱਕ ਦਸਤਖ਼ਤ ਕੀਤੇ ਜਾ ਸਕਦੇ ਹਨ।ਜ਼ਿਕਰਯੋਗ ਹੇ ਕੇ ਪਾਰਲੀਮੈਂਟਰੀ ਈ-ਪਟੀਸ਼ਨਾਂ ਦੀ ਸ਼ੁਰੂਆਤ 2015 ਵਿੱਚ ਹੋਈ ਸੀ। ਹਾਲਾਂਕਿ ਕੁਝ ਪਟੀਸ਼ਨਾਂ ਨੂੰ ਵੱਡਾ ਸਮਰਥਨ ਮਿਲਦਾ ਹੈ, ਪਰ ਇਹ ਸਰਕਾਰ ਨੂੰ ਆਪਣੀ ਨੀਤੀਆਂ ਵਿੱਚ ਕੋਈ ਬਦਲਾਅ ਕਰਨ ਲਈ ਕਾਨੂੰਨੀ ਤੌਰ ’ਤੇ



ਪਾਬੰਦ ਨਹੀਂ ਕਰਦੀਆਂ। ਹਾਊਸ ਔ.ਫ ਕਾਮਨਜ਼ ਦੀ ਵੈੱਬਸਾਈਟ ਅਨੁਸਾਰ ਇਹ ਪਟੀਸ਼ਨਾਂ ਜਨਤਾ ਦੀ ਦਿਲਚਸਪੀ ਜਾਂ ਚਿੰਤਾ ਵੱਲ ਧਿਆਨ ਖਿੱਚਣ ਜਾਂ ਕਿਸੇ ਕਾਰਵਾਈ ਦੀ ਮੰਗ ਕਰਨ ਦਾ ਇੱਕ ਤਰੀਕਾ ਹੁੰਦੀਆਂ ਹਨ।ਐਲਨ ਮਸਕ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਮੁੱਖ ਸਲਾਹਕਾਰ ਹੈ, ਅਤੇ ਗਵਰਨਮੈਂਟ ਐ.ਫੀਸ਼ੈਂਸੀ ਵਿਭਾਗ ਦਾ ਮੁਖੀ ਹੈ, ਜੋ ਕਿ ਸਰਕਾਰ ਦੇ ਖ਼ਰਚਿਆਂ ਨੂੰ ਘਟਾਉਣ ਲਈ ਸਮਰਪਿਤ ਵਿਭਾਗ ਹੈ। ਮਸਕ ਦੱਖਣੀ ਅ.ਫਰੀਕਾ ਵਿਚ ਪੈਦਾ ਹੋਇਆ ਸੀ ਪਰ ਉਸ ਦੀ ਮਾਂ ਸਸਕੈਚਵਨ ਦੇ ਰਿਜਾਇਨਾ ਵਿਚ ਰਹਿੰਦੀ ਸੀ ਜਿਸ ਕਰਕੇ ਮਸਕ ਕੋਲ ਕੈਨੇਡੀਅਨ ਨਾਗਰਿਕਤਾ ਵੀ ਹੈ। ਹਾਊਸ ਦੀ ਕਾਰਵਾਈ 24 ਮਾਰਚ ਨੂੰ ਸ਼ੁਰੂ ਹੋਣੀ ਹੈ, ਪਰ ਉਮੀਦ ਕੀਤੀ ਜਾ ਰਹੀ ਹੈ ਕਿ ਐਮਪੀਜ਼ ਦੀ ਵਾਪਸੀ ਤੋਂ ਪਹਿਲਾਂ ਆਮ ਚੋਣਾਂ ਦਾ ਐਲਾਨ ਹੋ ਸਕਦਾ ਹੈ।

# ‘ਯੂਕਰੇਨ ਵਿੱਚ ਜੰਗ ਖਤਮ ਕਰਨਾ ਰੂਸ ਦੇ ਫਾਇਦੇ ਵਿੱਚ ਹੈ’: ਟਰੰਪ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਯੂਕਰੇਨ ਵਿਰੁੱਧ ਜੰਗ ਨੂੰ ਖਤਮ ਕਰਨ ਅਤੇ ਸਮਝੌਤਾ ਕਰਨਾ ਰੂਸ ਦੇ ਫਾਇਦੇ ਵਿਚ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਇਕ ਸਮਝੌਤਾ ਕਰਨਾ ਚਾਹੁੰਦੇ ਹਨ। ਉਨ੍ਹਾਂ ਸੰਯੁਕਤ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਫਰਾਂਸ ਦੇ ਇਮੈਨੁਅਲ ਮੈਕਰੋਨ ਨੇ ਜੰਗ ਨੂੰ ਖਤਮ ਕਰਨ ਲਈ ਕਿਸੇ ਵੀ ਗੱਲਬਾਤ ਸਮਝੌਤੇ ਵਿੱਚ ਸੁਰੱਖਿਆ ਗਾਰੰਟੀ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਦੋਵੇਂ ਆਗੂ 2022 ਵਿਚ ਸ਼ੁਰੂ ਹੋਈ ਯੂਕਰੇਨ ’ਤੇ ਰੂਸੀ ਹਮਲੇ ਦੀ ਤੀਜੀ ਵਰ੍ਹੇਗੰਢ ’ਤੇ ਵ੍ਹਾਈਟ ਹਾਊਸ ਵਿਚ ਮਿਲੇ ਸਨ।ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਆਪਣਾ ਦੂਜਾ ਕਾਰਜਕਾਲ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਨੇ ਪਹਿਲੀਆਂ .ਫੋਨ ਕਾਲਾਂ ਵਿੱਚੋਂ ਇੱਕ ਰਾਸ਼ਟਰਪਤੀ ਪੂਤਿਨ ਨੂੰ ਕੀਤੀ ਸੀ, ਜਿਸਦੇ ਵਜੋਂ ਉਹ ਵਿਸ਼ਵਾਸ ਕਰਦੇ ਹਨ ਕਿ ਇੱਕ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਦੁਹਰਾਇਆ ਕਿ ਸਮਝੌਤਾ ਕਰਨ ਅਤੇ (ਰਾਸ਼ਟਰਪਤੀ ਪੂਤਿਨ ਲਈ) ਰੂਸ ਦੀ ਅਗਵਾਈ ਕਰਨ ਲਈ ਇੱਕ ਬਹੁਤ ਹੀ ਸਕਾਰਾਤਮਕ ਤਰੀਕੇ ਨਾਲ ਅੱਗੇ ਵਧਣਾ ਰੂਸ ਦੇ ਫਾਇਦੇ ਵਿਚ ਹੈ। ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਉਹ ਯੂਕਰੇਨ ਨਾਲ ਇਕ ਸਮਝੌਤੇ ’ਤੇ ਦਸਤਖਤ ਕਰਨ ਦੀ ਉਮੀਦ ਕਰ ਰਹੇ ਹਨ ਜੋ ਅਰਬਾਂ ਡਾਲਰ ਦੀ ਸੁਰੱਖਿਆ ਸਹਾਇਤਾ ਦੇ ਬਦਲੇ ਅਮਰੀਕਾ ਨੂੰ ਧਰਤੀ ਦੇ ਖਣਿਜਾਂ ਦਾ ਅਧਿਕਾਰ ਦੇਵੇਗਾ।ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ, ਮੈਨੂੰ ਲੱਗਦਾ ਹੈ ਕਿ ਸ਼ਾਂਤੀ ਲਿਆਉਣ ਲਈ ਇਹ ਬਹੁਤ ਮਹੱਤਵਪੂਰਨ ਹੈ, ਪਰ ਮੇਰਾ ਮਜ਼ਬੂਤ ਨੁਕਤਾ ਇਹ ਕਹਿਣਾ ਸੀ ਕਿ ਆਓ ਪਹਿਲਾਂ ਕੁਝ ਹਾਸਲ ਕਰਨ ਦੀ ਕੋਸ਼ਿਸ਼ ਕਰੀਏ। ਜਿਸ ਬਾਰੇ ਮੁਲਾਂਕਣ, ਜਾਂਚ ਅਤੇ ਤਸਦੀਕ ਕੀਤੀ ਜਾ ਸਕੇ ਹੈ। ਉਨ੍ਹਾਂ ਅੱਗੇ ਕਿਹਾ, ਮੇਰੇ ਬਹੁਤ ਸਾਰੇ ਯੂਰਪੀਅਨ ਸਹਿਯੋਗੀ ਮਿਲਣ ਲਈ ਤਿਆਰ ਹਨ ਪਰ ਸਾਨੂੰ ਅਮਰੀਕੀ ਸਹਿਯੋਗ (ਬੈਕਅੱਪ) ਦੀ ਲੋੜ ਹੈ ਕਿਉਂਕਿ ਇਹ ਸੁਰੱਖਿਆ ਗਾਰੰਟੀ ਦੀ ਭਰੋਸੇਯੋਗਤਾ ਦਾ ਹਿੱਸਾ ਹੈ ਅਤੇ ਇਹ ਸਾਡੀ ਸਮੂਹਿਕ ਰੋਕਥਾਮ ਸਮਰੱਥਾ ਹੈ।”

# ਵੱਡੇ ਪੱਧਰ ’ਤੇ ਡੀਪੋਰਟੇਸ਼ਨ ਦੇ ਆਪਣੇ ਫੈਸਲੇ ’ਤੇ ਬੋਲੇ ਅਮਰੀਕੀ ਰਾਸ਼ਟਰਪਤੀ



ਵਾਸ਼ਿੰਗਟਨ, : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਵਿਦੇਸ਼ੀ ਨਾਗਰਿਕਾਂ ਨੂੰ ਵੱਡੇ ਪੱਧਰ ’ਤੇ ਦੇਸ਼ ਨਿਕਾਲਾ ਦੇਣ ਦੇ ਆਪਣੇ ਫੈਸਲੇ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਧੋਖੇਬਾਜ਼ਾਂ, ਠੱਗਾਂ ਅਤੇ ਡੀਪ ਸਟੇਟ ਨੌਕਰਸ਼ਾਹਾਂ (ਬਾਹਰੀ ਤਾਕਤਾਂ ਜੋ ਸਰਕਾਰੀ ਫੈਸਲਿਆਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ) ਨੂੰ ਘਰ ਭੇਜ ਰਿਹਾ ਹੈ। ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵੱਡੇ ਪੱਧਰ ’ਤੇ ਦੇਸ਼ ਨਿਕਾਲਾ ਦੇਣਾ ਆਪਣੀ ਮੁੱਖ ਨੀਤੀ ਬਣਾਇਆ ਹੈ। ਉਨ੍ਹਾਂ ਨੇ ਸ਼ਨੀਵਾਰ ਨੂੰ ਵਾਸ਼ਿੰਗਟਨ ਦੇ ਬਾਹਰ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ, ਧੋਖੇਬਾਜ਼, ਝੂਠੇ, ਬੇਈਮਾਨਾਂ, ਗਲੋਬਲਿਸਟ ਅਤੇ ਡੀਪ ਸਟੇਟ ਨੌਕਰਸ਼ਾਹਾਂ ਨੂੰ ਬਾਹਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ, ਗੈਰ-ਕਾਨੂੰਨੀ ਵਿਦੇਸ਼ੀ ਅਪਰਾਧੀਆਂ ਨੂੰ ਘਰ ਭੇਜਿਆ ਜਾ ਰਿਹਾ ਹੈ। ਅਸੀਂ ਭ੍ਰਿਸ਼ਟਾਚਾਰ ਨੂੰ ਖਤਮ ਕਰ ਰਹੇ ਹਾਂ ਅਤੇ ਲੋਕਾਂ ਦਾ ਰਾਜ ਬਹਾਲ ਕਰ ਰਹੇ ਹਾਂ। ਪਿਊ ਰਿਸਰਚ ਸੈਂਟਰ ਦੇ ਅਨੁਸਾਰ, 2022 ਤੱਕ, ਅਣਅਧਿਕਾਰਤ ਪ੍ਰਵਾਸੀ ਕੁੱਲ ਅਮਰੀਕੀ ਆਬਾਦੀ ਦਾ 3.3 ਫੀਸਦੀ ਅਤੇ ਵਿਦੇਸ਼ਾਂ ਵਿੱਚ ਜਨਮੀ ਆਬਾਦੀ ਦਾ 23 ਫੀਸਦੀ ਹੋਣਗੇ।

# ਇਜ਼ਰਾਈਲ ਤੇ ਹਮਾਸ ਕੈਦੀਆਂ ਦੀ ਅਦਲਾ ਬਦਲੀ ਲਈ ਰਾਜ਼ੀ

ਯਰੂਸ਼ਲਮ- ਇਜ਼ਰਾਈਲ ਤੇ ਹਮਾਸ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਦੱਸਿਆ ਕਿ ਸੈਂਕੜੇ ਫਲਸਤੀਨੀ ਕੈਦੀਆਂ ਦੀ ਰਿਹਾਈ ਬਦਲੇ ਮ੍ਰਿਤਕ ਬੰਧਕਾਂ ਦੀਆਂ ਲਾਸ਼ਾਂ ਦੇ ਆਦਾਨ ਪ੍ਰਦਾਨ ਬਾਰੇ ਉਨ੍ਹਾਂ ਦੀ ਸਹਿਮਤੀ ਬਣ ਗਈ ਹੈ। ਇਸ ਨਾਲ ਇਜ਼ਰਾਈਲ ਤੇ ਹਮਾਸ ਵਿਚਾਲੇ ਜੰਗਬੰਦੀ ਅਜੇ ਕੁਝ ਹੋਰ ਦਿਨਾਂ ਲਈ ਬਰਕਰਾਰ ਰਹਿਣ ਦੀ ਸੰਭਾਵਨਾ ਹੈ।ਇਜ਼ਰਾਈਲ ਸ਼ਨਿੱਚਰਵਾਰ ਤੋਂ 600 ਫਲਸਤੀਨੀ ਕੈਦੀਆਂ ਦੀ ਰਿਹਾਈ ਵਿਚ ਦੇਰੀ ਕਰ ਰਿਹਾ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਨੇ ਰਿਹਾਈ ਮੌਕੇ ਬੰਧਕਾਂ ਨਾਲ ਬਦਸਲੂਕੀ ਕੀਤੀ। ਉਧਰ ਦਹਿਸ਼ਤੀ ਸਮੂਹ ਹਮਾਸ ਨੇ ਕਿਹਾ ਕਿ ਕੈਦੀਆਂ ਦੀ ਰਿਹਾਈ ਵਿਚ ਦੇਰੀ ਉਨ੍ਹਾਂ ਵਿਚਾਲੇ ਜੰਗਬੰਦੀ ਸਮਝੌਤੇ ਦੀ ‘ਵੱਡੀ ਉਲੰਘਣਾ’ ਹੈ ਅਤੇ ਜਦੋਂ ਤੱਕ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਉਦੋਂ ਤੱਕ ਦੂਜੇ ਗੇੜ ਦੀ ਗੱਲਬਾਤ ਮੁਮਕਿਨ ਨਹੀਂ ਹੈ।ਦੋਵਾਂ ਧਿਰਾਂ ਵਿਚ ਬਣੇ ਜਮੂਦ ਕਰਕੇ ਜੰਗਬੰਦੀ ਦੇ ਨਾਕਾਮ ਰਹਿਣ ਦਾ ਖਦਸ਼ਾ ਹੈ। ਜੰਗਬੰਦੀ ਕਰਾਰ ਦੇ ਛੇ ਹਫ਼ਤਿਆਂ ਦੇ ਪਹਿਲੇ ਗੇੜ ਦੀ ਮਿਆਦ ਇਸ ਹਫ਼ਤੇ ਦੇ ਅਖੀਰ ਵਿਚ ਖ਼ਤਮ ਹੋਣੀ ਹੈ, ਪਰ ਮੰਗਲਵਾਰ ਦੇਰ ਰਾਤ ਹਮਾਸ ਨੇ ਕਿਹਾ ਕਿ ਜਥੇਬੰਦੀ ਦੇ ਸਿਖਰਲੇ ਸਿਆਸੀ ਅਧਿਕਾਰੀ ਖਲੀਲ ਅਲ-ਹੱਈਆ ਦੀ ਪ੍ਰਧਾਨਗੀ ਵਿਚ ਇਕ ਵਫ਼ਦ ਨੇ ਮਿਸਰ ਦੀ ਫੇਰੀ ਦੌਰਾਨ ਵਿਵਾਦ ਨੂੰ ਸੁਲਝਾਉਣ ਲਈ ਸਮਝੌਤਾ ਕੀਤਾ ਸੀ।

# ਕਰਾਚੀ ਯੂਨੀਵਰਸਿਟੀ ਵਿਚ ਹੋਲੀ ਖੇਡਣ ’ਤੇ ਹਿੰਦੂ ਮੁਸਲਿਮ ਵਿਦਿਆਰਥੀਆਂ ਵਿਰੁਧ ਮਾਮਲਾ ਦਰਜ

ਕਰਾਚੀ ; ਪਾਕਿਸਤਾਨ ਦੀ ਦਾਊਦ ਯੂਨੀਵਰਸਿਟੀ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਕਰਾਚੀ ਵਿਚ ਹੋਲੀ ਖੇਡਣ ਨੂੰ ਲੈ ਕੇ ਹਿੰਦੂ ਅਤੇ ਮੁਸਲਿਮ ਵਿਦਿਆਰਥੀਆਂ ਵਿਰੁਧ ਮਾਮਲਾ ਦਰਜ ਕੀਤਾ ਗਿਆ ਹੈ। 21 ਫ਼ਰਵਰੀ ਨੂੰ ਯੂਨੀਵਰਸਿਟੀ ਕੈਂਪਸ ਵਿਚ ਦੋਵਾਂ ਭਾਈਚਾਰਿਆਂ ਦੇ ਕੁਝ ਵਿਦਿਆਰਥੀਆਂ ਨੇ ਹੋਲੀ ਦਾ ਤਿਉਹਾਰ ਮਨਾਇਆ। ਇਸ ਦੀਆਂ ਕੁਝ ਵੀਡੀਉਜ਼ ਵੀ ਸਾਹਮਣੇ ਆਈਆਂ ਹਨ।ਯੂਨੀਵਰਸਿਟੀ ਪ੍ਰਸ਼ਾਸਨ ਨੇ ਹੋਲੀ ਖੇਡਣ ਵਾਲੇ ਵਿਦਿਆਰਥੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਉਨ੍ਹਾਂ ਦੇ ਕੈਂਪਸ ਵਿਚ ਦਾਖ਼ਲੇ ’ਤੇ ਵੀ ਰੋਕ ਲਗਾ ਦਿਤੀ ਹੈ। ਨਾਲ ਹੀ ਵਿਦਿਆਰਥੀਆਂ ਨੂੰ 24 ਫ਼ਰਵਰੀ ਨੂੰ ਆਪਣੇ ਮਾਪਿਆਂ ਨਾਲ ਯੂਨੀਵਰਸਿਟੀ ਪਹੁੰਚਣ ਲਈ ਕਿਹਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਘਟਨਾ ਨੂੰ ਲੈ ਕੇ ਸਖਤ ਰੁਖ ਅਖ਼ਤਿਆਰ ਕਰ ਲਿਆ ਹੈ।ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚੋਂ ਕੱਢਣ ਦੀ ਚਿਤਾਵਨੀ ਦਿਤੀ ਗਈ ਹੈ। ਇਸਲਾਮਿਕ ਕੱਟੜਪੰਥੀਆਂ ਨੇ ਹੋਲੀ ਖੇਡਦੇ ਹੋਏ ਹਿੰਦੂ ਵਿਦਿਆਰਥੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਕੁਝ ਕੱਟੜਪੰਥੀਆਂ ਨੇ ਨਾ ਸਿਰਫ਼ ਹਿੰਦੂ ਵਿਦਿਆਰਥੀਆਂ ਦੇ ਧਾਰਮਕ ਤਿਉਹਾਰ ਦਾ ਅਪਮਾਨ ਕੀਤਾ ਸਗੋਂ ਉਨ੍ਹਾਂ ਨੂੰ ਭਵਿੱਖ ਵਿਚ ਅਜਿਹੀ ਕਿਸੇ ਵੀ ਘਟਨਾ ਤੋਂ ਦੂਰ ਰਹਿਣ ਦੀ ਧਮਕੀ ਵੀ ਦਿੱਤੀ।ਯੂਨੀਵਰਸਿਟੀ ਵਲੋਂ 21 ਫ਼ਰਵਰੀ ਨੂੰ ਓਮਪ੍ਰਕਾਸ਼ ਨਾਂ ਦੇ ਵਿਦਿਆਰਥੀ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ। ਨੋਟਿਸ ’ਚ ਲਿਖਿਆ ਹੈ- ‘21 ਫਰਵਰੀ, 2025 ਨੂੰ ਤੁਸੀਂ ਯੂਨੀਵਰਸਿਟੀ ਕੈਂਪਸ ’ਚ ‘ਤੁਹਾਂਜੋ ਦੇਸ਼, ਮੁਹੂੰਜੋ ਦੇਸ਼ ਸਿੰਧੂ ਦੇਸ਼’ ਵਰਗੇ ਰਾਜ ਵਿਰੋਧੀ ਨਾਹਰੇ ਲਗਾ ਕੇ ਵਿਦਿਅਕ ਮਾਹੌਲ ਨੂੰ ਖ਼ਰਾਬ ਕਰ ਦਿਤਾ ਸੀ। ਇਹ ਯੂਨੀਵਰਸਿਟੀ ਦੇ ਵਿਦਿਆਰਥੀ ਆਚਰਣ ਅਤੇ ਅਨੁਸ਼ਾਸਨ ਨਿਯਮਾਂ ਦੀ ਸਪੱਸ਼ਟ ਉਲੰਘਣਾ ਹੈ।ਇਸ ਗੰਭੀਰ ਮਾਮਲੇ ਦੇ ਮੱਦੇਨਜ਼ਰ ਯੂਨੀਵਰਸਿਟੀ ਦੀ ਅਨੁਸ਼ਾਸਨੀ ਕਮੇਟੀ ਦੇ ਅੰਤਮ ਫ਼ੈਸਲੇ ਤਕ ਯੂਨੀਵਰਸਿਟੀ ਕੰਪਲੈਕਸ ਵਿਚ ਤੁਹਾਡੇ ਦਾਖਲੇ ’ਤੇ ਪੂਰੀ ਤਰ੍ਹਾਂ ਪਾਬੰਦੀ ਹੈ। ਤੁਸੀਂ, ਆਪਣੇ ਮਾਤਾ-ਪਿਤਾ ਦੇ ਨਾਲ, ਸੋਮਵਾਰ, 24 ਫਰਵਰੀ 2025 ਨੂੰ ਦੁਪਹਿਰ 3 ਵਜੇ, ਵਾਈਸ ਚਾਂਸਲਰ ਦਫਤਰ, ਦਾਊਦ ਯੂਨੀਵਰਸਿਟੀ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਕਰਾਚੀ ਵਿਖੇ ਸਥਿਤ ਕਾਨਫਰੰਸ ਰੂਮ ਵਿਚ ਅਨੁਸ਼ਾਸਨੀ ਕਮੇਟੀ ਦੇ ਸਾਹਮਣੇ ਪੇਸ਼ ਹੋਵੋ।




# ਯੂਕਰੇਨ ’ਤੇ ਹਮਲੇ ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਅਮਰੀਕਾ ਦਾ ਇਨਕਾਰ

ਸੰਯੁਕਤ ਰਾਸ਼ਟਰ- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਵਿੱਚ ਅੰਤਰ-ਅਟਲਾਂਟਿਕ ਸਬੰਧਾਂ ਵਿੱਚ ਨਾਟਕੀ ਮੋੜ ਆ ਗਿਆ ਹੈ। ਅਮਰੀਕਾ ਨੇ ਯੂਕਰੇਨ ਜੰਗ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਸੰਯੁਕਤ ਰਾਸ਼ਟਰ ਦੇ ਤਿੰਨ ਮਤਿਆਂ ’ਤੇ ਸੋਮਵਾਰ ਨੂੰ ਵੋਟਿੰਗ ਵਿੱਚ ਯੂਕਰੇਨ ’ਤੇ ਹਮਲੇ ਸਬੰਧੀ ਰੂਸ ਨੂੰ ਦੋਸ਼ੀ ਠਹਿਰਾਉਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਨੇ ਇਸ ਮਾਮਲੇ ’ਤੇ ਆਪਣੇ ਯੂਰਪੀ ਸਹਿਯੋਗੀਆਂ ਨਾਲੋਂ ਵੱਖਰਾ ਰੁਖ਼ ਅਪਣਾਇਆ। ਯੂਕਰੇਨ ਵਿੱਚ ਤਿੰਨ ਸਾਲ ਤੋਂ ਜਾਰੀ ਜੰਗ ਨੂੰ ਖਤਮ ਕਰਨ ਦੀ ਮੰਗ ਕਰਦਿਆਂ ਸੰਯੁਕਤ ਰਾਸ਼ਟਰ ਵਿੱਚ ਇਹ ਮਤੇ ਪੇਸ਼ ਕੀਤੇ ਗਏ ਸਨ। ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਅਮਰੀਕਾ ਤੇ ਰੂਸ ਨੇ ਯੂਰਪ ਦੇ ਸਮਰਥਨ ਵਾਲੇ ਯੂਕਰੇਨ ਦੇ ਮਤੇ ਖ਼ਿਲਾਫ਼ ਵੋਟ ਪਾਈ। ਇਸ ਮਤੇ ਵਿੱਚ ਰੂਸੀ ਹਮਲੇ ਦੀ ਨਿੰਦਾ ਕੀਤੀ ਗਈ ਹੈ ਅਤੇ ਰੂਸੀ ਫੌਜਾਂ ਦੀ ਫੌਰੀ ਵਾਪਸੀ ਦੀ ਮੰਗ ਕੀਤੀ ਗਈ ਹੈ। ਇਹ ਵੋਟਿੰਗ ਉਸ ਸਮੇਂ ਹੋਈ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਵਾਸ਼ਿੰਗਟਨ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਦੀ ਮੇਜ਼ਬਾਨੀ ਕਰ ਰਹੇ ਸਨ। ਇਸ ਤੋਂ ਬਾਅਦ ਅਮਰੀਕਾ ਨੇ 193 ਮੈਂਬਰੀ ਵਿਸ਼ਵ ਸੰਸਥਾ ਦੀ ਸ਼ਕਤੀਸ਼ਾਲੀ ਸਲਾਮਤੀ ਕੌਂਸਲ ਵਿੱਚ ਆਪਣੇ ਮੂਲ ਖਰੜੇ ’ਤੇ ਵੋਟ ਪਾਉਣ ਲਈ ਦਬਾਅ ਪਾਇਆ।ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਪੱਕੇ ਮੈਂਬਰ ਦੇਸ਼ਾਂ ਅਮਰੀਕਾ, ਰੂਸ, ਚੀਨ, ਬਰਤਾਨੀਆ ਅਤੇ ਫਰਾਂਸ ਕੋਲ ਵੀਟੋ ਹੈ। 15 ਮੈਂਬਰੀ ਕੌਂਸਲ ਵਿੱਚ 10 ਵੋਟਾਂ ਪਈਆਂ, ਜਦੋਂਕਿ ਪੰਜ ਦੇਸ਼ਾਂ ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਇਹ ਸਾਰੇ ਯੂਰਪੀ ਦੇਸ਼ ਸਨ। ਅਮਰੀਕਾ ਦਾ ਰਾਸ਼ਟਰਪਤੀ ਬਣਨ ਮਗਰੋਂ ਟਰੰਪ ਨੇ ਲੜਾਈ ਦੇ ਜਲਦੀ ਤੋਂ ਜਲਦੀ ਹੱਲ ਲਈ ਰੂਸ ਨਾਲ ਅਚਾਨਕ ਗੱਲਬਾਤ ਸ਼ੁਰੂ ਕਰ ਦਿੱਤੀ। ਇਸ ਕਾਰਨ ਯੂਕਰੇਨ ਨਾਲ ਅਮਰੀਕਾ ਦੇ ਰਿਸ਼ਤੇ ਵਿੱਚ ਕੁੜੱਤਣ ਆਈ ਹੈ। ਯੂਰਪੀ ਆਗੂ ਇਸ ਇਸ ਗੱਲ ਤੋਂ ਨਾਰਾਜ਼ ਹਨ ਕਿ ਪਿਛਲੇ ਹਫ਼ਤੇ ਉਨ੍ਹਾਂ ਨੂੰ ਅਤੇ ਯੂਕਰੇਨ ਨੂੰ ਰੂਸ ਨਾਲ ਸ਼ੁਰੂਆਤੀ ਗੱਲਬਾਤ ਤੋਂ ਬਾਹਰ ਰੱਖਿਆ ਗਿਆ।




# ਚੋਣਾਂ ’ਚ ਮਦਦ ਲਈ ਭਾਰਤ ਨੂੰ 1.8 ਕਰੋੜ ਅਮਰੀਕੀ ਡਾਲਰ ਦਿੱਤੇ ਗਏ: ਟਰੰਪ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਸਾਬਕਾ ਬਾਈਡੇਨ ਪ੍ਰਸ਼ਾਸਨ ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਸਨੇ ਭਾਰਤ ਨੂੰ ਉਸ ਦੀਆਂ ਚੋਣਾਂ ਵਿੱਚ ਮਦਦ ਕਰਨ ਲਈ 1.8 ਕਰੋੜ ਅਮਰੀਕੀ ਡਾਲਰ ਅਲਾਟ ਕੀਤੇ, ਜਦੋਂ ਕਿ ਉਸਨੂੰ ਇਸਦੀ ਲੋੜ ਨਹੀਂ ਸੀ। ਟਰੰਪ ਨੇ ਇਹ ਟਿੱਪਣੀ ਸ਼ਨੀਵਾਰ ਨੂੰ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਵਿੱਚ ਆਪਣੇ ਭਾਸ਼ਣ ਦੌਰਾਨ ਕੀਤੀ। ਉਹ ਪਹਿਲਾਂ ਵੀ ਕਈ ਵਾਰ ਦਾਅਵਾ ਕਰ ਚੁੱਕੇ ਹਨ ਕਿ ਚੋਣਾਂ ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਭਾਰਤ ਨੂੰ 2.1 ਕਰੋੜ ਅਮਰੀਕੀ ਡਾਲਰ ਦੀ ਵਿੱਤੀ ਸਹਾਇਤਾ ਦਿੱਤੀ ਗਈ ਅਤੇ ਉਨ੍ਹਾਂ ਨੇ ਇਸ ਲਈ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ ਤੇ ਨਿਸ਼ਾਨਾ ਵਿੰਨ੍ਹਿਆ ਹੈ। ਟਰੰਪ ਦੇ ਇਸ ਦਾਅਵੇ ਨੇ ਭਾਰਤ ਵਿੱਚ ਵਿਵਾਦ ਖੜ੍ਹਾ ਕਰ ਦਿੱਤਾ ਹੈ।ਆਪਣੇ ਭਾਸ਼ਣ ਵਿੱਚ, ਟਰੰਪ ਨੇ ਭਾਰਤ ਤੇ ਅਮਰੀਕਾ ਦਾ ਫਾਇਦਾ ਉਠਾਉਣ ਦਾ ਦੋਸ਼ ਵੀ ਲਗਾਇਆ। ਉਨ੍ਹਾਂ ਕਿਹਾ, ਭਾਰਤ ਨੂੰ ਉਸਦੀਆਂ ਚੋਣਾਂ ਵਿੱਚ ਮਦਦ ਲਈ 1.8 ਕਰੋੜ ਅਮਰੀਕੀ ਡਾਲਰ ਦਿੱਤੇ ਗਏ। ਆਖਿਰ ਕਿਉਂ ?...। ਟਰੰਪ ਨੇ ਕਿਹਾ, ਅਸੀਂ ਭਾਰਤ ਨੂੰ ਚੋਣਾਂ ਲਈ ਪੈਸੇ ਦੇ ਰਹੇ ਹਾਂ। ਉਨ੍ਹਾਂ ਨੂੰ ਪੈਸਿਆਂ ਦੀ ਲੋੜ ਨਹੀਂ ਹੈ। ਉਹ ਸਾਡਾ ਬਹੁਤ ਫਾਇਦਾ ਉਠਾਉਂਦੇ ਹਨ। ਉਹ ਦੁਨੀਆ ਦੇ ਸਭ ਤੋਂ ਵੱਧ ਟੈਕਸ ਵਾਲੇ ਦੇਸ਼ਾਂ ਵਿੱਚੋਂ ਇੱਕ ਹਨ... ਉਹ 200 ਫੀਸਦੀ (ਟੈਕਸ) ਲਗਾਉਂਦੇ ਹਨ ਅਤੇ ਫਿਰ ਅਸੀਂ ਉਨ੍ਹਾਂ ਦੀਆਂ ਚੋਣਾਂ ਵਿੱਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਦੇ ਰਹੇ ਹਾਂ। ਟਰੰਪ ਨੇ ਬੰਗਲਾਦੇਸ਼ ਨੂੰ 2.9 ਕਰੋੜ ਅਮਰੀਕੀ ਡਾਲਰ ਦੇਣ ਲਈ ਵੀ ਦੀ ਆਲੋਚਨਾ ਕੀਤੀ। ਕਿਸੇ ਦਾ ਨਾਮ ਲਏ ਬਿਨਾਂ ਉਨ੍ਹਾਂ ਕਿਹਾ, 2.9 ਕਰੋੜ ਅਮਰੀਕੀ ਡਾਲਰ ਦੀ ਵਰਤੋਂ ਰਾਜਨੀਤਿਕ ਦ੍ਰਿਸ਼ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਕੀਤੀ ਜਾਵੇਗੀ ਤਾਂ ਕਿ ਉਹ ਬੰਗਲਾਦੇਸ਼ ਵਿੱਚ ਕੱਟੜਪੰਥੀ ਖੱਬੇਪੱਖੀ ਕਮਿਊਨਿਸਟ ਨੂੰ ਵੋਟ ਪਾ ਸਕਣ।



# ਮੇਲੋਨੀ ਨੇ ਦੁਨੀਆਂ ਦੇ ਖੱਬੇ ਪੱਖੀ ਆਗੂਆਂ ਨੂੰ ਦੱਸਿਆ ਪਖੰਡੀ

ਵਾਸ਼ਿੰਗਟਨ- ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਖੱਬੇ-ਪੱਖੀ ਸਿਆਸਤਦਾਨਾਂ ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਉਹ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜਿੱਤ ਤੋਂ ਡਰੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਖੱਬੇ-ਪੱਖੀਆਂ ਵੱਲੋਂ ਟਰੰਪ, ਮੋਦੀ ਅਤੇ ਖੁਦ ਦੀ ਆਲੋਚਨਾ ਖੱਬੇ-ਪੱਖੀਆਂ ਦੇ ਦੋਹਰੇ ਮਾਪਦੰਡ ਹਨ।ਐਤਵਾਰ ਨੂੰ ਵਾਸ਼ਿੰਗਟਨ ਵਿੱਚ ਕੰਜ਼ਰਵੇਟਿਵ ਪੋਲੀਟੀਕਲ ਐਕਸ਼ਨ ਕਾਨਫਰੰਸ ਵਿੱਚ ਬੋਲਦੇ ਹੋਏ, ਮੇਲੋਨੀ ਨੇ ਟਰੰਪ ਅਤੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਦੀ ਪ੍ਰਸ਼ੰਸਾ ਕੀਤੀ, ਜਦੋਂ ਕਿ ਕੁਲੀਨ ਅਤੇ ਖੱਬੇ-ਪੱਖੀ ਸਿਆਸਤਦਾਨਾਂ ਤੇ ਨਿਸ਼ਾਨਾ ਸਾਧਿਆ। ਖੱਬੇ-ਪੱਖੀ ਘਬਰਾ ਗਏ ਹਨ, ਅਤੇ ਟਰੰਪ ਦੀ ਜਿੱਤ ਨਾਲ, ਉਨ੍ਹਾਂ ਦੀ ਚਿੜਚਿੜਾਹਟ ਹਿਸਟੀਰੀਆ ਵਿੱਚ ਬਦਲ ਗਈ ਹੈ - ਨਾ ਸਿਰਫ਼ ਇਸ ਲਈ ਕਿਉਂਕਿ ਰੂੜੀਵਾਦੀ ਜਿੱਤ ਰਹੇ ਹਨ, ਸਗੋਂ ਇਸ ਲਈ ਕਿਉਂਕਿ ਰੂੜੀਵਾਦੀ ਵਿਸ਼ਵ ਪੱਧਰ ਤੇ ਸਹਿਯੋਗ ਕਰ ਰਹੇ ਹਨ,।ਇਤਾਲਵੀ ਪ੍ਰਧਾਨ ਮੰਤਰੀ ਨੇ ਦੋਹਰੇ ਮਾਪਦੰਡਾਂ ਦਾ ਹਵਾਲਾ ਦਿੰਦੇ ਹੋਏ ਯਾਦ ਕੀਤਾ ਕਿ ਕਿਵੇਂ 1990 ਦੇ ਦਹਾਕੇ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਅਤੇ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਇੱਕ ਗਲੋਬਲ ਉਦਾਰਵਾਦੀ ਨੈੱਟਵਰਕ ਬਣਾਉਣ ਲਈ ਪ੍ਰਸ਼ੰਸਾ ਕੀਤੀ ਗਈ ਸੀ



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025


# Long Island Indo American Lions Club Celebrates 'Power of Love'-A Night of Love, Compassion, and Inspiration.

On Saturday, February 22, 2025, the Long Island Indo American Lions Club celebrated the 'Power of Love' under the leadership of President Anju Sharma. The event was held at the MINT Restaurant in Garden City, NY. The event brought together members, patrons, community leaders, and also the non-member guests for an evening of entertainment and inspiration.

The celebration highlighted the broad meaning of love and compassion in every relationship and aspect of life. Sanju Sharma welcomed attendees and emphasized the importance of acting with love to build stronger, more compassionate communities. In her speech, she expressed that when we act with love, we don't just help individuals, we build a stronger foundation of compassionate groups. We create a ripple effect of kindness that inspires others to do the same.

The event coordinators, Asha Dua, Dr. Jag Kalra, KomalChhabria, Shashi Malik, and Pretty Jain, made a memorable entrance to the iconic song "Power of Love" by Luther Vandross. As they walked in, they held shiny red hearts with




































# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025


# Long Island Indo American Lions Club Celebrates 'Power of Love'-A Night of Love, Compassion, and Inspiration.

letters that spelled out "LIIA LIONS," proudly showcasing the club's name and adding a touching moment to the celebration. Dr. Jag Kalra President Anju Sharma invited President to address the audience. The President was thanked for suggesting a meaningful name "power of all" for the event.

President Anju Sharma showed heartfelt gratitude to the team members and sponsors for their compassion in helping the community through charitable projects. She stated that Team work is great work and her fellow lions are hardworking and supportive that's how club has achieved top rank in many fields. She recognized past presidents, ShyamGajwani, Dr. Sunil Mehra, InduGajwani, and current Sr. Vice President Kanak Golia, Secretary Hargovind Gupta, Treasurer SaurabhSheth, Directors MadhuPareek, Gary Sikka, Dr. YogendraSaxen, Finance Chair NandPanjwani& Club Admin Sanju Sharma. She thanked all for their support. The members who could not attend the event due to schedule or being out of country were also thanked for their support to the club.

The president concluded her speech with a heartfelt message: "Let's harness the power of love to build a brighter, more compassionate world. Thank you,














# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025


# Long Island Indo American Lions Club Celebrates 'Power of Love'-A Night of Love, Compassion, and Inspiration.

fellow Lions, and let's continue to spread love and kindness together!".

Presentation videos, melodious singing by Jyoti Gupta and Anil Dua, oustanding dance performance by DishaSingh&Eshasingh, Poetry by RekhaChichara, Amazing Dance performance by Indu-ShyamGajwaniadded special charm to the evening's entertainment. "Guess the Song" an interactive music game where the audience has to identify a song based on a short clip or tune was real fun. Winners of the game were handed over prizes.

The program emcees, Asha Dua and Jag Kalra did a faboulous job. They kept the audience engaged & entertained throughout the program. Installation-Oath Ceremony of new members was initiated by Membership Chair Shashi Malik.Zone chair Antoinette Jean-louis installed new members Dr. AbhaBhatnagar, Dr Jag Kalra& Dr. Sumita Sen Gupta,all three are well known in the community. Special awards and recognitions were bestowed upon club members and community leaders for their dedication and service for the community. The honorees Gary Sikka, Mizan Rahman, AtulPareek, Hargovind Gupta, were awarded citationsby special guest of the evening most recognizable, a successful Indian-American entrepreneur, the founder of 'Bolla Companies', Harry Bolla and our Sr. Vice President another prominent entrepreneur and philanthropist, Mr. Kanak Golia.,Club President Anju Sharma, Past Presidents ShyamGajwani&InduGajwani, Director MadhuPareek, Dr. YogendraSaxena& Finance chair NandPanjwani also joined in for the award giving. Event coordinators Asha Dua, Dr. Jag Kalra, KomalChhabria& Shashi Malik were recognized and awarded citations for their dedication and hard work for the club and event. President's special recognition awards went to RekhaChichara, who is well known for her generous support, she was recognized with a "Queen of Hearts" award for her support to the club & various organizations of our community.

Vidhi&SandeepChhabria were recognized with "Compassionate Hearts" awards for their services to the club. Club Director MadhuPareek Applauded and congratulated President Anju Sharma for incredible achievements by club under her leadership. She mentioned that Anju ji has brought club to new heights and wished her good luck to continue serve the community. Past/Founder President InduGajwaniechodMadhuPareek's words &appreciated work done by Anju Sharma & stated that she should continue to serve the club for coming year. Sr. vice President Kanak Golia thanked all for attending the event and requested their support for the club for noble cause and to become a member. Secretary Hargovind Gupta gave vote of thanks. President & Event coordinators showed gratitude to Gary Sikka owner, & Staff of Mint Restaurant for their hospitality, Delicious food and great service. She also thanked Pritpalfrom 'Preetnama', DJ jyoti and photographer Dheerajdixit. The event successfully elaborated on the broad meaning of love and compassion, inspiring many to help unconditionally






















# ਖੇਤੀਬਾੜੀ ਲਈ ਮਾਰਕਿਟਿੰਗ ਦੀ ਨਵੀਂ ਨੀਤੀ ਕੀ ਹੈ





ਪੰਜਾਬ ਸਰਕਾਰ ਨੇ ਮੰਗਲਵਾਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਕੇਂਦਰ ਸਰਕਾਰ ਵੱਲੋਂ ਤਿਆਰ ਕੀਤੇ ਗਏ ਨੈਸ਼ਨਲ ਪਾਲਿਸੀ ਫ਼ਰੇਮਵਰਕ ਆਨ ਐਗਰੀਕਲਚਰਲ ਮਾਰਕਿਟਿੰਗ ਦੇ ਖਰੜੇ ਨੂੰ ਮਤਾ ਪਾਸ ਕਰਕੇ ਰੱਦ ਕਰ ਦਿੱਤਾ ਹੈ।ਪੰਜਾਬ ਸਰਕਾਰ ਦੇ ਇਸ ਕਦਮ ਦਾ ਸਮਰਥਨ ਵਿਰੋਧੀ ਧਿਰਾਂ ਵੱਲੋਂ ਵੀ ਕੀਤਾ ਗਿਆ ਹੈ। ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਵੀ ਇਸ ਮਤੇ ਬਾਰੇ ਪੰਜਾਬ ਸਰਕਾਰ ਦੀ ਹਮਾਇਤ ਕੀਤੀ ਗਈ ਹੈ।ਦੇਰ ਨਾਲ ਵਿਧਾਨ ਸਭਾ ਵਿੱਚ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਤੇ ਬਾਰੇ ਬੋਲਦਿਆਂ ਕਿਹਾ, ਇਹ ਖਰੜਾ ਤਿੰਨ ਖੇਤੀ ਕਾਨੂੰਨਾਂ ਨੂੰ ਮੁੜ ਲਾਗੂ ਕਰਨ ਦਾ ਇੱਕ ਢੰਗ ਹੈ। ਖਰੜੇ ਵਿੱਚ ਐੱਮਐੱਸਪੀ (ਘੱਟੋ ਘੱਟ ਸਮਰਥਨ ਮੁੱਲ) ਦੀ ਕੋਈ ਗੱਲ ਨਹੀਂ ਕੀਤੀ ਗਈ। ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਇਸ ਖਰੜੇ ਨੂੰ ਮੁੱਢੋਂ ਰੱਦ ਕਰਦੀ ਹੈ।ਮੁੱਖ ਮੰਤਰੀ ਨੇ ਕੇਂਦਰ ਸਰਕਾਰ ਉੱਤੇ ਇਲਜ਼ਾਮ ਵੀ ਲਗਾਇਆ ਕਿ ਕੇਂਦਰ ਸਰਕਾਰ ਪੰਜਾਬ ਪ੍ਰਤੀ ਨਫ਼ਰਤ ਦੀ ਭਾਵਨਾ ਰੱਖਦੀ ਹੈ, ਇਸ ਲਈ ਪੰਜਾਬ ਦੇ ਕਿਸਾਨਾਂ ਉੱਤੇ ਮੁੜ ਖੇਤੀ ਕਾਨੂੰਨ ਲਾਗੂ ਕਰਨਾ ਚਾਹੁੰਦੀ ਹੈ।ਵਿਧਾਨ ਸਭਾ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਦੇ ਜਿਸ ਖੇਤੀ ਮਾਰਕੀਟਿੰਗ ਖਰੜੇ ਖ਼ਿਲਾਫ਼ ਪੰਜਾਬ ਦੀਆਂ ਤਮਾਮ ਵਿਰੋਧੀ ਧਿਰਾਂ ਨੇ ਇੱਕਜੁੱਟਤਾ ਦਿਖਾਈ ਹੈ ਅਸਲ ਵਿੱਚ ਉਹ ਖੇਤੀਬਾੜੀ ਮਾਰਕੀਟਿੰਗ ਖਰੜਾ ਕੀ ਹੈ ?ਪੰਜਾਬ ਸਰਕਾਰ ਕਿਸ ਦਲੀਲ ਤਹਿਤ ਇਸ ਨੂੰ ਰੱਦ ਕਰ ਰਹੀ ਹੈ ? ਵਿਰੋਧੀ ਧਿਰਾਂ ਕਿਉਂ ਪੰਜਾਬ ਸਰਕਾਰ ਦੇ ਇਸ ਕਦਮ ਦਾ ਸਮਰਥਨ ਕਰ ਰਹੀਆਂ ਹਨ ? ਇਸਦਾ ਜਵਾਬ ਤੁਹਾਨੂੰ ਇਸ ਰਿਪੋਰਟ ਵਿੱਚ ਮਿਲ ਜਾਵੇਗਾ ?

**ਕੇਂਦਰ ਦਾ ਐਗਰੀਕਲਚਰਲ ਮਾਰਕਿਟਿੰਗ ਖਰੜਾ ਕੀ ਹੈ ?**

ਸਾਲ 2024 ਵਿੱਚ ਖੇਤੀ ਕਾਨੂੰਨ ਰੱਦ ਹੋਣ ਦੇ ਤਿੰਨ ਸਾਲ ਬਾਅਦ ਕੇਂਦਰ ਸਰਕਾਰ ਨੇ ਨੈਸ਼ਨਲ ਪਾਲਿਸੀ ਫ਼ਰੇਮਵਰਕ ਆਨ ਐਗਰੀਕਲਚਰਲ ਮਾਰਕਿਟਿੰਗ ਦਾ ਖਰੜਾ ਜਾਰੀ ਕੀਤਾ ਸੀ।ਇਸ ਖਰੜੇ ਨੂੰ ਕੇਂਦਰੀ ਖੇਤੀਬਾੜੀ ਵਿਭਾਗ ਵੱਲੋਂ 25 ਨਵੰਬਰ 2024 ਨੂੰ ਜਾਰੀ ਕੀਤਾ ਗਿਆ ਸੀ ਅਤੇ ਹਿੱਤਧਾਰਕਾਂ ਤੋਂ ਖਰੜੇ ਸੰਬੰਧੀ ਵਿਚਾਰ ਮੰਗੇ ਗਏ ਸਨ।ਇਸ ਖਰੜੇ ਨੂੰ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਖੇਤੀਬਾੜੀ ਕਮੇਟੀ ਨੇ ਤਿਆਰ ਕੀਤਾ ਹੈ, ਜਿਸ ਦੀ ਅਗਵਾਈ ਖੇਤੀਬਾੜੀ ਵਿਭਾਗ ਵਿੱਚ ਮਾਰਕੀਟਿੰਗ ਦੇ ਐਡੀਸ਼ਨਲ ਸੈਕਰੇਟਰੀ ਫ਼ੈਜ਼ ਅਹਿਮਦ ਕਿਡਵਈ ਕਰ ਰਹੇ ਸਨ।ਖਰੜੇ ਰਾਹੀਂ ਕੇਂਦਰ ਸਰਕਾਰ ਨੇ ਦਾਅਵਾ ਕੀਤਾ ਕਿ ਉਹ ਅਜਿਹਾ ਮਾਰਕੀਟਿੰਗ ਢਾਂਚਾ ਤਿਆਰ ਕਰ ਰਹੇ ਹਨ ਜਿਸ ਦੇ ਵਿੱਚ ਹਰ ਕਿਸਾਨ ਨੂੰ ਆਪਣੀ ਇੱਛਾ ਅਤੇ ਲੋੜ ਮੁਤਾਬਕ ਫ਼ਸਲ ਵੇਚਣ ਲਈ ਮੰਡੀ ਮਿਲੇਗੀ ਜਿੱਥੇ ਉਹ ਆਪਣੀ ਫ਼ਸਲ ਆਪਣੇ ਹਿਸਾਬ ਨਾਲ ਵੇਚ ਸਕਣਗੇ।ਐਗਰੀਕਲਚਰਲ ਮਾਰਕਿਟਿੰਗ ਦਾ ਖਰੜਾ ਫ਼ਸਲਾਂ ਦੀ ਖਰੀਦ-ਵੇਚ ਵਿੱਚ ਵੱਡੇ ਸੁਧਾਰਾਂ ਦੀ ਵਕਾਲਤ ਕਰਦਾ ਹੈ। ਇਸ ਵਿੱਚ ਖ਼ਾਸ ਤੌਰ ਤੇ ਡਿਜੀਟਲਾਈਜੇਸ਼ਨ, ਨਿੱਜੀ ਮੰਡੀਆਂ ਅਤੇ ਕੰਟਰੈਕਟ ਫਾਰਿੰਗ ਉਪਰ ਜ਼ੋਰ ਦਿੱਤਾ ਗਿਆ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਧਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।ਇਸ ਖਰੜੇ ਵਿੱਚ ਗੁਦਾਮਾਂ, ਸਾਈਲੋ ਅਤੇ ਕੋਲਡ ਸਟੋਰੇਜ ਨੂੰ ਮਾਨਤਾ ਦੇਣ ਦਾ ਵੀ ਪ੍ਰਸਤਾਵ ਸ਼ਾਮਲ ਹੈ।ਇਸ ਤੋਂ ਇਲਾਵਾ ਖਰੜੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਖਰੜਾ ਲੈਣ-ਦੇਣ ਦੀ ਲਾਗਤ ਘਟਾਉਣ ਅਤੇ ਵਪਾਰ ਦੀ ਸੌਖ ਲਈ ਮਾਰਕੀਟ ਫੀਸਾਂ ਦੀ ਇੱਕ ਵਾਰ ਵਸੂਲੀ ਅਤੇ ਕਮਿਸ਼ਨ ਚਾਰਜਾਂ ਨੂੰ ਤਰਕਸੰਗਤ ਬਣਾਉਣ ਦੀ ਸਿਫਾਰਸ਼ ਕਰਦਾ ਹੈ।ਇਸ ਦੇ ਨਾਲ ਹੀ, ਇਹ ਖਰੜਾ ਕੇਂਦਰ ਦੀ ਇਸ ਖੇਤੀਬਾੜੀ ਮਾਰਕੀਟਿੰਗ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ, ਰਾਜ ਮੰਤਰੀਆਂ ਦੀ ਬਣੀ ਇੱਕ ਸ਼ਕਤੀਸ਼ਾਲੀ ਖੇਤੀਬਾੜੀ ਮਾਰਕੀਟਿੰਗ ਸੁਧਾਰ ਕਮੇਟੀ ਦੇ ਗਠਨ ਦਾ ਪ੍ਰਸਤਾਵ ਵੀ ਰੱਖਦਾ ਹੈ।ਕੇਂਦਰ ਦਾ ਦਾਅਵਾ ਹੈ ਕਿ ਜੀਐੱਸਟੀ ਕੌਂਸਲ ਦੀ ਤਰਜ ਤੇ ਤਿਆਰ ਕੀਤੀ ਗਈ ਇਹ ਕਮੇਟੀ ਸੂਬਿਆਂ ਵਿੱਚ ਸਹਿਮਤੀ ਬਣਾਉਣ ਅਤੇ ਸੁਧਾਰਾਂ ਨੂੰ ਅਪਣਾਉਣ ਦੀ ਨਿਗਰਾਨੀ ਕਰੇਗੀ।ਇਹ ਖਰੜਾ ਫਸਲਾਂ ਦੀ ਸਪਲਾਈ ਚੇਨਾਂ ਨੂੰ ਆਧੁਨਿਕ ਬਣਾਉਣ ਲਈ ਬਲਾਕਚੈਨ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਰਗੀਆਂ ਤਕਨਾਲੋਜੀਆਂ ਦੀ ਵਰਤੋਂ ਕਰਨ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਦਾ ਹੈ।ਖਰੜੇ ਵਿੱਚ ਇਸ ਨੀਤੀ ਦਾ ਮਕਸਦ ਦੇਸ਼ ਵਿੱਚ ਇੱਕ ਚੰਗੇ ਮਾਰਕੀਟਿੰਗ ਈਕੋਸਿਸਟਮ ਦਾ ਨਿਰਮਾਣ ਕਰਨਾ, ਮੁਕਾਬਲਾ ਵਧਾਉਣਾ, ਪਾਰਦਰਸ਼ਤਾ ਲਿਆਉਣਾ, ਉਪਜ ਦਾ ਵਧੀਆ ਮੁੱਲ ਅਤੇ ਆਪਣੀ ਪਸੰਦ ਦਾ ਬਾਜ਼ਾਰ ਲੱਭਣਾ ਦੱਸਿਆ ਗਿਆ ਹੈ।

**ਪੰਜਾਬ ਸਰਕਾਰ ਨੇ ਕੇਂਦਰ ਖ਼ਿਲਾਫ਼ ਕੀ ਮਤਾ ਪੇਸ਼ ਕੀਤਾ ?**

ਹਾਲਾਂਕਿ ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਖਰੜਾ ਤਿਆਰ ਕਰਨ ਦੇ ਥੋੜ੍ਹੇ ਦਿਨਾਂ ਬਾਅਦ ਜਨਵਰੀ 2025 ਵਿਚ ਹੀ ਖੇਤੀਬਾੜੀ ਮੰਡੀਕਰਨ ਬਾਰੇ ਕੇਂਦਰ ਦੀ ਨੀਤੀ ਖਰੜੇ ਨੂੰ ਰਸਮੀ ਤੌਰ ਤੇ ਰੱਦ ਕਰ ਦਿੱਤਾ ਸੀ।ਪਰ ਅੱਜ ਵਿਧਾਨ ਸਭਾ ਦੇ ਵਿਸ਼ੇਸ਼ ਸ਼ੈਸ਼ਨ ਵਿੱਚ ਸਰਕਾਰ ਨੇ ਮਤਾ ਪਾਸ ਕਰਕੇ ਇਸ ਨੀਤੀ ਦੇ ਖ਼ਿਲਾਫ਼ ਮਤਾ ਪੇਸ਼ ਕੀਤਾ, ਜਿਸਨੂੰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪੇਸ਼ ਕੀਤਾ ਗਿਆ ਅਤੇ ਵਿਰੋਧੀ ਧਿਰਾਂ ਵੱਲੋਂ ਵੀ ਇਸਦਾ ਸਮਰਥਨ ਕੀਤਾ ਗਿਆ।ਮਤਾ ਪੇਸ਼ ਕਰਦਿਆਂ ਖੇਤੀਬਾੜੀ ਮੰਤਰੀ ਨੇ ਇਹ ਦਾਅਵਾ ਕੀਤਾ ਕਿ ਕੇਂਦਰ ਦਾ ਇਹ ਖਰੜਾ ਕਿਸਾਨਾਂ ਦੇ ਇੱਕ ਸਾਲ ਦੇ ਲੰਬੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ 2021 ਵਿੱਚ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਹੈ।ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, ਪੰਜਾਬ ਸਰਕਾਰ ਭਾਰਤੀ ਸੰਵਿਧਾਨ ਦੇ ਅਨੁਛੇਦ 246 ਅਧੀਨ ਸੱਤਵੀਂ ਅਨੁਸੂਚੀ-2 ਦੀ ਐਂਟਰੀ 28 ਦੇ ਅਧੀਨ ਕੇਂਦਰ ਦੇ ਇਸ ਖਰੜੇ ਦਾ ਵਿਰੋਧ ਕਰਦੀ ਹੈ। ਖੇਤੀਬਾੜੀ ਸੂਬੇ ਦਾ ਵਿਸ਼ਾ ਹੈ।ਕੇਂਦਰ ਸਰਕਾਰ ਅਜਿਹੀ ਕੋਈ ਨੀਤੀ ਨਾ ਲੈ ਕੇ ਆਵੇ ਜੋ ਸੂਬਿਆਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੀ ਹੋਵੇ। ਇਸ ਲਈ ਅਸੀਂ ਕੇਂਦਰ ਸਰਕਾਰ ਦੇ ਇਸ ਖਰੜੇ ਨੂੰ ਮੁਢੋਂ ਰੱਦ ਕਰਕੇ ਅਜਿਹੇ ਮਾਮਲਿਆਂ ਨੂੰ ਸੂਬੇ ਤੇ ਛੱਡਣ ਦੀ ਅਪੀਲ ਕਰਦੇ ਹਾਂ।

**ਗੁਰਮੀਤ ਖੁੱਡੀਆਂ ਵੱਲੋਂ ਪੇਸ਼ ਕੀਤੇ ਮਤੇ ਦੀਆਂ ਕੁਝ ਖ਼ਾਸ ਗੱਲਾਂ**

ਗੁਰਮੀਤ ਖੁੱਡੀਆਂ ਵੱਲੋਂ ਕੇਂਦਰ ਸਰਕਾਰ ਦੇ ਖਰੜੇ ਖਿਲਾਫ਼ ਪੇਸ਼ ਕੀਤੇ ਮਤੇ ਦੇ ਮੁੱਖ ਬਿੰਦੂ ਕੁਝ ਇਸ ਪ੍ਰਕਾਰ ਹਨ:

ਕੇਂਦਰ ਦੇ ਇਸ ਖਰੜੇ ਵਿੱਚ ਐੱਮਐੱਸਪੀ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਖਰੜੇ ਦੀ ਭਾਵਨਾ ਪ੍ਰਾਈਵੇਟ ਮੰਡੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਮਾਰਕਿਟ ਕਮੇਟੀਆਂ ਦੀਆਂ ਮੰਡੀਆਂ ਨੂੰ ਕਮਜ਼ੋਰ ਕਰਨਾ ਹੈ।

ਪ੍ਰਾਈਵੇਟ ਮੰਡੀਆਂ ਦੇ ਆਉਣ ਨਾਲ ਏ.ਪੀ.ਐੱਮ.ਸੀ ਮੰਡੀਆਂ ਤਬਾਹ ਹੋ ਜਾਣਗੀਆਂ ਅਤੇ ਕਿਸਾਨ ਪ੍ਰਾਈਵੇਟ ਮੰਡੀਆਂ ਦੇ ਮਾਲਕਾਂ ’ਤੇ ਨਿਰਭਰ ਹੋ ਜਾਣਗੇ।

ਇਸ ਖਰੜੇ ਤਹਿਤ ਕਿਸਾਨਾਂ ਨੂੰ ਆਪਣੀ ਫ਼ਸਲ/ ਜਿਣਸ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਵਾਜਬ ਮੁੱਲ ਪ੍ਰਾਪਤ ਕਰਨ ਵਿੱਚ ਮੁਸ਼ਕਲ ਆਵੇਗੀ।

ਖਰੜਾ ਮਾਰਕਿਟ ਫੀਸ ਦੀ ਦਰ ਉਪਰ ਗ਼ੈਰ-ਨਾਸ਼ਵਾਨ ਵਸਤੂਆਂ ਲਈ 2 ਫੀਸਦ ਅਤੇ ਨਾਸ਼ਵਾਨ ਵਸਤੂਆਂ ਉਪਰ 1 ਫੀਸਦ ਦੀ ਦਰ ਨਾਲ ਲਿਮਟ ਲਗਾਉਣ ਦੀ ਗੱਲ ਕਰਦਾ ਹੈ ਜੋ ਸੂਬੇ ਅਧਿਕਾਰਾਂ ਦੀ ਉਲੰਘਣਾ ਹੈ।

ਇਹ ਖਰੜਾ ਕੰਟ੍ਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਦਾ ਹੈ ਜੋ ਕਿ ਕਿਸਾਨਾਂ ਦੇ ਹਿਤ ਵਿੱਚ ਨਹੀਂ ਹੈ।

ਸਾਇਲੋਜ਼ ਨੂੰ ਮੰਡੀ ਯਾਰਡ ਐਲਾਨਣ ਦੀ ਤਜਵੀਜ਼ ਇਸ ਖਰੜੇ ਵਿੱਚ ਦਰਜ ਹੈ, ਜਿਸਦਾ ਵਿਰੋਧ ਕਿਸਾਨ ਪਹਿਲੇ ਦਿਨ ਤੋਂ ਕਰ ਰਹੇ ਹਨ। ਇਸ ਖਰੜੇ ਦਾ ਮੰਤਵ ਭਾਰਤੀ ਖੁਰਾਕ ਨਿਗਮ ਨੂੰ ਕਣਕ ਅਤੇ ਝੋਨੇ ਦੀ ਐੱਮਐੱਸਪੀ ਉਪਰ ਕੀਤੀ ਜਾ ਰਹੀ ਖਰੀਦ ਤੋਂ ਬਾਹਰ ਕੱਢਣਾ ਹੈ, ਜਿਸ ਨਾਲ ਸੂਬੇ ਦੀਆਂ ਦੋਵੇਂ ਪ੍ਰਮੁੱਖ ਫਸਲਾਂ ਦੇ ਮੰਡੀਕਰਨ ਉੱਤੇ ਮਾੜਾ ਅਸਰ ਪਵੇਗਾ।

ਜੀਐੱਸਟੀ ਲਈ ਸੂਬਿਆਂ ਦੇ ਵਿੱਤ ਮੰਤਰੀਆਂ ਦੀ ਤਰਜ਼ ਉੱਤੇ ਖੇਤੀਬਾੜੀ ਮੰਡੀਕਰਨ ਮੰਤਰੀਆਂ ਦੀ ਕਮੇਟੀ ਸਥਾਪਤ ਕਰਨਾ ਸੂਬਿਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ।.

ਵਿਧਾਨ ਸਭਾ ਵਿੱਚ ਮਤੇ ਬਾਰੇ ਕਿਸ ਨੇ ਕੀ ਕਿਹਾ ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਇਲਾਵਾ ਤਮਾਮ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਨੇ ਮਤੇ ਦਾ ਸਮਰਥਨ ਕੀਤਾ ਅਤੇ ਕੇਂਦਰ ਸਰਕਾਰ ਦੇ ਖਰੜੇ ਦਾ ਵਿਰੋਧ ਕੀਤਾ।

ਲੰਬਾ ਸਮਾਂ ਜੇਲ੍ਹ ਰਹਿ ਕੇ ਆਏ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ, ਭਾਜਪਾ ਤਾਨਾਸ਼ਾਹੀ ਵਾਲਾ ਕੰਮ ਕਰਦੀ ਹੈ, ਕੇਂਦਰ ਦੇ ਇਸ ਖਰੜੇ ਦੇ ਲਾਗੂ ਹੋਣ ਨਾਲ ਕਿਸਾਨੀ ਤਬਾਹ ਹੋ ਸਕਦੀ ਹੈ। ਇਸ ਲਈ ਮੈਂ ਪੰਜਾਬ ਸਰਕਾਰ ਦੇ ਇਸ ਮਤੇ ਦਾ ਸਮਰਥਨ ਕਰਦਾ ਹਾਂ।ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਅਮਨ ਅਰੋੜਾ, ਤਰੁਨਪ੍ਰੀਤ ਸਿੰਘ ਸੌਂਦ ਨੇ ਵੀ ਮਤੇ ਦਾ ਪੱਖ ਪੂਰਿਆ।

**ਵਿਰੋਧੀਆਂ ਨੇ ਸਰਕਾਰ ਨਾਲ ਮਿਲਾਈ ਸੁਰ**

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ, ਭਾਜਪਾ ਦਾ ਏਜੰਡਾ ਪੰਜਾਬ ਵਿਰੋਧੀ ਹੈ, ਇਹ ਖੇਤੀ ਮਾਰਕੀਟਿੰਗ ਦਾ ਖਰੜਾ ਵੀ ਪੰਜਾਬ ਵਿਰੋਧੀ ਹੈ। ਸਾਡੇ ਪਿੰਡਾਂ ਦਾ ਵਿਕਾਸ ਆਰਡੀਐੱਫ ਫੰਡ ਰਾਹੀਂ ਹੁੰਦਾ ਹੈ ਤੇ ਕੇਂਦਰ ਸਰਕਾਰ ਨੇ ਪੰਜਾਬ ਦਾ ਆਰਡੀਐੱਫ ਫ਼ੰਡ ਰੋਕ ਕੇ ਰੱਖਿਆ ਹੋਇਆ ਹੈ।ਇਸ ਨੀਤੀ ਰਾਹੀਂ ਕੇਂਦਰ ਸਰਕਾਰ ਦੀ ਪੁਰਜ਼ੋਰ ਕੋਸ਼ਿਸ਼ ਹੈ ਕਿ ਉਹ ਐੱਫਸੀਆਈ ਵਰਗੀਆਂ ਸਰਕਾਰੀ ਏਜੰਸੀਆਂ ਨੂੰ ਖ਼ਤਮ ਕਰਕੇ ਪ੍ਰਾਈਵੇਟ ਕੰਪਨੀਆਂ ਨੂੰ ਸੂਬਿਆਂ ਉੱਤੇ ਕਾਬਜ਼ ਕਰਨਾ ਚਾਹੁੰਦੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਕਿਹਾ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਕੇਂਦਰ ਸਰਕਾਰ ਆਪਣੀ ਇਸ ਨੀਤੀ ਰਾਹੀਂ ਵੱਡੀਆਂ ਪ੍ਰਾਈਵੇਟ ਕੰਪਨੀਆਂ ਨੂੰ ਪੰਜਾਬ ਦੇ ਕਿਸਾਨਾਂ ਉੱਤੇ ਥੋਪਣਾ ਚਾਹੁੰਦੀ ਹੈ।ਪੰਜਾਬ ਦਾ ਮੰਡੀਕਰਨ ਸਿਸਟਮ ਬਹੁਤ ਵਧੀਆ ਚਲ ਰਿਹਾ ਹੈ, ਖ਼ਾਸ ਤੌਰ ਉੱਤੇ ਪੰਜਾਬ ਦਾ ਛੋਟਾ ਕਿਸਾਨ ਮੰਡੀਆਂ ਰਾਹੀਂ ਜੁੜਿਆ ਹੋਇਆ ਹੈ ਅਤੇ ਆਰਡੀਐੱਫ ਫ਼ੰਡ ਇਸ ਮੰਡੀ ਬੋਰਡ ਰਾਹੀਂ ਹੀ ਇਕੱਠਾ ਹੁੰਦਾ ਹੈ।ਜਿਸਦੇ ਨਾਲ ਪਿੰਡਾਂ ਦੀਆਂ ਸੜਕਾਂ ਆਦਿ ਦੀ ਮੁਰੰਮਤ ਹੁੰਦੀ ਹੈ। ਹਰ ਸੂਬੇ ਦੇ ਵੱਖਰੇ ਹਾਲਾਤ ਹੁੰਦੇ ਹਨ, ਪੰਜਾਬ ਨੂੰ ਇਸ ਨੀਤੀ ਦੀ ਕੋਈ ਲੋੜ ਨਹੀਂ ਹੈ ਇਸ ਕਰਕੇ ਮੈਂ ਪੰਜਾਬ ਸਰਕਾਰ ਦੇ ਇਸ ਮਤੇ ਪੱਖ ਵਿੱਚ ਹਾਂ ਅਤੇ ਕੇਂਦਰ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰਦਾ ਹਾਂ।

**ਵਿਧਾਇਕਾਂ ਨੇ ਪੰਜਾਬ ਸਰਕਾਰ ਨੂੰ ਵੀ ਘੇਰਿਆ**

ਕਾਂਗਰਸ ਤੋਂ ਮੁਅੱਤਲ ਕੀਤੇ ਗਏ ਵਿਧਾਇਕ ਸੰਦੀਪ ਜਾਖੜ ਨੇ ਮਤੇ ਦਾ ਸਮਰਥਨ ਕਰਦਿਆਂ ਸਰਕਾਰ ਸਮੇਤ ਵਿਰੋਧੀ ਪਾਰਟੀਆਂ ਉੱਤੇ ਵੀ ਸਵਾਲ ਚੁੱਕੇ।ਸੰਦੀਪ ਜਾਖੜ ਨੇ ਕਿਹਾ, ÷ਅਸੀਂ ਕੇਂਦਰ ਸਰਕਾਰ ਦੀ ਨੀਤੀ ਦਾ ਵਿਰੋਧ ਤਾਂ ਕਰ ਰਹੇ ਹਾਂ ਪਰ ਇਹ ਚਰਚਾ ਕਿਉਂ ਨਹੀਂ ਹੋ ਰਹੀ ਕਿ ਅਸੀਂ ਕਿਸਾਨਾਂ ਨੂੰ ਖੇਤੀ ਸੰਕਟ ਵਿੱਚੋਂ ਬਾਹਰ ਕਿਵੇਂ ਕੱਢਣਾ ਹੈ। ਇਸਦਾ ਕੋਈ ਰੋਡ ਮੈਪ ਤਿਆਰ ਕਰਨ ਦੀ ਕੋਈ ਗੱਲ ਕਿਉਂ ਨਹੀਂ ਕੀਤੀ ਜਾ ਰਹੀ।ਕਿਉਂ ਰਾਣਾ ਗੁਰਜੀਤ ਨੂੰ 2 ਸਾਲ ਲਈ ਐੱਮਐੱਸਪੀ ਦੇਣ ਦੀ ਗੱਲ ਕਰਨੀ ਪਈ। ਜੇਕਰ ਹਰਿਆਣਾ ਐੱਮਐੱਸਪੀ ਐਲਾਨ ਕਰ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ। ਅਸੀਂ ਸਾਰੇ ਰਲ ਕੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖਰੜੇ ਨੂੰ ਪੜ੍ਹੀਏ ਅਤੇ ਵਿਚਾਰ ਕਰੀਏ ਕਿ ਆਖਰ ਕੀ ਗ਼ਲਤ ਹੈ ਕੀ ਸਹੀ ਤੇ ਇਸ ਵਿੱਚ ਕੀ ਸੋਧ ਹੋਣੀ ਚਾਹੀਦੀ ਹੈ।ਹਾਲਾਂਕਿ ਸੰਦੀਪ ਜਾਖੜ ਨੂੰ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੇ ਮੁੜ ਸਵਾਲ ਕੀਤਾ ਕਿ ਤੁਸੀਂ ਮਤੇ ਦੇ ਹੱਕ ਵਿੱਚ ਹੋ ਜਾਂ ਨਹੀਂ ਤਾਂ ਸੰਦੀਪ ਜਾਖੜ ਨੇ ਜਵਾਬ ਦਿੱਤਾ ਕਿ ਮੈਂ ਕੇਂਦਰ ਦੀ ਨੀਤੀ ਦੇ ਖ਼ਿਲਾਫ਼ ਹਾਂ ਪਰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਉਸ ਖਰੜੇ ਨੂੰ ਪੜ੍ਹ ਕੇ ਕੋਈ ਹੱਲ ਕੱਢਣਾ ਚਾਹੀਦਾ ਹੈ।ਪ੍ਰਤਾਪ ਸਿੰਘ ਬਾਜਵਾ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਸੰਬੋਧਨ ਕਰਦਿਆਂ ਕਿਹਾ, ਤੁਹਾਡੇ ਵਕੀਲ ਕਮਜ਼ੋਰ ਹਨ ਜਿਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਪੰਜਾਬ ਦਾ ਪੱਖ ਨਹੀਂ ਰੱਖਿਆ ਅਤੇ ਆਰਡੀਐੱਫ ਦਾ ਪੈਸੇ ਅਜੇ ਤੱਕ ਜਾਰੀ ਨਹੀਂ ਕਰਵਾਇਆ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਕੇਂਦਰ ਨਾਲ ਲੜ੍ਹਨਾ ਚਾਹੀਦਾ ਹੈ ਕਿ ਪੰਜਾਬ ਦਾ 80 ਕਰੋੜ ਕਿਉਂ ਰੋਕਿਆ ਹੋਇਆ ਹੈ।

# ਪੰਜਾਬ ਵਿਧਾਨ ਸਭਾ ’ਚ ਭ੍ਰਿਸ਼ਟਾਚਾਰ ਦੇ ਮਾਮਲੇ ’ਤੇ ਹੰਗਾਮਾ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਆਖ਼ਰੀ ਦਿਨ ਅੱਜ ਸਿਫ਼ਰ ਕਾਲ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਸੱਤਾਧਾਰੀ ਧਿਰ ’ਤੇ ਲਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ’ਤੇ ਹੰਗਾਮਾ ਹੋ ਗਿਆ। ਸ੍ਰੀ ਬਾਜਵਾ ਨੇ ਤਹਿਸੀਲਾਂ ’ਚ ਹੋ ਰਹੇ ਭ੍ਰਿਸ਼ਟਾਚਾਰ ਅਤੇ ਖਣਨ ਦੇ ਮੁੱਦੇ ਵੀ ਚੁੱਕੇ। ਉਨ੍ਹਾਂ ਸਦਨ ’ਚ ਜਦੋਂ ‘ਪਾਰਟੀ ਫੰਡ’ ਦਾ ਮਾਮਲਾ ਚੁੱਕਿਆ ਤਾਂ ਰੌਲਾ ਪੈ ਗਿਆ ਹੈ। ਇੱਕ ਵਾਰ ਤਾਂ ਪ੍ਰਤਾਪ ਸਿੰਘ ਬਾਜਵਾ ਤੇ ਮੰਤਰੀ ਹਰਭਜਨ ਸਿੰਘ ਈਟੀਓ ਆਹਮੋ-ਸਾਹਮਣੇ ਹੋ ਗਏ। ਕੈਬਨਿਟ ਮੰਤਰੀ ਅਮਨ ਅਰੋੜਾ ਸਦਨ ’ਚ ‘ਪਾਰਟੀ ਫੰਡ’ ਮਾਮਲੇ ’ਤੇ ਸ੍ਰੀ ਈਟੀਓ ਦੀ ਪਿੱਠ ’ਤੇ ਡਟ ਗਏ। ਅੱਜ ਜਿਉਂ ਹੀ ਸਿਫ਼ਰ ਕਾਲ ਸ਼ੁਰੂ ਹੋਇਆ ਤਾਂ ਪ੍ਰਤਾਪ ਬਾਜਵਾ ਨੇ ਪੀਐੱਸਈਬੀ ਇੰਜਨੀਅਰਜ਼ ਐਸੋਸੀਏਸ਼ਨ ਵੱਲੋਂ ‘ਪਾਰਟੀ ਫੰਡ’ ਘਪਲੇ ਦੀ ਜਾਂਚ ਲਈ ਮੁੱਖ ਮੰਤਰੀ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਸਦਨ ’ਚ ਇਸ ਮਾਮਲੇ ਦੀ ਜੁਡੀਸ਼ਲ ਜਾਂ ਸਦਨ ਦੀ ਕਮੇਟੀ ਬਣਾ ਕੇ ਜਾਂਚ ਦੀ ਮੰਗ ਕੀਤੀ। ਉਨ੍ਹਾਂ ਵਿਜੀਲੈਂਸ ਰਿਪੋਰਟ ਦੇ ਹਵਾਲੇ ਨਾਲ ਤਹਿਸੀਲਾਂ ’ਚ ਤਾਇਨਾਤ ਚਾਰ ਦਰਜਨ ਮਾਲ ਅਫ਼ਸਰਾਂ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ। ਇਸ ਮਗਰੋਂ ਸਦਨ ’ਚ ਹੰਗਾਮਾ ਹੋ ਗਿਆ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਾਹੌਲ ਸ਼ਾਂਤ ਕਰਨ ਵਾਸਤੇ ਵਾਰ-ਵਾਰ ਦਖ਼ਲ ਦੇਣਾ ਪਿਆ। ਮੰਤਰੀ ਈਟੀਓ ਨੇ ਇਨ੍ਹਾਂ ਦੋਸ਼ਾਂ ਦੇ ਜਵਾਬ ’ਚ ਕਿਹਾ ਕਿ ਜਦੋਂ ਸ੍ਰੀ ਬਾਜਵਾ ਲੋਕ ਨਿਰਮਾਣ ਮੰਤਰੀ ਸਨ ਤਾਂ ਉਦੋਂ 28 ਅਧਿਕਾਰੀ ਲੁੱਕ ਘਪਲੇ ’ਚ ਫੜੇ ਗਏ ਸਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਜੀਲੈਂਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਇੰਜਨੀਅਰਜ਼ ਐਸੋਸੀਏਸ਼ਨ ਵਿਜੀਲੈਂਸ ਕੋਲ ਕਿਉਂ ਨਹੀਂ ਜਾਂਦੀ। ਤਲਖ਼ੀ ਘਟਣ ਮਗਰੋਂ ਕੈਬਨਿਟ



ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ‘ਪਾਰਟੀ ਫੰਡ’ ਹੋ ਸਕਦਾ ਹੈ ਕਿ ਕਿਸੇ ਵੀ ਸੇਵਾਮੁਕਤੀ ਵਾਸਤੇ ਹੋਵੇ। ਇੱਕ ਮਿਸਾਲ ਨਾਲ ਅਮਨ ਅਰੋੜਾ ਨੇ ਬਿਜਲੀ ਮੰਤਰੀ ਨੂੰ ਇਮਾਨਦਾਰ ਸ਼ਖ਼ਸ ਦੱਸਿਆ। ਉਂਜ, ਉਨ੍ਹਾਂ ਨੇ ਸਦਨ ਦੀ ਕਮੇਟੀ ਬਣਾਉਣ ਲਈ ਵੀ ਖੁੱਲ੍ਹਦਿਲੀ ਦਿਖਾਈ। ਸਿਫ਼ਰ ਕਾਲ ਦੌਰਾਨ ਵਿਧਾਇਕ ਅਸ਼ੋਕ ਪਰਾਸ਼ਰ ਨੇ ਐਲਾਨ ਕੀਤਾ ਕਿ ਡਿਪੋਰਟ ਹੋ ਕੇ ਆਏ 12 ਨੌਜਵਾਨਾਂ ਨੂੰ ਉਹ ਪੱਲਿਓਂ ਪੰਜਾਹ-ਪੰਜਾਹ ਹਜ਼ਾਰ ਦੀ ਮਦਦ ਦੇਣਗੇ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਿਫ਼ਰ ਕਾਲ ਦੌਰਾਨ ਕਿਹਾ ਕਿ ਸੂਬੇ ਵਿੱਚ ਲੋਕ ਰਾਜ ਦੀ ਥਾਂ ਪੁਲੀਸ ਰਾਜ ਆ ਗਿਆ ਹੈ। ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਖਣਨ ਦੇ ਮਾਮਲੇ ’ਤੇ ਸਫ਼ਾਈ ਦਿੱਤੀ। ਬਸਪਾ ਵਿਧਾਇਕ ਡਾ. ਨਛੱਤਰਪਾਲ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਏਰੀਅਰ ਦੇਣ ਲਈ ਸਮਾਂ-ਸੀਮਾ ਘਟਾਉਣ ਦੀ ਮੰਗ ਕੀਤੀ। ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਾਲਜਾਂ ਵਿੱਚ ਕੰਮ ਕਰਦੇ ਗੈੱਸਟ ਫੈਕਲਟੀ ਸਟਾਫ ਦੀਆਂ ਸੇਵਾਵਾਂ ਸੁਰੱਖਿਅਤ ਰੱਖਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ 1158 ਲੈਕਚਰਾਰਾਂ ਦੀ ਭਰਤੀ ਮੁਕੰਮਲ ਹੋ ਚੁੱਕੀ ਹੈ ਤੇ ਨਵੀਂ ਭਰਤੀ ਵੇਲੇ ਇਨ੍ਹਾਂ ਗੈੱਸਟ ਫੈਕਲਟੀ ਅਤੇ ਐਡਹਾਕ ਸਟਾਫ ਦੀਆਂ ਸੇਵਾਵਾਂ ਬਹਾਲ ਰੱਖੀਆਂ ਜਾਣ। ਸਿਫ਼ਰ ਕਾਲ ਦੌਰਾਨ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਗੁਰਦਾਸਪੁਰ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਬਲਜੀਤ ਸਿੰਘ (ਵਾਧੂ ਚਾਰਜ) ਵੱਲੋਂ ਕੀਤੇ ਘਪਲਿਆਂ ਦੀ ਜਾਂਚ ਮਗਰੋਂ ਕੋਈ ਕਾਰਵਾਈ ਨਾ ਹੋਣ ਦੀ ਗੱਲ ਸਦਨ ਵਿੱਚ ਰੱਖੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀ ਕਮੇਟੀ ਨੂੰ ਵੀ ਇਸ ਅਫ਼ਸਰ ਨੇ ਗੁਮਰਾਹ ਕੀਤਾ। ਮੰਤਰੀ ਅਮਨ ਅਰੋੜਾ ਨੇ ਪੰਚਾਇਤ ਮੰਤਰੀ ਤਰੁਨਪ੍ਰੀਤ ਸੌਂਦ ਨੂੰ ਅਜਿਹੇ ਅਫ਼ਸਰ ਖ਼ਿਲਾਫ਼ ਕਾਰਵਾਈ ਲਈ ਕਿਹਾ। ਕੁੱਝ ਸਮੇਂ ਮਗਰੋਂ ਹੀ ਸ੍ਰੀ ਅਰੋੜਾ ਨੇ ਬੀਡੀਪੀਓ ਦੀ ਮੁਅੱਤਲੀ ਵਾਲੇ ਹੁਕਮ ਸਦਨ ’ਚ ਹੀ ਸ੍ਰੀ ਪਾਹੜਾ ਨੂੰ ਸੌਂਪ ਦਿੱਤੇ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





**PRITPAL KAUR**
Editor-In-Chief
+1 201-312-4180
+1 917-328-8436

ADVISORY BOARD

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631



ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**


**ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।**


**Preetnamausa@gmail.com**
**www.preetnama.com**


# ਸੋਸ਼ਲ ਮੀਡੀਆ ਡਿਜੀਟਲ ਕੰਟੈਂਟ 'ਤੇ ਸਰਕਾਰ ਸਖ਼ਤ ਹੋਈ

**ਪ੍ਰੋ . ਡਾ . ਕ੍ਰਿਸ਼ਨ ਕੁਮਾਰ**

ਮੇਰੀ ਜਾਣਕਾਰੀ ਵਿਚ ਪੰਜਾਬ ਦਾ ਕੋਈ ਨੌਕਰਸ਼ਾਹ ਆਪਣੀ ਇਧਰਲੀ ਨੌਕਰੀ ਛੱਡ ਕੇ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਨੌਕਰਸ਼ਾਹ ਨਹੀਂ ਬਣਿਆ। ਨਤੀਜਾ ਇਹ ਨਿਕਲਦਾ ਹੈ ਕਿ ਸਾਡਾ ਕਾਮਯਾਬ ਸਿਆਸਤਦਾਨ ਅਤੇ ਸ਼ਕਤੀਸ਼ਾਲੀ ਨੌਕਰਸ਼ਾਹ ਵਧੀਆ ਮੁਲਕਾਂ ਦੇ ਕਿਸੇ ਕੰਮ ਦੇ ਨਹੀਂ, ਇਨ੍ਹਾਂ ਦੀ ਓਧਰ ਕੋਈ ਮੰਗ ਨਹੀਂ, ਇਨ੍ਹਾਂ ਲਈ ਉੱਥੇ ਕੋਈ ਥਾਂ ਨਹੀਂ। ਇਹ ਸਿਰਫ਼ ਸਾਡੇ ਜਾਂ ਸਾਡੇ ਤੋਂ ਪੱਛੜੇ ਮੁਲਕਾਂ ਵਿਚ ਹੀ ਪਾਏ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਸਥਾਪਤ ਸਿਆਸਤਦਾਨ ਅਤੇ ਨੌਕਰਸ਼ਾਹੀ ਪ੍ਰਬੰਧ ਇਸ ਨੂੰ ਗੁਣਾਤਮਕ ਤਰੱਕੀ ਦੇ ਰਸਤੇ ਤੋਰ ਸਕਣ ਦੇ ਯੋਗ ਨਹੀਂ। ਫਿਰ ਵੀ ਪੰਜਾਬ ਵਿਚ ਇਨ੍ਹਾਂ ਦਾ ਪੂਰਾ ਦਬਦਬਾ ਹੈ। ਇਨ੍ਹਾਂ ਦੀ ਹਰ ਖੇਤਰ ਵਿਚ ਦਖਲਅੰਦਾਜ਼ੀ ਅਤੇ ਚੌਧਰ ਹੈ। ਉਪਰੋਕਤ ਉਦਾਹਰਨਾਂ ਅਤੇ ਚਰਚਾ ਨਾਲ ਪੰਜਾਬ ਨੂੰ ਪਏ ਹੋਏ ਕੀੜਿਆਂ ਦੀਆਂ ਦੋ ਮੋਟੀਆਂ ਕਿਸਮਾਂ ਦੀ ਪਛਾਣ ਹੋ ਜਾਂਦੀ ਹੈ ਜਿਨ੍ਹਾਂ ਦੀ ਕਾਰਗੁਜ਼ਾਰੀ ਨਾਲ ਸੰਸਾਰ ਦੇ ਸਭ ਤੋਂ ਉਨਤ, ਖ਼ੁਸ਼ਹਾਲ ਅਤੇ ਸੋਹਣਾ ਖਿੱਤਾ ਹੋਣ ਦੀਆਂ ਸੰਭਾਵਨਾਵਾਂ ਵਾਲਾ ਪੰਜਾਬ ਖ਼ੁਦਕੁਸ਼ੀਆਂ ਅਤੇ ਉਜਾੜੇ ਦੀ ਧਰਤੀ ਬਣ ਗਿਆ ਹੈ। ਪਰ ਇਹ ਕੀੜੇ ਕੋਈ ਬਾਹਰੋਂ ਨਹੀਂ ਪਏ, ਅੰਦਰੋਂ ਪੈਦਾ ਹੋਏ ਹਨ। ਪੰਜਾਬੀ ਮਾਨਸਿਕਤਾ ਨੇ ਇਨ੍ਹਾਂ ਨੂੰ ਵਧਣ ਫੁੱਲਣ ਦਿੱਤਾ ਹੈ।

ਇੱਥੇ ਹਰ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਹੋਰ ਜ਼ਰੂਰੀ ਖ਼ਰਚੇ ਕਰਨ ਲਈ ਪੈਸੇ ਨਹੀਂ ਹਨ। ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗ਼ਰੀਬ ਤੋਂ ਗ਼ਰੀਬ ਦੇਸ਼ ਵਾਲੀਆਂ ਹਨ, ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖ਼ਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਜ਼ਿਆਦਾ ਹੁੰਦਾ ਹੈ। ਸੂਬੇ ਵਿਚ ਆਰਥਿਕ ਤੰਗੀ ਦੀ ਦੁਹਾਈ ਦਿੱਤੀ ਜਾਂਦੀ ਹੈ ਅਤੇ ਲੋਕਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਸਾਡਾ ਦੇਸ਼ ਜਾਂ ਸੂਬਾ ਗ਼ਰੀਬ ਹੈ। ਫਿਰ ਰਾਜਨੀਤਕ ਪਾਰਟੀਆਂ ਜਾਂ ਸਿਆਸੀ ਲੋਕਾਂ ਕੋਲ ਚੋਣਾਂ ਲਈ ਏਨਾ ਪੈਸਾ ਕਿੱਥੋਂ, ਕਿਵੇਂ ਅਤੇ ਕਿਉਂ ਆ ਜਾਂਦਾ ਹੈ ? ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਾਰਟੀਆਂ ਵੱਲੋਂ ਹਰੇਕ ਸੰਸਦੀ ਸੀਟ 'ਤੇ ਤਕਰੀਬਨ ਇਕ-ਇਕ ਅਰਬ ਰੁਪਇਆ ਖ਼ਰਚਿਆ ਜਾਂਦਾ ਹੈ। ਜਿਸ ਤਰ੍ਹਾਂ ਦੀ ਸਿਆਸਤ ਅਸੀਂ ਆਪਣੇ ਪੇਸ਼ ਪਾ ਲਈ ਹੈ ਇਹ ਪੰਜਾਬੀਆਂ ਨੂੰ ਬਹੁਤ ਜ਼ਿਆਦਾ ਮਹਿੰਗੀ ਪੈ ਰਹੀ ਹੈ। ਜਿੱਥੇ ਇਕ ਪੋਸਟਰ ਜਾਂ ਬੈਨਰ ਨਾਲ ਸਰ ਸਕਦਾ ਹੈ, ਉੱਥੇ ਸੌ ਸੌ ਲਗਾਏ ਜਾਂਦੇ ਹਨ। ਅਜਿਹਾ ਕਰਕੇ ਸਹੀ ਸੋਚ ਵਾਲੇ ਸਿਆਣੇ ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ ਉਹ ਰਾਜਨੀਤੀ ਵਿਚ ਆਉਣ ਦੀ ਸੋਚ ਵੀ ਨਾ ਸਕਣ। ਵੱਡੀ ਗਿਣਤੀ ਵਿਚ ਵੱਡੇ ਵੱਡੇ ਹੋਰਡਿੰਗ ਲਾ ਕੇ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸਥਾਪਤ ਸਿਆਸੀ ਲੋਕਾਂ ਦਾ ਉਦੇਸ਼ ਸ਼ਕਤੀ ਹਥਿਆਉਣ ਲਈ ਪੈਸਾ ਖ਼ਰਚਣਾ ਅਤੇ ਪੈਸੇ 'ਕੱਠੇ ਕਰਨ ਲਈ ਸ਼ਕਤੀ ਹਥਿਆਉਣਾ ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਨੀਤੀਗਤ ਵਖਰੇਵਾਂ ਨਾ ਹੋਣ ਕਰਕੇ ਇਹ ਆਪਣੀ ਸਹੂਲਤ ਲਈ ਬੜੇ ਆਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉੱਪਰੋਂ ਵਿਰੋਧੀ ਲੱਗਦੀਆਂ ਪਾਰਟੀਆਂ ਅੰਦਰੋਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, 'ਸਾਰੇ ਇਕੋ ਜਿਹੇ ਹਨ' ਜਾਂ 'ਸਭ ਰਲੇ ਹੋਏ ਹਨ।' ਇਸ ਤਰ੍ਹਾਂ ਪੰਜਾਬ ਜਾਂ ਦੇਸ਼ ਅੰਦਰ ਵਧੀ ਫੁੱਲੀ ਸਿਆਸਤ ਦਾ ਕੀੜਾ ਇਸ ਦੀ ਆਰਥਿਕ ਅਤੇ ਮਾਨਸਿਕ ਸਿਹਤ ਦਾ ਦੁਸ਼ਮਣ ਬਣਿਆ ਹੋਇਆ ਹੈ। ਅਸਲ ਆਗੂਆਂ ਨੇ ਦੇਖਣਾ ਹੁੰਦਾ ਹੈ ਕਿ ਲੋਕਾਂ ਦੀ ਭਲਾਈ ਕਿਸ ਗੱਲ ਵਿਚ ਹੈ, ਲੋਕਾਂ ਨੂੰ ਚੰਗੇ, ਸਿਆਣੇ ਅਤੇ ਖ਼ੁਸ਼ਹਾਲ ਕਿਵੇਂ ਬਣਾਉਣਾ ਹੈ। ਉਹ ਆਪ ਆਚਰਨ, ਵਿਹਾਰ ਅਤੇ ਕਾਨੂੰਨ ਪਾਲਣਾ ਦੇ ਉੱਚੇ ਮਿਆਰ ਅਪਣਾਉਂਦੇ ਅਤੇ ਜਨਤਾ ਲਈ ਉਦਾਹਰਨ ਬਣਦੇ ਹਨ, ਪਰ ਪੰਜਾਬ ਵਿਚ ਅਜਿਹੇ ਆਗੂਆਂ ਦਾ ਕਾਲ਼ ਹੈ। ਸਾਡੇ ਵਾਂਗ ਸਾਡਾ ਸਿਅਸਤਦਨ ਅਪਣਾ ਵਕਤੀ ਲਾਭ ਦੇਖਦਾ ਹੈ। ਲੋਕਾਂ ਨੂੰ ਬੇਵਕੂਫ ਅਤੇ ਉਜੱਡ ਬਣਾਉਂਦਾ ਹੈ। ਰਾਜਨੀਤੀ ਦਾ ਕੰਮ ਸਮੱਸਿਆਵਾਂ ਨੂੰ ਸੁਲਝਾਉਣਾ ਜਾਂ ਮੁੱਦਿਆਂ ਨੂੰ ਨਜਿੱਠਣਾ ਹੁੰਦਾ ਹੈ, ਪਰ ਸਾਡੇ ਹਰ ਪੱਧਰ ਦੇ ਮਸਲੇ ਵਧੀ ਜਾ ਰਹੇ ਹਨ। ਪੰਜਾਬ ਸਾਹ ਲੈਣ ਯੋਗ ਸਾਫ਼ ਹਵਾ ਅਤੇ ਪੀਣ ਯੋਗ ਸ਼ੁੱਧ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਹੀ ਵਾਂਝਾ ਹੋ ਗਿਆ ਹੈ। ਸਾਡੇ ਸਥਾਪਤ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ਼ ਵਰਤਦੇ ਹਨ ਜੇ ਓਨਾ ਲੋਕਾਂ ਦੀਆਂ ਸਮੱਸਿਆਂ ਨੂੰ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਦੇ ਅੰਦਰ ਪੰਜਾਬ ਮੋਟੀਆਂ ਮੋਟੀਆਂ ਸਾਰੀਆਂ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ, ਪਰ ਜਿਸ ਭਾਂਤ ਦੀ ਰਾਜਨੀਤੀ ਨੂੰ ਪੰਜਾਬ ਨੇ ਵਧਣ ਫੁੱਲਣ ਦਿੱਤਾ ਅਤੇ ਆਪਣੇ ਗਲ਼ ਪਾ ਲਿਆ ਹੈ ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਵੋਟਾਂ ਦੀ 'ਮਜਬੂਰੀ' ਕਾਰਨ ਇਹ ਰਾਜਨੀਤੀ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਲਈ ਅੜਿੱਕਾ ਬਣਦੀ ਹੈ। ਅੜਿੱਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਵਿਚ ਲੱਗੀ ਰਹਿੰਦੀ ਹੈ। ਪੁਲੀਸ ਪ੍ਰਬੰਧ ਵਿਚ ਦਖਲ ਦੇ ਕੇ ਉਸਦਾ ਅਪਰਾਧੀਕਰਨ ਕਰਦੀ ਹੈ। ਅਧੀਨ ਕਰਨ ਦੀ ਪ੍ਰਕਿਰਿਆ ਨੂੰ ਜ਼ੋਰਸ਼ੋਰ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਸਿਆਸਤਦਾਨਾਂ ਨੂੰ ਆਪਣੇ ਟੱਬਰ ਨਾਲ ਲਾਉਣੇ ਪੈਂਦੇ ਹਨ। ਨਤੀਜੇ ਵਜੋਂ ਸਿਆਸਤ ਵਿਚ ਦੇਸ਼ ਪਿਆਰ ਜਾਂ ਲੋਕ ਭਲਾਈ ਦੀ ਜਗ੍ਹਾ ਪਰਿਵਾਰਵਾਦ ਦਾ ਬੋਲਬਾਲਾ ਹੋ ਗਿਆ ਹੈ। ਦੂਸਰੀ ਗੱਲ, ਜਿਸ ਮੁਲਕ ਜਾਂ ਸੂਬੇ ਵਿਚ ਪ੍ਰਸ਼ਾਸਕ ਦਾ ਰੁਤਬਾ, ਰੋਹਬ ਜਾਂ ਦਬਦਬਾ ਕਿਸੇ ਵਿਗਿਆਨੀ, ਯੋਜਨਾਕਾਰ, ਆਰਥਿਕ ਮਾਹਿਰ, ਸਿੱਖਿਆ ਸ਼ਾਸਤਰੀ, ਤਕਨੀਕੀ ਮਾਹਿਰ ਜਾਂ ਹੋਰ ਹੁਨਰਮੰਦਾਂ ਨਾਲੋਂ ਵਧੇਰੇ ਹੋਵੇਗਾ ਉਹ ਸਾਡੇ ਮੁਲਕ ਜਾਂ ਸੂਬੇ ਵਰਗੀ 'ਤਰੱਕੀ' ਹੀ ਕਰੇਗਾ। ਅਸੀਂ ਜਨਤਕ ਸੇਵਕ ਨੂੰ ਲੋਕਾਂ ਦੇ ਸੇਵਾਦਾਰ ਦੀ ਬਜਾਏ ਮਾਲਕ ਜਾਂ ਹਾਕਮ ਹੋਣ ਜਾਂ ਮਹਿਸੂਸ ਕਰਨ ਦਾ ਅਧਿਕਾਰ ਦਿੱਤਾ ਹੈ। ਨੌਕਰਸ਼ਾਹੀ ਕਿਸੇ ਵੀ ਖੇਤਰ ਦੀ ਮਾਹਿਰ ਨਾ ਹੋਣ ਦੇ ਬਾਵਜੂਦ ਇਹ ਸਭ ਮਾਹਿਰਾਂ ਦੇ ਸਿਰ 'ਤੇ ਬੈਠਦੀ ਹੈ। ਆਪਣੀ ਚਮਕ ਦਮਕ ਅਤੇ ਰਾਜ ਸ਼ਕਤੀ ਕਾਰਨ ਇਹ ਹਰ ਤਰ੍ਹਾਂ ਦੀਆਂ ਸਰਕਾਰੀ ਕੁਰਸੀਆਂ 'ਤੇ ਬੈਠੇ ਹੋਰ ਲੋਕਾਂ ਲਈ ਰੋਲ ਮਾਡਲ ਬਣਦੀ ਹੈ। ਨੌਕਰਸ਼ਾਹੀ ਦਾ ਮਤਲਬ ਤਾਂ ਮੁਣਸ਼ੀਗਰੀ ਸੀ, ਪਰ ਸਰਕਾਰੀ ਮੁਣਸ਼ੀਆਂ ਦਾ ਰੋਹਬ-ਦਾਬ ਤੇ ਪ੍ਰਭਾਵ ਦੇਖ ਕੇ ਰੀਸੋ ਰੀਸੀ ਸਰਕਾਰੀ ਡਾਕਟਰਾਂ ਨੂੰ ਮੈਡੀਕਲ ਅਫ਼ਸਰ ਹੋਣਾ ਚੰਗਾ ਲੱਗਾ। ਖੇਤੀ ਵਿਗਿਆਨੀ ਖੇਤੀਬਾੜੀ ਅਫ਼ਸਰ ਹੋ ਗਏ ਤੇ ਸਿੱਖਿਆ ਸ਼ਾਸਤਰੀ ਸਿੱਖਿਆ ਅਫ਼ਸਰ ਅਖਵਾਉਣ ਲੱਗੇ। ਇਸੇ ਤਰ੍ਹਾਂ ਇੰਜਨੀਅਰਿੰਗ ਅਤੇ ਵਿਕਾਸ ਨਾਲ ਸਬੰਧਤ ਹੋਰ ਸਿਰਜਨਾਤਮਕ ਖੇਤਰਾਂ ਦਾ ਗੌਰਵ ਮੁਣਸ਼ੀਪੁਣੇ ਤਹਿਤ ਹੈ। ਨੌਕਰਸ਼ਾਹੀ ਨੇ ਇਕ ਜਮਾਤ ਨਾ ਰਹਿ ਕੇ ਸਮੁੱਚੇ ਸਰਕਾਰੀ ਤੰਤਰ ਵਿਚ ਫੈਲੇ ਭਿਆਨਕ ਕੋਹੜ ਦਾ ਰੂਪ ਧਾਰ ਲਿਆ ਹੈ। ਅੱਜਕੱਲ੍ਹ ਰਾਜ ਨੇਤਾਵਾਂ ਵੱਲੋਂ ਜਨਤਕ ਧੰਨ ਹੜੱਪਣ ਦੇ ਘੁਟਾਲੇ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ, ਪਰ ਨੌਕਰਸ਼ਾਹੀ ਦੀ ਅਜੇ 'ਢਕੀ ਰਿੱਝ' ਰਹੀ ਹੈ।

# ਵਿਹਲੀ ਬਿਜ਼ੀ, ਜਨਤਾ

ਨਾ ਕੋਈ ਕੰਮ ਨਾ ਧੰਦਾ,ਫੇਰ ਵੀ ਹਾਲ ਹੈ ਮੰਦਾ..। ਅੱਜ ਦੇ ਸਮੇਂ ਨੂੰ ਦੇਖਦੇ ਹੋਏ, ਵੱਡੇ ਬਜ਼ੁਰਗ ਬੜੇ ਹੈਰਾਨ ਹਨ ।ਇਸੇ ਜਨਤਾ ਵਿੱਚੋਂ ਬਹੁਤ ਵਾਰ ਜਸਪ੍ਰੀਤ ਨੂੰ ਲਿਖਣ ਵਾਰੇ ਕਿਹਾ ਗਿਆ। ਦੱਸਣਾ ਚਾਹੁੰਦੀ ਹਾਂ ਕਿ ਮੈਂ ਅਕਸਰ ਲਿਖਦੀ ਆਈ ਹਾਂ, ਅੱਜ ਦੇ ਮਹੌਲ ਤੇ ।ਸਿਆਣੇ ਕਹਿੰਦੇ ਹਨ, ਏਦੋਂ ਮਾੜਾ ਸਮਾਂ ਹੋਰ ਕੀ ਹੋਣਾ ਭਲਾਂ ? ਕਿਤੇ ਵਜ਼ਾ ਬਣਦੀ ਹੈ ਬੇਰੁਜਗਾਰੀ, ਕਿਤੇ ਨਸ਼ੇ, ਬਾਕੀ ਰਹਿੰਦੀ ਕਸਰ ਕੱਢ ਤੀ ਮੁਬਾਇਲਾਂ ਨੇ । ਏਸੇ ਲਈ ਹੱਸਦੇ ਕਹਿੰਦੇ ਨੇ ਸਭ , ਵਿਹਲੀ ਬਿਜ਼ੀ ਜਨਤਾ ।ਜੇ ਸਾਡੇ ਦੇਸ਼ ਦੀ ਹਾਲਤ ਵੀ ਵਿਦੇਸ਼ਾਂ ਨਾਲ ਮੇਲ ਖਾਂਦੀ ਤਾਂ ਕਾਹਨੂੰ ਆਪੇ ਹੱਸਦੇ ਤੇ ਮਜਾਕ ਉੜਾਉਦੇਂ ।

ਅੱਜ ਦੀ ਨੌਜਵਾਨ ਪੀੜੀ ਨੂੰ ਸਰਕਾਰਾਂ ਤੇ ਆਸ ਰੱਖਣ ਦੀ ਵਜਾਏ ਕੋਈ ਕੰਮ ਧੰਦਾ ਤੋਰ ਲੈਣਾ ਚਹੀਦਾ,ਕਿਓਂਕਿ ਹਰ ਵਾਰ ਸਰਕਾਰਾਂ ਤੇ ਆਸਾਂ ਰੱਖਦੇ ਨੇ ਦੇਸ਼ ਵਾਸੀ ਪਰ ਕੁਝ ਵੀ ਪੱਲੇ ਨਹੀਂ ਪੈਂਦਾ। ਸਰਕਾਰਾਂ ਆਉਦੀਆਂ ਜਾਂਦੀਆਂ ਰਹਿੰਦੀਆਂ, ਜਨਤਾਂ ਓਥੇ ਦੀ ਓਥੇ ਹੈ ਰੁਜਗਾਰ ਵਿੱਚ,ਬਾਕੀ ਸਭ ਗੱਲਾਂ ਚ ਬਹੁਤ ਤੇਜੀ ਵਰਤੀ ਜਾ ਰਹੀ ਹੈ ।ਜਿਵੇਂ ਕਿ ਨੈੱਟਵਰਕ ਦੇ ਆਦੀ ਅਸੀਂ ਸਾਰਾ ਦਿਨ ਇਸ ਜਾਲ ਦਗਚ ਉਲਝੇ ਰਹਿੰਦੇ ਹਾਂ ਭਾਵੇਂ ਵਿਹਲੇ ਵੀ ਹੋਈਏ ਤਾਂ ਵੀ ਬਿਜੀ ਲੱਗਦੇ ਹਾਂ।ਬੜੇ ਬਜ਼ੁਰਗ ਤਰਸਦੇ ਨੇ ਗੱਲਾਂ ਕਰਨੇ ਨੂੰ ਕਿ ਕਦੋਂ ਮੋਬਾਇਲ ਤੋਂ ਪਰਾਂ ਹੋ ਕੇ ਸਾਡੇ ਨਾਲ ਗੱਲ ਕਰਨਗੇ ।ਕਿਹੋ ਜਿਹਾ ਮਹੌਲ ਬਣ ਗਿਆ ਹੈ,ਸਾਡੇ ਚਾਰਚੁਫੇਰੇ ਇਸ ਤੋਂ ਮਾੜਾ ਕੀ ਹੋਜੂ ।ਗਲੀਆਂ ਦੀ ਰੌਣਕ ਤੇ ਲੋਕਾਂ ਦਾ ਮਿਲਵਰਤਣ ਦਿਨੋਂ-ਦਿਨ ਖਤਮ ਹੁੰਦਾ ਜਾ ਰਿਹਾ ।

ਸੜਕਾਂ ਤੇ ਤੁਰਦੇ-ਫਿਰਦੇ ਜਾਂ ਸਫਰ ਕਰਦੇ ਹੋਏ, ਮੁਬਾਇਲਾਂ ਤੇ ਲੱਗੇ ਹੈੱਡਫੋਨ ਹਾਦਸਿਆਂ ਦਾ ਕਾਰਨ ਬਣਦੇ ਹਨ । ਫੇਰ ਵੀ ਸਮਝਣ ਦੀ ਵਜਾਏ, ਜਨਤਾ ਅੰਨੇ-ਵਾਹ ਚੱਲਦੀ ਜਾਂਦੀ ਆ । ਹਰ ਸਮੇਂ ਕਿਸੇ ਤਲਾਸ਼ ਵਿੱਚ ਭੱਜੇ ਫਿਰਦੇ ਰਹਿੰਦੇ ਹਾਂ ਅਸੀਂ, ਜਿਵੇਂ ਬਹੁਤ ਬਿਜ਼ੀ ਹੋਈਏ । ਸਮਝ ਨਹੀਂ ਆਉਂਦੀ ਕੀ ਭਾਲਦੇ ਹਾਂ, ਉਲਝੇ ਰਹਿੰਦੇ ਹਾਂ, ਮਨ ਦਾ ਚੈਨ ਖੋ ਕੇ....। ਅੱਜ ਰਿਸ਼ਤੇਦਾਰੀਆਂ ਚ ਜਾਣ ਤੋਂ ਪਹਿਲਾਂ ਫੋਨ ਕਰ ਕੇ ਦੱਸਣਾ ਪੈਂਦਾ,ਓਹ ਵੀ ਦਿਨ ਹੁੰਦੇ ਸੀ ਜਦੋਂ ਬਨੇਰੇ ਕਾਂ ਬੋਲਦਾ ਸੁਣ ਕੇ ਉਡੀਕਦੇ ਸੀ ਕਿ ਕਿਹੜਾ ਰਿਸ਼ਤੇਦਾਰ ਆਵੇਗਾ ?? ਬੜਾ ਚਾਅ ਮੰਨਾਇਆ ਜਾਂਦਾ ਸੀ । ਅੰਤਾਂ ਦੇ ਕੰਮ ਧੰਦਿਆਂ ਚੋਂ ਨਿਕਲ ਕੇ ਵੀ ਇੱਕ ਦੂਜੇ ਦੀ ਸਾਰ ਲੈਂਦੇ ਸੀ ਤੇ ਅੱਜ ਵਿਹਲੇ ਵੀ ਬਿਜੀ ਰਹਿੰਦੇ ਹਾਂ ।ਸੱਚ ਹੀ ਕਿਹਾ ਗੁਰਦਾਸ ਮਾਨ ਜੀ ਨੇ ਸੱਚੇ ਪਾਤਸਾ ਵਾਹਿਗੁਰੂ ਜਾਣੇ,ਕੀ ਬਣੂ ਦੁਨੀਆਂ ਦਾ......

ਜਸਪ੍ਰੀਤ ਕੌਰ ਮਾਂਗਟ
ਬੇਗੋਵਾਲ, ਦੋਰਾਹਾ (ਲੁਧਿਆਣਾ)
99143-48246



# ਅੱਜਕਲ੍ਹ ਦੀ ਨੌਜਵਾਨੀ ਨੂੰ ਭਵਿੱਖ ਤੋਂ ਪਿਆਰਾ ਹੋਇਆ ਇਸ਼ਕ....

ਮੰਨਦੇ ਹਾਂ ਕੀ ਪਿਆਰ ਇਸ ਦੁਨੀਆਂ ਦੀ ਹਰੇਕ ਸੈਹ ਤੋਂ ਖ਼ੂਬਸੂਰਤ ਤੇ ਨਿਵੇਕਲਾ ਹੈ ।ਇਹ ਇੱਕ ਪਿਆਰ ਹੀ ਹੈ ਜੋ ਇੱਕ ਦੂਜੇ ਨੂੰ ਜਾਂ ਸਮਾਜ ਨੂੰ ਜੋੜਕੇ ਰੱਖਦਾ ਹੈ ।ਪਰ ਅੱਜਕਲ੍ਹ ਦੀ ਨਵੀਂ ਪੀੜੀ ਨਹੀਂ ਕਹਾਂਗਾ ਭਾਵ ਨਵੀਂ ਪਨੀਰੀ ਨੇ ਪਿਆਰ ਦਾ ਰੰਗ ਰੂਪ ਹੀ ਬਦਲਕੇ ਰੱਖ ਦਿੱਤਾ ।ਮੈਂ ਆਪਣੇ ਨਿੱਜੀ ਵਿਚਾਰਾਂ ਨਾਲ ਸਾਰਿਆਂ ਦੀ ਗੱਲ ਨਹੀਂ ਕਰ ਰਿਹਾ ਪਰ ਫੇਰ ਵੀ ਬਹੁਤ ਅੱਜ ਦੇ ਨੌਜਵਾਨਾਂ ਨੂੰ ਨਾ ਭਵਿੱਖ ਦਾ ਕੋਈ ਫ਼ਿਕਰ ਹੈ ਨਾ ਹੀ ਉਮਰਾਂ ਦੀ ਲਿਹਾਜ਼ ਅਤੇ ਨਾ ਹੀ ਆਪਣੇ ਪਰਾਏ ਦੀ ਕੋਈ ਸੰਗ ਸ਼ਰਮ ।

ਪਿਆਰੇ ਦੋਸਤੋਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਜ਼ੇਕਰ ਪਿਆਰ ਦੀ ਕੋਈ ਸੱਚੀ ਸੁੱਚੀ ਉਦਾਹਰਣ ਹੈ ਜਾਂ ਪਿਆਰ ਪਾਣੀ ਦੀ ਤਰ੍ਹਾਂ ਸੀਤਲ ਤੇ ਪਵਿੱਤਰ ਹੈ ਤਾਂ ਉਹ ਪਿਆਰ ਹੈ ਤੁਹਾਡੇ ਆਪਣੇ ਮਾਪੇ ਹਨ। ਕਿਉਂਕਿ ਮਾਪਿਆਂ ਵਰਗਾ ਤੇ ਸੱਚਾ ਪਿਆਰ ਤੁਹਾਨੂੰ ਕੋਈ ਕਰ ਹੀ ਨਹੀਂ ਸਕਦਾ। ਉਹ ਲਾਲਚ ਤੋਂ ਪਰੇ ,ਪਰ ਜ਼ੇਕਰ ਅਸੀਂ ਸਮਝੀਏ।

ਪਰ ਬੜੇ ਹੀ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕੀ ਅੱਜ ਦੀ ਨੌਜਵਾਨੀ ਦੇ ਇਸ ਇਸ਼ਕ ਨੇ ਪਿਆਰ ਦੇ ਅਰਥ ਹੀ ਬਦਲਕੇ ਰੱਖ ਦਿੱਤੇ ਹਨ ।ਦੂਜਾ ਇਹ ਸਾਡੇ ਸਮਾਜ ਲਈ ਘਾਤਕ ਸਿੱਧ ਹੋ ਰਿਹਾ ਹੈ,ਇਸ ਦਾ ਅਸਲ ਰੂਪ ਹੈ ਲਵ ਮੈਰਿਜ ਕਰਵਾਉਣ ਦਾ ਨੌਜ਼ਵਾਨੀ ਵਿੱਚ ਪਾਗਲਪਣ ।ਜ਼ੇਕਰ ਮੈਂ ਆਪਣੇ ਨਜ਼ਰੀਏ ਤੋਂ ਵੇਖਾਂ ਤਾਂ ਲਵ ਮੈਰਿਜ ਦਾ ਭੂਤ ਥੋੜੇ ਸਮੇਂ ਲਈ ਹੀ ਹੁੰਦਾ ਹੈ ।ਉਸ ਤੋਂ ਬਾਅਦ ਕਲੇਸ਼ ਤੇ ਪਿੱਛੋਂ ਸਮਾਂ ਪਾਕੇ ਤਲਾਕ ।

ਐਨਾ ਕੁੱਝ ਕਰਨ ਤੋਂ ਬਾਅਦ ਅਸੀਂ ਖੱਟਿਆ ਕਿ ਤੇ ਖੋਇਆ ਕਿ ਇਹ ਤੁਸੀਂ ਆਪ ਹੀ ਅੰਦਾਜ਼ੇ ਲਗਾ ਸਕਦੇ ਹੋ ।ਜ਼ੇਕਰ ਗੱਲ ਖੱਟਣ ਦੀ ਕਰੀਏ ਇਹ ਕੋਈ ਵਪਾਰ ਨਹੀਂ ਹੁੰਦਾ ਤੇ ਖੋਹਣ ਦੀ ਗੱਲ ਕਰੀਏ ਤਾਂ ਆਪਣੇ ਮਾਪੇ ਭਾਈ,ਭੈਣ,ਮਾਮੇ,ਮਾਸੀਆ,ਚਾਚੇ ਤਾਏ ਆਦਿ ਰਿਸ਼ਤੇ ਗਵਾ ਦਿੰਦੇ ਹਾਂ ।ਉਹਨਾਂ ਦਾ ਤੇ ਸਮਾਜਿਕ ਲੋਕਾਂ ਦਾ ਵਿਸ਼ਵਾਸ ਗਵਾ ਦਿੰਦੇ ਹਾਂ ।ਅਸੀਂ ਜ਼ਿੰਦਗੀ ਵਿੱਚ ਬਹੁਤ ਕੁੱਝ ਕਮਾ ਸਕਦੇ ਹਾਂ ਪਰ ਵਿਸ਼ਵਾਸ ਕਮਾਉਣਾ ਬਹੁਤ ਹੀ ਮੁਸ਼ਕਿਲ ਹੈ ।ਤੇ ਗਵਾਉਣ ਲਈ ਇੱਕ ਭੁੱਲ ਤੇ ਇੱਕ ਗ਼ਲਤੀ ਹੀ ਕਾਫ਼ੀ ਹੁੰਦੀ ਹੈ।

ਗ਼ਲਤੀ ਸਾਡੀਆਂ ਸਰਕਾਰਾਂ ਦੀ ਵੀ ਹੈ ਜੋ ਲਵ ਮੈਰਿਜ ਵਾਲਿਆਂ ਲਈ ਕਾਨੂੰਨ ਬਣਾ ਦਿੱਤੇ ਉਹਨਾਂ ਦੀ ਸੁਰੱਖਿਆ ਦੇ ਇੰਤਜ਼ਾਮ ਕੀਤੇ ਹੋਏ ਨੇ ,ਹੋਣੇ ਵੀ ਚਾਹੀਦੇ ਹਨ ਕਿਉਂਕਿ ਇਨਸਾਨ ਤੇ ਇਨਸਾਨੀਅਤ ਦੀ ਰੱਖਿਆ ਕਰਨਾ ਸਾਡਾ ਸਭ ਤੋਂ ਪਹਿਲਾਂ ਫ਼ਰਜ਼ ਹੈ ।ਇਹ ਹੋਇਆ ਦੋ ਲਵ ਮੈਰਿਜ ਕਰਨ ਵਾਲਿਆਂ ਲਈ ਕਾਨੂੰਨ ।ਪਰ ਇੱਥੇ ਇਹ ਗੱਲ ਵਿਚਾਰਨ ਯੋਗ ਬਣਦੀ ਹੈ ਕਿ ਮਾਪਿਆਂ ਦੀ ਜੋ ਇੱਜਤ ਨਿਲਾਮ ਹੋਈ ਜਾਂ ਨਿਲਾਮ ਕੀਤੀ ਗਈ ਉਸ ਲਈ ਕੋਈ ਕਾਨੂੰਨ ਨਹੀਂ ਸਰਕਾਰਾਂ ਕੋਲ ਜਾਂ ਸਾਡੀਆਂ ਉੱਚ ਅਦਾਲਤਾਂ ਕੋਲ ।ਇੱਕ ਪਾਸੇ ਅਸੀਂ ਲਵ ਮੈਰਿਜ ਕਰਨ ਵਾਲਿਆਂ ਲਈ ਉਹਨਾਂ ਦਾ ਜੀਵਣ ਸੁਰੱਖਿਆ ਕਰ ਰਹੇ ਜੀਵਨ ਜਿਊਣ ਲਈ ਰੱਖਿਆ ਕਰ ਰਹੇ ਹਾਂ ਕਾਨੂੰਨ ਦੀ ਆੜ ਹੇਠ ।ਪਰ ਸੋਚਣਾ ਕਿ ਅਸੀਂ ਮਾਪਿਆਂ ਨੂੰ ਨਹੀਂ ਮਾਰ ਰਹੇ ਅੰਦਰੋਂ ਅੰਦਰੀ ।ਕਿ ਅਸੀਂ ਉਹਨਾਂ ਦੇ ਚਾਵਾਂ ਤੇ ਰੀਝਾਂ ਦਾ ਕਤਲ ਨਹੀਂ ਕੀਤਾ ਜਾਂ ਅਸੀਂ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਮਾਰਕੇ ਆਏ ।ਕਿ ਅਸੀਂ ਉਹਨਾਂ ਨੂੰ ਸਮਾਜ ਵਿੱਚ ਜ਼ਲੀਲ ਨਹੀਂ ਕੀਤਾ ਜੇ ਕੀਤਾ ਹੈ ਤਾਂ ਦੋਸ਼ੀ ਕੌਣ ।ਲਵ ਮੈਰਿਜ ਕਰਵਾਉਣ ਵਾਲੇ ।

ਪਰ ਬਹੁਤ ਸਾਰੇ ਲਵ ਮੈਰਿਜ ਵਾਲੇ ਰਿਸ਼ਤੇ ਟੁੱਟਦੇ ਹਨ ਜਾਂ ਤਲਾਕ ਹੁੰਦੇ ਹਨ ਇੱਥੇ ਕਿਉਂ ਨਹੀਂ ਕੋਈ ਕਾਨੂੰਨ ਬਣਿਆ ,ਜ਼ੇਕਰ ਲਵ ਮੈਰਿਜ ਕਰਵਾਕੇ ਵੀ ਕੋਈ ਤਲਾਕ ਲੈਂਦਾ ਹੈ ਤਾਂ ਸਜ਼ਾ ਉਹਨਾਂ ਲਈ ਵੀ ਹੋਣੀ ਚਾਹੀਦੀ ਹੈ ।ਜੋ ਆਪਣੀ ਖ਼ੁਸ਼ੀ ਲਈ ਰੱਬ ਵਰਗੇ ਮਾਪਿਆਂ ਨੂੰ ਛੱਡਕੇ ਜੀਵਨ ਸ਼ੁਰੂ ਕੀਤਾ ਤੇ ਫੇਰ ਥੋੜ੍ਹੇ ਸਮੇਂ ਪਿੱਛੋਂ ਇੱਕ ਦੂਜੇ ਨੂੰ ਛੱਡਣ ਤੇ ਵੀ ਸਜ਼ਾ ਹੋਣੀ ਚਾਹੀਦੀ ਹੈ ।ਤਾਂ ਜੋ ਸਮਾਜ ਤੇ ਸਮਾਜਿਕ ਲੋਕਾਂ ਲਈ ਵਧੀਆਂ ਸੁਨੇਹਾਂ ਜਾਵੇ।

ਮੇਰੇ ਨਾਲੋਂ ਬੜੇ ਛੋਟੇ ਸਾਰੇ ਹੀ ਨੌਜਵਾਨਾਂ ਨੂੰ ਇਹੋ ਕਹਾਂਗਾ ਕਿ ਵਿਆਹ ਦਾ ਦੂਜਾ ਰੂਪ ਹੀ ਹੈ ਲਵ ਮੈਰਿਜ ਇੱਕ ਮਾਪੇ ਜੋੜਦੇ ਹਨ ਇੱਕ ਅਸੀਂ ਖ਼ੁਦ ਜੋੜਦੇ ਹਾਂ ।ਗੱਲ ਇਹ ਵੀ ਨਹੀਂ ਕਿ ਸਹਿਮਤੀ ਨਾਲ ਜਾਂ ਰਜ਼ਾਮੰਦੀ ਵਾਲੇ ਰਿਸ਼ਤੇ ਸਿਰੇ ਚੜ੍ਹਦੇ ਹਨ ਝੂਠ ਹੈ ਉਹ ਵੀ ਬਹੁਤ ਟੁੱਟਦੇ ਹਨ ।ਗੱਲ ਰਿਸ਼ਤੇ ਟੁੱਟਣ ਦਾ ਸਭ ਤੋਂ ਵੱਡਾ ਕਾਰਨ ਹੈ ਸਾਡੀ ਸਮਝਦਾਰੀ ਇੱਕ ਦੂਜੇ ਪ੍ਰਤੀ ਵਫ਼ਾਦਾਰੀ ਤੇ ਜ਼ੁੰਮੇਵਾਰੀ ।ਇੱਕ ਸਭ ਤੋਂ ਅਹਿਮ ਤੇ ਜ਼ਰੂਰੀ ਗੱਲ ਜੋ ਦੋਹਾਂ ਵਿੱਚ ਨਹੀਂ ਹੁੰਦੀ ਉਹ ਹੈ ਸਮਝ ਭਾਵ ਅਸੀਂ ਇੱਕ ਦੂਜੇ ਨੂੰ ਬਿਨਾਂ ਸਮਝੇ ਹੀ ਇੱਕ ਹੋਏ ਤੇ ਬਿਨਾਂ ਸਮਝੇ ਹੀ ਵੱਖ ਹੋ ਜਾਂਦੇ ਹਾਂ।

ਸਭ ਤੋਂ ਅਹਿਮ ਰੋਲ ਹੁੰਦਾ ਹੈ ਸਾਡੇ ਰਿਸ਼ਤੇ ਵਿੱਚ ਸਮਝਣਾ ਤੇ ਵਿਸ਼ਵਾਸ ਕਰਨਾ ਜ਼ੇਕਰ ਅਸੀਂ ਇਹ ਗੱਲਾਂ ਤੇ ਅਮਲ ਕਰ ਲੈਂਦੇ ਹਾਂ ਤਾਂ ਸਾਡਾ ਰਿਸ਼ਤਾ ਮਰਦੇ ਦਮ ਤੱਕ ਨਹੀਂ ਟੁੱਟਦਾ ।ਆਓ ਅਸੀਂ ਤੁਸੀਂ ਸਾਰੇ ਇਸ ਪਵਿੱਤਰ ਰਿਸ਼ਤੇ ਵਿੱਚ ਬੱਝਣ ਤੋਂ ਪਹਿਲਾਂ ਆਪਣੇ ਆਪ ਨੂੰ ਇੱਕ ਕਾਬਲ ਜਾਂ ਪਰਿਵਾਰਕ ਰਿਸ਼ਤਿਆਂ ਦੀਆਂ ਜ਼ੁੰਮੇਵਾਰੀਆਂ ਚੁੱਕਣ ਦੇ ਯੋਗ ਬਣਾਈਏ ।ਭਾਵ ਆਪਣਾ ਭਵਿੱਖ ਸੁਰੱਖਿਅਤ ਬਣਾਈਏ ਜ਼ੇਕਰ ਤੁਸੀਂ ਆਪਣੇ ਭਵਿੱਖ ਲਈ ਸਹੀ ਫ਼ੈਸਲਾ ਨਹੀਂ ਲੈ ਸਕਦੇ ਤਾਂ ਤੁਸੀਂ ਚੰਗੇ ਜੀਵਨ ਸਾਥੀ ਵੀ ਨਹੀਂ ਬਣ ਸਕਦੇ ।

**ਲਿਖਤ ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

# ਰਿਸ਼ਤੇ ਤਾਂ ਰਿਸ਼ਤੇ ਹੀ ਹੁੰਦੇ ਨੇ



ਕੈਨੇਡਾ ਵਿਚ ਪ੍ਰਦੇਸੀ ਹੋਇਆ ਵੀਰ, ਭੈਣ ਤੋਂ ਦੂਰ, ਅੱਜ ਭੈਣ ਨੂੰ ਫੋਨ ਤੇ ਬਹੁਤ ਔਖਾ ਹੋ ਰਿਹਾ ਸੀ ਕਿ ਸ਼ਾਮ ਦੇ 7 ਵੱਜ ਚੁਕੇ ਹਨ ਤੇ ਆਖਰੀ ਕੋਰੀਅਰ ਦਾ ਸਮਾਂ ਅੱਠ ਵਜੇ ਤੱਕ ਹੁੰਦਾ ਹੈ ਅਤੇ ਮੈਨੂੰ ਅਜੇ ਤੱਕ ਤੁਹਾਡੀ ਭੇਜੀ ਰੱਖੜੀ ਨਹੀਂ ਮਿਲੀ।

“ਸ਼ਾਂਤ ਹੋ ਜਾਓ ਵੀਰੇ !“ ਕਾਜਲ ਨੇ ਦੀਪ ਨੂੰ ਭਰੇ ਗਲੇ ਨਾਲ ਬੋਲਦੇ ਹੋਏ ਕਿਹਾ, ਮੈਂ ਤਾਂ ਇਥੋਂ ਵੱਧ ਪੈਸੇ ਲਗਾ ਕੇ ਸਰਤੀਆਂ ਸਮੇਂ ਸਿਰ ਰੱਖੜੀ ਪੈਕਟ ਨੂੰ ਪਹੁੰਚਣ ਵਾਲੀਆਂ ਸੇਵਾਵਾਂ ਦੇਣ ਵਾਲੀ ਕੋਰੀਅਰ ਕੰਪਨੀ ਨੂੰ ਚੁਣਿਆਂ ਹੈ ਫਿਰ ਰੱਖੜੀ ਭੇਜੀ ਹੈ। ਉਸ ਨੇ ਫੋਨ ਰੱਖਿਆਂ ਹੀ ਸੀ ਕਿ ਬਾਹਰ ਗੇਟ ਤੇ ਬਿਲ ਹੋਈ, ਦੀਪ ਭੱਜ ਕੇ ਗੇਟ ਵੱਲ ਗਿਆ, ਬਾਹਰ ਕੋਰੀਅਰ ਵਾਲਾ ਪੈਕਟ ਲਏ ਖੜ੍ਹਾਂ ਸੀ। ਜੋ ਭਾਰਤੀ ਹੀ ਸੀ, ਦੀਪ ਦੀ ਉਸ ਤੋਂ ਪੈਕਟ ਫੜਦੇ ਹੋਏ ਅਚਾਨਕ ਇਕ ਨਜਰ ਉਸ ਦੇ ਗੁਟ ਤੇ ਗਈ, ਜਿਸ ਨੂੰ ਦੇਖ ਕੇ ਦੀਪ ਨੇ ਕਿਹਾ, ਵੀਰੇ ਲਗਦੇ ਤਾਂ ਆਪਣੇ ਭਾਰਤੀ ਹੀ ਹੋ ,ਪਰ ਅੱਜ ਰੱਖੜੀ ਦੇ ਸੁਭ ਦਿਨ ਤੇ ਤੁਹਾਡਾ ਗੁਟ ਰੱਖੜੀ ਤੋਂ ਸੁੰਨਾ ਕਿਉਂ ਹੈ ?

ਕੋਰੀਅਰ ਵਾਲੇ ਡਰਾਇਵਰ ਦੀਆਂ ਅੱਖਾਂ ਭਰ ਆਇਆਂ, ਤੇ ਉਸ ਨੇ ਭਰੇ ਗਲੇ ਨਾਲ ਕਿਹਾ ਵੀਰ, ਕੁਝ ਸਾਲ ਪਹਿਲਾਂ ਇਥੇ ਮੇਰੀ ਇਕੋ ਇੱਕ ਇਕਲੌਤੀ ਭੈਣ ਦਾ ਕਿਸੇ ਸਰਾਬੀ ਬੰਦੇ ਵਲੋਂ ਡਰਾਇਵ ਕਰਦੇ ਸਮੇਂ ਭੈਣ ਦੀ ਗੱਡੀ ਠੋਕ ਦਿੱਤੀ ਸੀ ਜਿਸ ਵਿਚ ਉਸ ਦੀ ਮੌਤ ਹੋ ਗਈ। ਮੇਰੇ ਮਾਂ - ਬਾਪ ਤਾਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋ ਗਏ ਸਨ, ਹੁਣ ਤੇ ਮੈਂ ਵੱਸ ਅਨਾਥ ਹੀ ਹਾਂ ਤੇ ਇਕੱਲਾਂ ਸਮਾਂ ਉਸ ਪ੍ਰਮਾਤਮਾ ਦੀ ਖੇਡ ਅਨੁਸਾਰ ਗੁਜਾਰ ਰਿਹਾ ਹਾਂ। ਤੇ ਉਹ ਉਚੀ ਦੇਣਾ ਰੋਣ ਲੱਗ ਪਿਆਂ ਜਿਵੇਂ ਉਸ ਦਾ ਭਰਿਆਂ ਮਨ ਆਪਣੇ ਆਪ ਤੋਂ ਬਾਹਰ ਹੋ ਗਿਆ ਹੋਵੇ।

ਅਗਲੇ ਹੀ ਪਲ, ਰਾਜ ਨੇ ਉਸਨੂੰ ਆਪਣੇ ਘਰ ਦੇ ਅੰਦਰ ਬੁਲਾਇਆ। ਉਸਨੇ ਕੋਰੀਅਰ ਵਾਲੇ ਨੂੰ ਹਾਲ ਦੇ ਅੰਦਰ ਸੀਟ ਦੀ ਪੇਸ਼ਕਸ਼ ਕੀਤੀ। ਉਹ ਆਪਣੇ ਬੈਡਰੂਮ ਦੇ ਅੰਦਰ ਚਲਾ ਗਿਆ। ਉਸ ਨੇ ਕਾਜਲ ਦਾ ਕੋਰੀਅਰ ਖੋਲ੍ਹਿਆ ਅਤੇ ਰੱਖੜੀ ਨੂੰ ਚੁੰਮਿਆਂ।

ਫਿਰ ਇੱਕ ਪਲ ਲਈ ਰਾਜ ਨੇ ਕੁਝ ਸੋਚਿਆ ਅਤੇ ਬੈਡਰੂਮ ਚੋਂ ਮੁਸਕਰਾਉਂਦੇ ਹੋਏ ਬਾਹਰ ਆਇਆ ਕੋਰੀਅਰ ਵਾਲੇ ਵਿਅਕਤੀ ਵੱਲ ਵੇਖਿਆ ਤੇ ਉਸ ਨੂੰ ਆਪਣਾ ਹੱਥ ਅੱਗੇ ਕਰਨ ਲਈ ਕਿਹਾ। ਉਸ ਦੇ ਹੱਥ ਅੱਗੇ ਕਰਦੇ ਹੀ ਉਸ ਨੂੰ ਆਪਣੀ ਭੈਣ ਵਲੋਂ ਭੇਜੀ ਰੱਖੜੀ ਉਸ ਦੇ ਗੁਟ ਤੇ ਸਜਾ ਦਿੱਤੀ। ਉਹ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, ਇਕ ਲੜਕਾ ਲੜਕੇ ਨੂੰ ਕਿਵੇਂ ਰੱਖੜੀ ਬੰਨ੍ਹ ਸਕਦਾ ਹੈ ?

ਤਾਂ ਦੀਪ ਨੇ ਕਿਹਾ ਵੀਰੇ, ਸੱਚ ਤਾਂ ਇਹ ਹੈ ਕਿ ਇਹ ਰੱਖੜੀ ਕੋਈ ਹਿਫਾਜਤ ਜਾਂ ਭੈਣ ਨੂੰ ਹਰ ਦੁੱਖ ਤਕਲੀਫ ਜੁਰਮ ਤੋਂ ਅਤੇ ਅੱਜ ਦੇ ਹੰਕਾਰੀ ਲੋਕਾ ਤੋਂ ਬਚਾਓਣ ਲਈ ਨਹੀਂ ਹੁੰਦੀ। ਉਹ ਭਗਵਾਨ ਕ੍ਰਿਸਨ ਸਨ, ਜੋ ਸਰਵ ਸਕਤੀਮਾਨ ਸਨ, ਤੇ ਉਹ ਭੈਣ ਦਾਰੋਪਤੀ, ਜਿਸ ਦੀ ਉਹਨਾਂ ਨੇ ਰੱਖਿਆਂ ਕੀਤੀ ਸੀ। ਆਪਾਂ ਤਾਂ ਕਲਜੁਗੀ ਜੀਵ ਹਾਂ, ਨਾ ਕਿ ਕੋਈ ਸਾਧੂ-ਸੰਤ, ਕ੍ਰਿਸਨ ਭਗਵਾਨ ਜੋ ਜਿਥੇ ਵੀ ਬੈਠੇ ਹੋਈਏ ਆਪਣੀ ਭੈਣ ਦੀ ਰਾਖੀ ਕਰ ਸਕੀਏ। ਇਹ ਸਭ ਗੱਲਾਂ ਨੇ।

ਇਹ ਰੱਖੜੀ ਤਾਂ ਵੀਰ ਇਕ ਮੂਹ-ਪਿਆਰ, ਅਮਨ ਅਮਾਨ, ਮੁਹੱਬਤ, ਨੇੜਤਾ ਦਾ ਪ੍ਰਤੀਕ ਹੈ। ਜੋ ਕਿਸੇ ਵਿਚ ਵੀ ਹੋ ਸਕਦਾ ਹੈ, ਜਰੂਰੀ ਨਹੀਂ ਭੈਣ ਭਰਾ ਵਿਚ ਹੀ ਹੋਵੇਂ, ਭੈਣ -ਭੈਣ ਵਿਚ ਵੀ ਹੋ ਸਕਦਾ ਹੈ, ਭਰਾ -ਭਰਾ ਵਿਚ ਵੀ ਹੋ ਸਕਦਾ ਹੈ, ਦੋਸਤਾਂ ਮਿੱਤਰਾਂ ਵਿਚ ਵੀ ਹੋ ਸਕਦਾ ਹੈ, ਤੇ ਤੁਸੀਂ ਅੱਜ ਤੋਂ ਵੀਰ ਅਨਾਥ ਨਹੀਂ ਹੋ ਅੱਜ ਤੋਂ ਹੁਣੇ ਤੋਂ ਹੀ ਮੈਂ ਆਪ ਜੀ ਦਾ ਛੋਟਾ ਵੀਰ ਹਾਂ, ਤੁਸੀਂ ਜਦ ਵੀ ਸਮਾਂ ਮਿਲੇ ਮੇਰੇ ਨਾਲ ਆ ਕੇ ਸਮਾਂ ਬਤੀਤ ਕਰ ਸਕਦੇ ਹੋ। ਇਸ ਬੰਨੇ ਹੋਏ ਧਾਗੇ ਦੇ ਪਿਆਰ, ਦੋਸਤੀ, ਨੇੜਤਾਂ ਨੂੰ ਹੋਰ ਮਜਬੂਤ ਕਰ ਸਕਦੇ ਹੋ।

ਉਸੇ ਸਮੇਂ ਭੈਣ ਦਾ ਫਿਰ ਤੋਂ ਫੋਨ ਵੱਜਿਆ, ਵੀਰੇ ਰੱਖੜੀ ਮਿਲ ਗਈ, ਭੈਣ ਨੇ ਪੁੱਛਿਆ ?

ਦੀਪ ਨੇ ਮੁਸਕਰਾ ਕੇ ਜਵਾਬ ਦਿੱਤਾ, “ਹਾਂ ਭੈਣਾ ! ਮੈਨੂੰ ਤੁਹਾਡਾ ਪਿਆਰ ਮਿਲਿਆ ਅਤੇ ਮੈਂ ਬੰਨ੍ਹ ਦਿੱਤਾ ਹੈ ।“

ਇਧਰ ਕੋਰੀਅਰ ਵਾਲਾ ਦੀਪ ਵਲੋਂ ਮਿਲੇ ਪਿਆਰ -ਮਹੁਬੱਤ, ਆਪਣਾ ਪਨ ,ਇਜਤ ਮਾਣ ਨੂੰ ਦੇਖਦੇ ਹੋਏ ਹੰਝੂ ਵਹਾ ਰਿਹਾ ਸੀ ਤੇ ਦੋਵੇਂ ਬਾਹਵਾਂ ਖੋਹਲੇ, ਦੀਪ ਨੂੰ ਗਲਵਕੜੀ ਪਾ ਕੇ ਕਹਿਣ ਲੱਗਾ, ਵੀਰੇ ਬਹੁਤ -ਬਹੁਤ ਸੁਕਰੀਆਂ, ਰੱਖੜੀ ਮੁਬਾਰਕ ਯਾਰਾਂ ਤੇ ਦੋਨਾਂ ਦੇ ਮੁਖੜੇ ਤੇ ਇਕ ਖੁਸੀ ਸੀ ਜੋ ਲਗਦਾ ਸੀ ਜਿਵੇਂ ਕਹਿ ਰਹੇ ਹੋਣ ਰਿਸਤੇ ਤਾਂ ਰਿਸਤੇ ਹੀ ਹੁੰਦੇ ਹਨ ਵੱਸ ਸਾਨੂੰ ਪਿਆਰ ਮੁਹੱਬਤ ਨਾਲ ਉਹਨਾਂ ਨੂੰ ਨਿਭਾਉਣਾ ਆਉਣਾ ਚਾਹਿੰਦਾ ।

**ਸੁਰਜੀਤ ਸਿੰਘ ਫਲੋਰਾ**
**647-829-9397**



# ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਊਣ

ਦਰਸ਼ਨ ਸਿੰਘ ਰਿਆੜ
ਮੋਬਾਈਲ ਨੰ. : 93163-11677

ਇਕ ਵਾਰ ਇੰਦਰਾ ਗਾਂਧੀ ਦੀ ਸਰਕਾਰ ਦੌਰਾਨ ਕਾਂਗਰਸ ਪਾਰਟੀ ਨੇ 1975 ਵਿਚ ਆਬਾਦੀ 'ਤੇ ਕਾਬੂ ਪਾਉਣ ਲਈ ਨਸਬੰਦੀ ਮੁਹਿੰਮ ਸ਼ੁਰੂ ਕੀਤੀ ਸੀ ਜਿਸ ਦਾ ਇੰਨਾ ਜ਼ਬਰਦਸਤ ਵਿਰੋਧ ਹੋਇਆ ਸੀ ਕਿ ਐਮਰਜੈਂਸੀ ਲਗਾਉਣੀ ਪਈ ਸੀ। ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ। ਕੁੱਬੇ ਦੇ ਲੱਤ ਮਾਰਨ ਵਾਂਗ ਜੇਲ੍ਹਾਂ ਉਨ੍ਹਾਂ ਲੀਡਰਾਂ ਲਈ ਵਰਦਾਨ ਬਣ ਕੇ ਬਹੁੜੀਆਂ ਜਿੱਥੇ ਇਕੱਠੇ ਹੋ ਕੇ ਉਨ੍ਹਾਂ ਨੇ ਏਕੇ ਦੀ ਖਿਚੜੀ ਪਕਾ ਲਈ ਅਤੇ ਨਤੀਜਾ ਕਾਂਗਰਸ ਪਾਰਟੀ ਨੂੰ 30 ਸਾਲਾਂ ਬਾਅਦ ਪਹਿਲੀ ਵਾਰ ਰਾਜਭਾਗ ਤੋਂ ਲਾਂਭੇ ਹੋਣਾ ਪਿਆ ਸੀ।

ਵੈਸੇ ਯੂਥ ਕਾਂਗਰਸ ਦੇ ਤਤਕਾਲੀ ਨੇਤਾ ਸੰਜੇ ਗਾਂਧੀ ਦੁਆਰਾ ਉਲੀਕੀ ਨਸਬੰਦੀ ਮੁਹਿੰਮ ਮਾੜੀ ਨਹੀਂ ਸੀ ਪਰ ਜਿਹੜੇ ਤਰੀਕੇ ਨਾਲ ਉਸ ਨੂੰ ਲਾਗੂ ਕਰਨ ਲਈ ਵਧੀਕੀਆਂ ਕੀਤੀਆਂ ਗਈਆਂ, ਟੀਚੇ ਪ੍ਰਾਪਤ ਕਰ ਕੇ ਫੋਕੀ ਵਾਹਵਾ ਖੱਟਣ ਦੇ ਉਪਰਾਲੇ ਕੀਤੇ ਗਏ ਉਹ ਢੰਗ-ਤਰੀਕਾ ਮਾੜਾ ਸੀ। ਵਰਨਾ ਜੇ ਉਸ ਸਮੇਂ ਉਹ ਮੁਹਿੰਮ ਸੰਜੀਦਗੀ ਅਤੇ ਪ੍ਰੇਮ-ਪਿਆਰ ਨਾਲ ਵਿੱਢੀ ਜਾਂਦੀ ਤਾਂ ਸ਼ਾਇਦ ਸਰਕਾਰ ਵੀ ਨਾ ਖੁੱਸਦੀ ਤੇ ਟੀਚੇ ਵੀ ਵਧੇਰੇ ਸਾਰਥਕ ਹੁੰਦੇ। ਧਰਤੀ 'ਤੇ ਆਬਾਦੀ ਦਾ ਅਣ-ਉਚਿਤ ਬੋਝ ਵੀ ਨਹੀਂ ਸੀ ਪੈਣਾ। ਬਰੀਕੀ ਨਾਲ ਵੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜ਼ਿਆਦਾਤਰ ਮੁਸ਼ਕਲਾਂ ਦੀ ਜੜ੍ਹ ਲੋੜੋਂ ਵੱਧ ਵਸੋਂ ਹੀ ਹੁੰਦੀ ਹੈ ਪਰ ਤਤਕਾਲੀ ਕਾਂਗਰਸ ਸਰਕਾਰ ਨੂੰ ਆਬਾਦੀ 'ਤੇ ਕਾਬੂ ਪਾਉਣ ਲਈ ਵਿੱਢੀ ਮੁਹਿੰਮ ਵਿਚ ਨਾਕਾਮੀ ਮਿਲੀ। ਫਿਰ ਕਿਸੇ ਵੀ ਸਰਕਾਰ ਨੇ ਇਸ 'ਤੇ ਰੋਕ ਲਾਉਣ ਦੀ ਹਿੰਮਤ ਨਹੀਂ ਕੀਤੀ। ਵੋਟ ਬੈਂਕ ਦੀ ਰਾਜਨੀਤੀ ਕਾਰਨ ਵੀ ਵਧ ਰਹੀ ਵਸੋਂ ਦੇ ਮਸਲੇ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਨਤੀਜਾ ਇਹ ਨਿਕਲਿਆ ਕਿ ਸਾਡਾ ਦੇਸ਼ ਵਸੋਂ ਦੇ ਮਾਮਲੇ 'ਚ ਤੇਜ਼ੀ ਨਾਲ ਵਿਸ਼ਵ ਦਾ ਨੰਬਰ ਇਕ ਦੇਸ਼ ਬਣਨ ਵੱਲ ਵੱਧ ਰਿਹਾ ਹੈ। ਆਜ਼ਾਦੀ ਦੇ ਸੱਤਰ ਸਾਲ ਬੀਤਣ ਮਗਰੋਂ ਵੀ ਨਾ ਤਾਂ ਇੱਥੇ ਗ਼ਰੀਬੀ 'ਤੇ ਕਾਬੂ ਪਾਇਆ ਜਾ ਸਕਿਆ ਹੈ ਅਤੇ ਨਾ ਹੀ ਬੇਰੁਜ਼ਗਾਰੀ 'ਤੇ। ਨਾ ਮਹਿੰਗਾਈ ਰੁਕੀ ਹੈ ਅਤੇ ਨਾ ਹੀ ਭੁੱਖਮਰੀ। ਨਾ ਅਨਪੜ੍ਹਤਾ ਮੁੱਕੀ ਹੈ ਅਤੇ ਨਾ ਹੀ ਸਿਹਤ ਸਹੂਲਤਾਂ ਚੰਗੀਆਂ ਹੋ ਸਕੀਆਂ ਹਨ। ਜਿੰਨੇ ਕੁ ਸੀਮਤ ਜਿਹੇ ਸਾਧਨ ਸਰਕਾਰਾਂ ਜਟਾਉਂਦੀਆਂ ਹਨ, ਉਦੋਂ ਤਕ ਵੱਧ ਆਬਾਦੀ ਨਵੇਂ ਖਾਣ ਵਾਲੇ ਮੂੰਹ ਪੈਦਾ ਕਰ ਦਿੰਦੀ ਹੈ। ਰਾਜਨੀਤਕ ਪਾਰਟੀਆਂ ਲਈ ਇਹੋ ਆਬਾਦੀ ਚੋਣਾਂ ਲੜਨ ਦਾ ਵਧੀਆ ਹਥਿਆਰ ਬਣ ਗਈ ਹੈ। ਇਹ ਸੋਹਣਾ ਵੋਟ ਬੈਂਕ ਹੈ ਜਿਸ ਨੂੰ ਹਾਰ-ਸ਼ਿੰਗਾਰ ਕੇ ਰਾਜਨੀਤਕ ਨੇਤਾ ਹਰੇਕ ਪੰਜ ਸਾਲਾਂ ਬਾਅਦ ਸੱਤਾ ਸੁੱਖ ਮਾਨਣ ਲਈ ਜ਼ੋਰ ਲਾਉਂਦੇ ਹਨ। ਵੋਟਰ ਭਗਵਾਨ ਨੂੰ ਸਿਜਦੇ ਕੀਤੇ ਜਾਂਦੇ ਹਨ। ਜਦੋਂ ਨੇਤਾ ਲੋਕਾਂ ਵਿਚ ਵਿਚਰਦੇ ਹਨ, ਉਨ੍ਹਾਂ ਨੂੰ ਵੋਟਾਂ ਲਈ ਫਰਿਆਦ ਕਰਦੇ ਹਨ, ਉਹ ਨਜ਼ਾਰਾ ਵੀ ਵੇਖਣ ਵਾਲਾ ਹੁੰਦਾ ਹੈ। ਵੋਟਰ ਵੀ ਸੱਚਾਈ ਤੋਂ ਮੂੰਹ ਮੋੜ ਕੇ ਨੇਤਾਵਾਂ ਦੇ ਮਗਰਮੱਛੀ ਅੱਥਰੂਆਂ ਤੋਂ ਪਸੀਜ ਜਾਂਦਾ ਹੈ ਅਤੇ ਆਪਣੀ ਵੋਟ ਦੀ ਅਸਲ ਕੀਮਤ ਭੁੱਲ ਕੇ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਫਿਰ ਅਗਲੇ ਪੰਜ ਸਾਲਾਂ ਲਈ ਆਪਣੀ ਤਕਦੀਰ ਦੀ ਚਾਬੀ ਨੇਤਾਵਾਂ ਨੂੰ ਦੇ ਦਿੰਦਾ ਹੈ। ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸ ਦਾ ਸਰਦਾਰੀ ਵਾਲਾ ਪਲ ਕਦੋਂ ਉਡਾਰੀ ਮਾਰ ਗਿਆ? ਪਤਾ ਉਦੋਂ ਹੀ ਲੱਗਦਾ ਹੈ ਜਦੋਂ ਫਿਰ ਉਹ ਕਿਸੇ ਨਾ ਕਿਸੇ ਕਤਾਰ ਵਿਚ ਲੱਗ ਕੇ ਜਾਂ ਤਾਂ ਮੁਫ਼ਤ ਰਾਸ਼ਨ ਦੀ ਉਡੀਕ ਕਰਦਾ ਹੈ ਜਾਂ ਹੋਰ ਸਰਕਾਰੀ ਸਹੂਲਤਾਂ ਲਈ ਟੱਕਰਾਂ ਮਾਰਦਾ ਹੈ। ਨੇਤਾਵਾਂ ਦੇ ਮਹੱਲਾਂ ਦੀਆਂ ਮੰਜ਼ਿਲਾਂ ਵੱਧਦੀਆਂ ਜਾਂਦੀਆਂ ਹਨ ਤੇ ਬੇਚਾਰਾ ਵੋਟਰ ਦੋ-ਵਕਤ ਦੀ ਰੋਟੀ ਖ਼ਾਤਰ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਰਹਿੰਦਾ ਹੈ। 'ਤਪੋਂ ਰਾਜ ਤੇ ਰਾਜੋਂ ਨਰਕ' ਵੀ ਪੰਜਾਬੀ ਭਾਸ਼ਾ ਦਾ ਜਾਣਿਆ-ਪਛਾਣਿਆ ਮੁਹਾਵਰਾ ਹੈ। ਉਪਰਲੇ ਲੀਡਰ ਤਾਂ ਇਸ ਚੱਕਰ 'ਚ ਘੁੰਮਦੇ ਹੋਣਗੇ ਪਰ ਜਿਹੜੇ ਕਰੋੜਾਂ ਲੋਕ ਗ਼ੁਰਬਤ ਦਾ ਸ਼ਿਕਾਰ ਹਨ, ਉਨ੍ਹਾਂ ਦਾ ਕੌਣ ਵਾਲੀ ਵਾਰਸ? ਸਾਡੇ ਨੇਤਾਵਾਂ ਕੋਲ ਪ੍ਰਭਾਵਸ਼ਾਲੀ ਗਿੱਦੜਸਿੰਘੀ ਹੈ। ਉਹ ਜਨਤਾ ਦੇ ਸੇਵਕ ਬਣ ਕੇ ਵਿਚਰਨ ਲਈ ਹਰ ਚੋਣ ਸਮੇਂ ਫਰਿਆਦ ਕਰਦੇ ਨਜ਼ਰ ਆਉਂਦੇ ਹਨ। ਹਕੀਕਤ ਵਿਚ ਉਹ ਕਦੇ ਵੀ ਸੇਵਕ ਬਣ ਕੇ ਨਹੀਂ ਵਿਚਰਦੇ। ਇਹ ਵੱਖਰੀ ਗੱਲ ਹੈ ਕਿ ਚੋਣਾਂ ਵੇਲੇ ਉਨ੍ਹਾਂ ਦੀ ਸੁਰੱਖਿਆ ਓਨੀ ਜ਼ਬਰਦਸਤ ਨਹੀਂ ਹੁੰਦੀ ਜਿੰਨੀ ਚੋਣਾਂ ਜਿੱਤਣ ਉਪਰੰਤ ਹੁੰਦੀ ਹੈ। ਝੰਡੀਆਂ ਬੱਤੀਆਂ ਤੇ ਹੂਟਰ ਅਜੇ ਵੀ ਉਨ੍ਹਾਂ ਦੇ ਪਛਾਣ ਚਿੰਨ੍ਹ ਬਣੇ ਹੋਏ ਹਨ। ਉਨ੍ਹਾਂ ਨੂੰ ਮੋਟੀਆਂ ਤਨਖਾਹਾਂ, ਭੱਤੇ, ਪੈਨਸ਼ਨਾਂ ਮਿਲਦੀਆਂ ਹਨ ਅਤੇ ਸ਼ਾਹੀ ਰਹਿਣ-ਸਹਿਣ ਹੁੰਦਾ ਹੈ। ਹੋਰ ਵੀ ਅਨੇਕਾਂ ਸੁੱਖ-ਸਹੂਲਤਾਂ ਦਾ ਉਹ ਆਨੰਦ ਮਾਣਦੇ ਹਨ। ਗੱਲ ਕੀ, ਉਨ੍ਹਾਂ ਲਈ ਸਭ ਕੁਝ ਮੁਫ਼ਤ ਵਰਗਾ ਹੀ ਹੁੰਦਾ ਹੈ। ਅੱਜਕੱਲ੍ਹ ਦੇ ਨੇਤਾਵਾਂ ਨੇ ਲੋਕਰਾਜ ਨੂੰ ਵੀ ਇਸ ਹੱਦ ਤਕ ਆਪਣੇ ਕਲਾਵੇ ਵਿਚ ਲੈ ਲਿਆ ਹੈ ਕਿ ਹੁਣ ਭਾਵੇਂ ਉਹ ਵਿਧਾਇਕ, ਸੰਸਦ ਜਾਂ ਮੰਤਰੀ ਬਣ ਗਏ ਹੋਣ ਪਰ ਉਹ ਰਾਜਿਆਂ-ਮਹਾਰਾਜਿਆਂ ਨਾਲੋਂ ਵੀ ਵੱਧ ਸ਼ਕਤੀਸ਼ਾਲੀ ਹੋ ਗਏ ਹਨ। ਉਹ ਲਗਾਤਾਰ ਅਮੀਰ ਹੁੰਦੇ ਜਾ ਰਹੇ ਹਨ ਤੇ ਉਨ੍ਹਾਂ ਨੂੰ ਚੁਣਨ ਵਾਲੇ ਗ਼ਰੀਬ। ਇਹੋ ਨਹੀਂ ਲੀਡਰਾਂ ਦੀਆਂ ਧਮਕੀਆਂ ਨੇ ਤਾਂ ਅੱਜਕੱਲ੍ਹ ਲੋਕਾਂ ਨੂੰ ਡਰਾ ਧਮਕਾ ਕੇ ਡਰ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ।

ਵੀਆਈਪੀ ਕਲਚਰ ਸਾਡੇ ਲੀਡਰਾਂ ਦੀ ਕਮਜ਼ੋਰੀ ਬਣ ਗਈ ਹੈ। ਇੱਥੇ ਵਿਧਾਇਕ, ਸੰਸਦ ਮੈਂਬਰ, ਮੰਤਰੀ, ਨੇਤਾ, ਅਧਿਕਾਰੀ ਸਭ ਵੀਆਈਪੀ ਕਹਾਉਂਦੇ ਹਨ। ਇਨ੍ਹਾਂ ਦੀਆਂ ਤਨਖ਼ਾਹਾਂ, ਸਹੂਲਤਾਂ ਤੇ ਸੁਰੱਖਿਆ ਖ਼ਰਚੇ ਹੀ ਦੇਸ਼ ਦੇ ਖ਼ਜ਼ਾਨੇ ਦਾ ਘਾਣ ਕਰ ਦਿੰਦੇ ਹਨ। ਦੇਸ਼ ਤੇ ਸਮਾਜ ਦੀ ਹਾਲਤ ਕਾਹਦੇ ਨਾਲ ਸੁਧਰੇ? ਇਕ ਅਨੁਮਾਨ ਅਨੁਸਾਰ ਭਾਰਤ ਵਿਚ 579092 ਵੀਆਈਪੀ ਹਨ। ਇਨ੍ਹਾਂ ਦੀ ਸੁਰੱਖਿਆ ਲਈ ਲਾਮ-ਲਸ਼ਕਰ ਤੇ ਜ਼ੈੱਡ ਪਲੱਸ ਸਕਿਉਰਿਟੀ 'ਤੇ ਕਿੰਨਾ ਖ਼ਰਚ ਹੁੰਦਾ ਹੈ? ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਕ ਵਾਰ ਵਿਧਾਇਕ ਜਾਂ ਸੰਸਦ ਮੈਂਬਰ ਚੁਣੇ ਜਾਣ 'ਤੇ ਹੀ ਉਹ ਉਮਰ ਭਰ ਲਈ ਮੋਟੀ ਪੈਨਸ਼ਨ ਦੇ ਹੱਕਦਾਰ ਬਣ ਜਾਂਦੇ ਹਨ ਤੇ ਜਿੰਨੀ ਵਾਰ ਕੋਈ ਨੇਤਾ ਲੋਕ ਵਿਧਾਇਕ ਜਾਂ ਐੱਮਪੀ ਚੁਣਿਆ ਜਾਵੇ, ਓਨੀ ਵਾਰ ਹੀ ਉਸ ਨੂੰ ਪੈਨਸ਼ਨ ਮਿਲਦੀ ਜਾਂਦੀ ਹੈ, ਡੀਏ ਦਾ ਵਾਧਾ ਵੱਖ। ਜੇ ਪੰਜਾਬ ਦੀ ਗੱਲ ਕਰੀਏ ਤਾਂ 355 ਨਾਗਰਿਕਾਂ ਪਿੱਛੇ ਇਕ ਸਿਪਾਹੀ ਦੀ ਨਿਯੁਕਤੀ ਹੁੰਦੀ ਹੈ ਜਦੋਂਕਿ ਛੋਟੇ ਤੋਂ ਛੋਟੇ ਵੀਆਈਪੀ ਲਈ ਤਿੰਨ ਕਰਮਚਾਰੀ ਤਾਇਨਾਤ ਰਹਿੰਦੇ ਹਨ। ਅਮਰੀਕਾ ਕਿੱਡਾ ਵੱਡਾ ਦੇਸ਼ ਹੈ, ਓਥੇ ਵੀਆਈਪੀਜ਼ ਦੀ ਗਿਣਤੀ ਕੇਵਲ 252 ਦੱਸੀ ਜਾਂਦੀ ਹੈ।

ਸਾਡੇ ਦੇਸ਼ 'ਚ ਆਮ ਲੋਕ ਤਾਂ ਵੋਟਾਂ ਪਾਉਣ ਤਕ ਹੀ ਸੀਮਤ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਕਤਾਰਾਂ ਵਿੱਚ ਖੜ੍ਹ ਕੇ ਆਪਣੀ ਕਿਸਮਤ 'ਤੇ ਪਛਤਾਉਣ ਲਈ। ਦੇਸ਼ ਦੇ ਹਰ ਮਸਲੇ ਲਈ ਹਰ ਕੋਈ 'ਮੈਨੂੰ ਕੀ' ਕਹਿ ਜ਼ਿੰਮੇਵਾਰੀ ਤੋਂ ਭੱਜਦਾ ਵੇਖਿਆ ਜਾਂਦਾ ਹੈ। ਰਾਜਨੀਤਕ ਲੋਕ ਹੀ ਅਮੀਰ ਹੁੰਦੇ ਜਾ ਰਹੇ ਹਨ ਜਦਕਿ ਬਾਕੀ ਲੋਕਾਂ ਨੂੰ ਤਾਂ ਮੁਸ਼ਕਲਾਂ ਨੇ ਹੀ ਘੇਰ ਰੱਖਿਆ ਹੈ। ਬੇਰੁਜ਼ਗਾਰੀ ਦਾ ਝੰਬਿਆ ਨੌਜਵਾਨ ਵਰਗ ਬਾਹਰਲੇ ਦੇਸ਼ਾਂ ਵੱਲ ਦੌੜ ਰਿਹਾ ਹੈ ਜਦਕਿ ਸਰਕਾਰਾਂ ਲੋਕਾਂ ਨਾਲ ਜੁੜੇ ਅਸਲ ਮੁੱਦਿਆਂ ਤੋਂ ਮੂੰਹ ਫੇਰੀ ਬੈਠੀਆਂ ਹਨ। ਬਿਹਾਰ ਵਿਚ ਹੁਣੇ ਜਿਹੇ ਚਮਕੀ ਬੁਖ਼ਾਰ ਕਾਰਨ ਬੱਚਿਆਂ ਦੀਆਂ ਵੱਡੇ ਪੱਧਰ 'ਤੇ ਹੋਈਆਂ ਮੌਤਾਂ ਇਸ ਦੀ ਮਿਸਾਲ ਹਨ।

# ਘੋਰ ਦੁਰਵਰਤੋਂ ਦੀ ਦੇਣ ਹੈ ਜਲ ਸੰਕਟ



ਭਾਰਤ ਵਿਚ ਢੁੱਕਵੀਂ ਮਾਤਰਾ ਵਿਚ ਬਾਰਿਸ਼ ਦਾ ਪਾਣੀ ਉਪਲਬਧ ਹੈ। ਆਪਣੇ ਦੇਸ਼ ਵਿਚ 4000 ਅਰਬ ਘਣ ਮੀਟਰ ਵਰਖਾ ਹੁੰਦੀ ਹੈ ਜਿਸ ਵਿਚੋਂ ਅਸੀਂ ਸਿਰਫ਼ 17 ਫ਼ੀਸਦੀ ਅਰਥਾਤ 700 ਅਰਬ ਘਣ ਮੀਟਰ ਦਾ ਇਸਤੇਮਾਲ ਕਰ ਪਾਉਂਦੇ ਹਾਂ। ਚਾਰ ਹਜ਼ਾਰ ਅਰਬ ਘਣ ਮੀਟਰ ਪਾਣੀ ਵਿਚੋਂ 2131 ਅਰਬ ਘਣ ਮੀਟਰ ਪਾਣੀ ਦਾ ਵਾਸ਼ਪੀਕਰਨ ਹੋ ਜਾਂਦਾ ਹੈ। ਬਾਕੀ 1869 ਅਰਬ ਘਣ ਮੀਟਰ ਪਾਣੀ ਵਿਚੋਂ 746 ਅਰਬ ਘਣ ਮੀਟਰ ਦੂਰ-ਦੁਰਾਡੇ ਸਥਿਤ ਇਲਾਕਿਆਂ ਵਿਚ ਡਿੱਗਣ ਕਾਰਨ ਵਰਤੋਂ ਵਿਚ ਨਹੀਂ ਲਿਆਇਆ ਜਾਂਦਾ। ਬਾਕੀ ਬਚਦਾ ਹੈ 1123 ਅਰਬ ਘਣ ਮੀਟਰ। ਇਸ ਵਿਚ 690 ਅਰਬ ਘਣ ਮੀਟਰ ਨਦੀਆਂ ਜ਼ਰੀਏ ਵਗਦਾ ਹੈ। ਬਾਕੀ 433 ਅਰਬ ਘਣ ਮੀਟਰ ਪਾਣੀ ਆਪਣੇ-ਆਪ ਰਿਸ ਕੇ ਧਰਤੀ ਹੇਠਲੇ ਪਾਣੀ ਦੇ ਸੋਮਿਆਂ ਵਿਚ ਸਮਾ ਜਾਂਦਾ ਹੈ। ਨਦੀਆਂ ਵਿਚ ਵਗਣ ਵਾਲੇ 690 ਅਰਬ ਘਣ ਮੀਟਰ ਪਾਣੀ ਵਿਚੋਂ ਲਗਪਗ 253 ਅਰਬ ਘਣ ਮੀਟਰ ਅਸੀਂ ਬੰਨ੍ਹਾਂ ਵਿਚ ਇਕੱਠਾ ਕਰਦੇ ਹਾਂ। ਧਰਤੀ ਹੇਠਲੇ ਜਲ ਸੋਮਿਆਂ ਵਿਚ ਸਮਾਉਣ ਵਾਲੇ 433 ਅਰਬ ਘਣ ਮੀਟਰ ਦਾ ਵੀ ਅਸੀਂ ਇਸਤੇਮਾਲ ਕਰਦੇ ਹਾਂ। ਕੁੱਲ ਮਿਲਾ ਕੇ 700 ਅਰਬ ਘਣ ਮੀਟਰ ਪਾਣੀ ਦੀ ਅਸੀਂ ਵਰਤੋਂ ਕਰ ਰਹੇ ਹਾਂ। ਬਜਟ ਜ਼ਰੀਏ ਅਸੀਂ ਹਰੇਕ ਗੇੜ 'ਤੇ ਪਾਣੀ ਦੀ ਉਪਲਬਧਤਾ ਵਧਾ ਸਕਦੇ ਹਾਂ। ਵਾਸ਼ਪੀਕਰਨ ਕਾਰਨ ਹੋ ਰਹੇ 2131 ਅਰਬ ਘਣ ਮੀਟਰ ਪਾਣੀ ਨੂੰ ਬਚਾਉਣ ਲਈ ਸਾਨੂੰ ਰੀਚਾਰਜ ਖੂਹ ਬਣਾਉਣੇ ਚਾਹੀਦੇ ਹਨ। ਬਾਰਿਸ਼ ਦੇ ਪਾਣੀ ਨੂੰ ਸਿੱਧੇ ਹੀ ਜ਼ਮੀਨ ਹੇਠਲੇ ਪਾਣੀ ਦੇ ਸੋਮਿਆਂ ਵਿਚ ਪਾਇਆ ਜਾ ਸਕਦਾ ਹੈ। ਕੇਂਦਰੀ ਭੂ-ਗਰਭ ਜਲ ਬੋਰਡ ਦੇ ਸਾਬਕਾ ਮੁਖੀ ਨੇ ਸੁਝਾਅ ਦਿੱਤਾ ਹੈ ਕਿ ਦੇਸ਼ ਨੂੰ 110 ਲੱਖ ਰੀਚਾਰਜ ਖੂਹ ਚਾਹੀਦੇ ਹਨ ਜਿਨ੍ਹਾਂ 'ਤੇ 79,000 ਕਰੋੜ ਰੁਪਏ ਦਾ ਖ਼ਰਚਾ ਆਵੇਗਾ। ਮੇਰਾ ਅਨੁਮਾਨ ਹੈ ਕਿ ਜੇ ਅਸੀਂ ਇਨ੍ਹਾਂ ਰੀਚਾਰਜ ਖੂਹਾਂ ਨੂੰ ਬਣਵਾ ਦੇਈਏ ਤਾਂ ਵਾਸ਼ਪੀਕਰਨ ਕਾਰਨ ਹੋ ਰਹੇ ਨੁਕਸਾਨ ਦੇ 10 ਫ਼ੀਸਦੀ ਹਿੱਸੇ ਅਰਥਾਤ 213 ਅਰਬ ਘਣ ਮੀਟਰ ਪਾਣੀ ਨੂੰ ਜ਼ਮੀਨ ਹੇਠਲੇ ਪਾਣੀ ਦੇ ਸੋਮਿਆਂ ਵਿਚ ਸਿੱਧਾ ਪਾ ਕੇ ਉਨ੍ਹਾਂ ਦਾ ਇਸਤੇਮਾਲ ਕਰ ਸਕਾਂਗੇ।

ਦੂਜੀ ਹਾਨੀ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਡਿੱਗ ਰਹੇ 746 ਅਰਬ ਘਣ ਮੀਟਰ ਪਾਣੀ ਦੀ ਹੈ। ਇੱਥੇ ਵੀ ਵਿਸ਼ਾ ਖ਼ਰਚ ਦਾ ਹੈ। ਜਿਵੇਂ ਚਿਰਾਪੂੰਜੀ ਵਿਚ ਵਿਸ਼ਵ ਦੀ ਸਭ ਤੋਂ ਵੱਧ ਵਰਖਾ ਹੁੰਦੀ ਹੈ। ਉਸ ਪਾਣੀ ਨੂੰ ਬੰਗਾਲ ਵਿਚ ਪਹੁੰਚਾਉਣ ਲਈ ਖ਼ਰਚ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਹੋਰ ਦੂਰ-ਦੁਰਾਡੇ ਸਥਿਤ ਖੇਤਰਾਂ ਵਿਚੋਂ ਵੀ ਵਰਖਾ ਦੇ ਪਾਣੀ ਨੂੰ ਦੂਜੇ ਸਥਾਨਾਂ ਤਕ ਪਹੁੰਚਾ ਕੇ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ। ਇਸ ਮਾਧਿਅਮ ਨਾਲ ਵਗ ਰਹੇ 746 ਅਰਬ ਘਣ ਮੀਟਰ ਪਾਣੀ ਵਿਚੋਂ ਮੇਰਾ ਅਨੁਮਾਨ ਹੈ ਕਿ 10 ਫ਼ੀਸਦੀ ਅਰਥਾਤ 74 ਅਰਬ ਘਣ ਮੀਟਰ ਪਾਣੀ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਬਚਾਇਆ ਜਾ ਸਕਦਾ ਹੈ। ਤੀਜੀ ਹਾਨੀ ਬੰਨ੍ਹਾਂ ਵਿਚ ਇਕੱਠਾ ਕੀਤੇ ਗਏ 253 ਅਰਬ ਘਣ ਮੀਟਰ ਦੀ ਹੈ। ਇਨ੍ਹਾਂ ਜਲ ਸੋਮਿਆਂ ਵਿਚੋਂ 15 ਫ਼ੀਸਦੀ ਪਾਣੀ ਵਾਸ਼ਪੀਕਰਨ ਕਾਰਨ ਉੱਡ ਜਾਂਦਾ ਹੈ। ਮੇਰਾ ਅਨੁਮਾਨ ਹੈ ਕਿ ਨਹਿਰਾਂ ਜ਼ਰੀਏ ਇਸ ਪਾਣੀ ਨੂੰ ਖੇਤਾਂ ਤਕ ਪਹੁੰਚਾਉਣ ਵਿਚ 15 ਫ਼ੀਸਦੀ ਮੁੜ ਬਰਬਾਦ ਹੋ ਜਾਂਦਾ ਹੈ। ਪਾਣੀ ਨੂੰ ਵੱਡੇ ਜਲ ਸੋਮਿਆਂ ਵਿਚ ਰੋਕ ਲੈਣ ਨਾਲ ਹੇਠਾਂ ਦੀ ਨਦੀ ਵਿਚ ਪਾਣੀ ਦਾ ਵਹਾਅ ਘੱਟ ਹੋ ਜਾਂਦਾ ਹੈ ਜਿਸ ਕਾਰਨ ਹੇਠਲੇ ਖੇਤਰ ਵਿਚ ਪਾਣੀ ਦਾ ਧਰਤ ਹੇਠਲੇ ਪਾਣੀ ਦੇ ਸੋਮਿਆਂ ਵਿਚ ਪੁਨਰ-ਭਰਨ ਦਾ ਕ੍ਰਮ ਘੱਟ ਹੋ ਜਾਂਦਾ ਹੈ ਅਤੇ ਸਿੰਚਾਈ ਦਾ ਨੁਕਸਾਨ ਹੁੰਦਾ ਹੈ। ਇਕ ਅਨੁਮਾਨ ਹੈ ਕਿ ਜਿੰਨਾ ਪਾਣੀ ਅਸੀਂ ਜਲ ਸੋਮਿਆਂ ਵਿਚ ਇਕੱਠਾ ਕਰਦੇ ਹਾਂ, ਉਸ ਦਾ 10 ਫ਼ੀਸਦੀ ਨੁਕਸਾਨ ਹੇਠਲੇ ਇਲਾਕਿਆਂ ਵਿਚ ਪੁਨਰ-ਭਰਨ ਪ੍ਰਕਿਰਿਆ ਘੱਟ ਹੋਣ ਕਾਰਨ ਹੋ ਜਾਂਦਾ ਹੈ। ਇਸ ਤਰ੍ਹਾਂ ਬੰਨ੍ਹਾਂ ਵਿਚ ਇਕੱਠਾ ਕੀਤੇ 253 ਅਰਬ ਘਣ ਮੀਟਰ ਪਾਣੀ 'ਚੋਂ ਅਸੀਂ ਕੁੱਲ 40 ਫ਼ੀਸਦੀ ਜਾਂ 101 ਅਰਬ ਘਣ ਮੀਟਰ ਪਾਣੀ ਦੀ ਹਾਨੀ ਕਰ ਰਹੇ ਹਾਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਵੱਡੇ ਬੰਨ੍ਹਾਂ ਨੂੰ ਹਟਾ ਕੇ ਇਸ 253 ਅਰਬ ਘਣ ਮੀਟਰ ਪਾਣੀ ਨੂੰ ਧਰਤੀ ਹੇਠਲੇ ਜਲ ਸੋਮਿਆਂ ਵਿਚ ਇਕੱਠਾ ਕਰੀਏ ਜਿੱਥੇ ਵਾਸ਼ਪੀਕਰਨ ਨਹੀਂ ਹੁੰਦਾ ਹੈ, ਜਿੱਥੇ ਨਹਿਰ ਤੋਂ ਪਾਣੀ ਖੇਤ ਤਕ ਪਹੁੰਚਾਉਣਾ ਨਹੀਂ ਪੈਂਦਾ ਕਿਉਂਕਿ ਜ਼ਮੀਨ ਹੇਠਲੇ ਜਲ ਸੋਮੇ ਤੋਂ ਤੁਸੀਂ ਜਿੱਥੇ ਚਾਹੋ, ਪਾਣੀ ਕੱਢ ਸਕਦੇ ਹੋ ਅਤੇ ਨਦੀ ਦੇ ਮੁਕਤ ਵਹਾਅ ਕਾਰਨ ਹੇਠਲੇ ਹਿੱਸੇ ਵਿਚ ਧਰਤੀ ਹੇਠਲੇ ਪਾਣੀ ਦੇ ਮੁੜ ਭਰਨ ਦੀ ਪ੍ਰਕਿਰਿਆ ਵੀ ਪ੍ਰਭਾਵਿਤ ਨਹੀਂ ਹੁੰਦੀ। 'ਵਾਟਰ ਇਨ ਦਿ ਵੇਸਟ' ਸੰਸਥਾ ਦੁਆਰਾ ਕੈਲੀਫੋਰਨੀਆ ਦੇ ਅਧਿਐਨ ਵਿਚ ਦੇਖਿਆ ਗਿਆ ਹੈ ਕਿ ਪਾਣੀ ਨੂੰ ਧਰਤੀ ਹੇਠਲੇ ਜਲ ਸੋਮਿਆਂ ਵਿਚ ਇਕੱਠਾ ਕਰਨ ਦਾ ਖ਼ਰਚਾ 22 ਰੁਪਏ ਪ੍ਰਤੀ ਅਰਬ ਘਣ ਮੀਟਰ ਪੈਂਦਾ ਹੈ ਜਦਕਿ ਬੰਨ੍ਹਾਂ ਵਿਚ ਇਹੋ ਖ਼ਰਚਾ 125 ਰੁਪਏ ਪੈਂਦਾ ਹੈ। ਜੇ ਅਸੀਂ ਮਹਿੰਗੇ ਬੰਨ੍ਹਾਂ ਨੂੰ ਹਟਾ ਕੇ ਸਸਤੇ ਧਰਤੀ ਹੇਠਲੇ ਜਲ ਸੋਮਿਆਂ ਵਿਚ ਪਾਣੀ ਇਕੱਠਾ ਕਰੀਏ ਤਾਂ 101 ਅਰਬ ਘਣ ਮੀਟਰ ਪਾਣੀ ਬਚਾਅ ਸਕਦੇ ਹਾਂ। ਇਨ੍ਹਾਂ ਕੰਮਾਂ ਨਾਲ ਵਰਤਮਾਨ ਵਿਚ ਉਪਲਬਧ 700 ਅਰਬ ਘਣ ਮੀਟਰ ਪਾਣੀ ਵਿਚ ਅਸੀਂ ਲਗਪਗ 400 ਅਰਬ ਘਣ ਮੀਟਰ ਦਾ ਵਾਧਾ ਕਰ ਸਕਦੇ ਹਾਂ। ਸਰਕਾਰ ਨੂੰ ਚਾਹੀਦਾ ਹੈ ਕਿ ਅਗਾਮੀ ਬਜਟ ਵਿਚ ਇਨ੍ਹਾਂ ਕੰਮਾਂ ਲਈ ਢੁੱਕਵਾਂ ਧਨ ਮੁਹੱਈਆ ਕਰਵਾਏ।



ਸਿਰਫ਼ ਪਾਣੀ ਨੂੰ ਇਕੱਠਾ ਕਰਨ ਨਾਲ ਗੱਲ ਨਹੀਂ ਬਣਦੀ ਹੈ। ਨੀਤੀ ਆਯੋਗ ਦੀ ਰਪਟ ਅਨੁਸਾਰ ਤਾਮਿਲਨਾਡੂ ਨੇ ਪਾਣੀ ਨੂੰ ਸੰਗ੍ਰਹਿ ਕਰਨ ਦਾ ਕੰਮ ਬਾਖ਼ੂਬੀ ਕੀਤਾ ਹੈ ਪਰ ਖ਼ਪਤ ਵਿਚ ਬੇਹੱਦ ਵਾਧਾ ਹੋਣ ਕਾਰਨ ਉਸ ਸੂਬੇ ਵਿਚ ਪਾਣੀ ਦਾ ਸੰਕਟ ਆ ਗਿਆ ਹੈ। ਦੇਸ਼ ਵਿਚ ਪਾਣੀ ਦੀ 85 ਫ਼ੀਸਦੀ ਖ਼ਪਤ ਖੇਤੀ ਵਿਚ ਹੁੰਦੀ ਹੈ ਪਰ ਜਾਗਰੂਕਤਾ ਦੀ ਘਾਟ ਕਾਰਨ ਕਿਸਾਨ ਪਾਣੀ ਦੀ ਸਹੀ ਵਰਤੋਂ ਨਹੀਂ ਕਰਦੇ। ਜਿੰਨੀ ਦੇਰ ਬਿਜਲੀ ਆਉਂਦੀ ਹੈ, ਓਨੀ ਦੇਰ ਕਿਸਾਨ ਬੋਰ ਨੂੰ ਚਾਲੂ ਰੱਖਦੇ ਹਨ। ਨਹਿਰ ਤੋਂ ਮਿਲਣ ਵਾਲੇ ਪਾਣੀ ਦੀ ਅੱਤ ਦੀ ਵਰਤੋਂ ਹੁੰਦੀ ਹੈ। ਕਿਸਾਨਾਂ ਨੂੰ ਸੰਜਮ ਨਾਲ ਪਾਣੀ ਦੀ ਵਰਤੋਂ ਕਰਨ ਲਈ ਇਨ੍ਹਾਂ ਤੋਂ ਪਾਣੀ ਦਾ ਮੁੱਲ ਆਇਤਨ ਦੇ ਹਿਸਾਬ ਨਾਲ ਵਸੂਲ ਕੀਤਾ ਜਾਣਾ ਚਾਹੀਦਾ ਹੈ। ਕਿਸਾਨ ਨੂੰ ਇਸ ਵਾਧੂ ਭਾਰ ਦੀ ਭਰਪਾਈ ਕਰਨ ਲਈ ਸਮਰਥਨ ਮੁੱਲ ਵਿਚ ਢੁੱਕਵਾਂ ਵਾਧਾ ਕਰ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਖੇਤੀ ਵਿਚ ਪਾਣੀ ਦੀ ਖ਼ਪਤ ਘੱਟ ਹੋਵੇਗੀ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿੰਚਾਈ ਅਤੇ ਖੇਤੀ ਦੇ ਵਿਸ਼ੇ ਸਾਡੇ ਸੰਵਿਧਾਨ ਦੀ ਰਾਜ ਸੂਚੀ ਵਿਚ ਆਉਂਦੇ ਹਨ। ਇਸ ਲਈ ਕੇਂਦਰ ਸਰਕਾਰ ਇਨ੍ਹਾਂ ਵਿਚ ਸਿੱਧਾ ਦਖ਼ਲ ਨਹੀਂ ਕਰ ਸਕਦੀ ਹੈ ਪਰ ਭਾਜਪਾ ਦੀ ਹਕੂਮਤ ਵਾਲੇ ਸੂਬਿਆਂ ਵਿਚ ਘੱਟੋ-ਘੱਟ ਇਸ ਨੀਤੀ ਨੂੰ ਲਾਗੂ ਕੀਤਾ ਜਾ ਸਕਦਾ ਹੈ ਅਤੇ ਕੇਂਦਰ ਸਰਕਾਰ ਦੁਆਰਾ ਸਮਰਥਨ ਮੁੱਲ ਵਿਚ ਵਾਧਾ ਕੀਤਾ ਜਾ ਸਕਦਾ ਹੈ ਜਿਸ ਨਾਲ ਕਿ ਇਹ ਨੀਤੀ ਦੂਜੇ ਸੂਬਿਆਂ ਵਿਚ ਵੀ ਲਾਗੂ ਕੀਤੀ ਜਾ ਸਕੇ।

ਦੂਜਾ ਵਿਸ਼ਾ ਬਰਾਮਦ ਹੈ। ਅਸੀਂ ਵੱਡੀ ਮਾਤਰਾ ਵਿਚ ਆਪਣੇ ਪਾਣੀ ਨੂੰ ਇਕ ਤਰ੍ਹਾਂ ਨਾਲ ਖੰਡ, ਲਾਲ ਮਿਰਚ ਅਤੇ ਮੇਂਥਾ ਤੇਲ ਵਿਚ ਪੈਕ ਕਰ ਕੇ ਵਿਦੇਸ਼ਾਂ ਨੂੰ ਬਰਾਮਦ ਕਰ ਦਿੰਦੇ ਹਾਂ। ਇਸ ਸਾਲ ਅਸੀਂ 21 ਲੱਖ ਟਨ ਖੰਡ, ਪੰਜ ਲੱਖ ਟਨ ਲਾਲ ਮਿਰਚ ਅਤੇ 17 ਹਜ਼ਾਰ ਟਨ ਮੇਂਥਾ ਤੇਲ ਦੀ ਬਰਾਮਦ ਕੀਤੀ ਹੈ। ਇਨ੍ਹਾਂ ਫ਼ਸਲਾਂ ਦੇ ਉਤਪਾਦਨ ਵਿਚ ਪਾਣੀ ਦੀ ਭਾਰੀ ਮਾਤਰਾ ਵਿਚ ਖ਼ਪਤ ਹੁੰਦੀ ਹੈ। ਬਰਾਮਦਸ਼ੁਦਾ ਖੰਡ ਦੇ ਉਤਪਾਦਨ ਵਿਚ ਹੀ ਅਸੀਂ 20 ਅਰਬ ਘਣ ਮੀਟਰ ਪਾਣੀ ਦਾ ਇਸਤੇਮਾਲ ਕੀਤਾ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਫ਼ਸਲਾਂ 'ਤੇ ਭਾਰੀ ਬਰਾਮਦ ਕਰ ਲਗਾ ਦੇਵੇ ਤਾਂ ਕਿ ਇਨ੍ਹਾਂ ਦੀ ਬਰਾਮਦ ਬੰਦ ਹੋ ਜਾਵੇ ਅਤੇ ਇਨ੍ਹਾਂ ਵਿਚ ਇਸਤੇਮਾਲ ਹੋਣ ਵਾਲਾ ਪਾਣੀ ਬਚ ਜਾਵੇ। ਨਾਲੋ-ਨਾਲ ਆਪਣੀ ਘਰੇਲੂ ਖ਼ਪਤ ਲਈ ਵੀ ਅੰਗੂਰ ਵਰਗੀਆਂ ਫ਼ਸਲਾਂ ਦੇ ਉਤਪਾਦਨ 'ਤੇ ਕਾਬੂ ਪਾਉਣ ਦੀ ਜ਼ਰੂਰਤ ਹੈ। ਦੱਕਣ ਦੇ ਪਠਾਰ ਵਿਚ ਹਜ਼ਾਰਾਂ ਫੁੱਟ ਡੂੰਘੇ ਟਿਊਬਵੈੱਲ ਲਾ ਕੇ ਅੰਗੂਰ ਦੀ ਵੱਡੀ ਮਾਤਰਾ ਵਿਚ ਖੇਤੀ ਕੀਤੀ ਜਾ ਰਹੀ ਹੈ। ਸਾਨੂੰ ਪਹਿਲਾਂ ਪੀਣ ਵਾਲਾ ਪਾਣੀ ਚਾਹੀਦਾ ਹੈ। ਅੰਗੂਰ ਬਾਅਦ ਵਿਚ। ਅੰਗੂਰ ਦੇ ਸਥਾਨ 'ਤੇ ਅਸੀਂ ਖੰਡ ਜਾਂ ਸਟੀਵੀਆ ਦਾ ਇਸਤੇਮਾਲ ਕਰ ਸਕਦੇ ਹਾਂ। ਕੇਂਦਰ ਸਰਕਾਰ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਤਾਂ ਜੋ ਪਾਣੀ ਦੀ ਸੰਭਾਲ ਦੀ ਦ੍ਰਿਸ਼ਟੀ ਨਾਲ ਵਿਸ਼ੇਸ਼ ਫ਼ਸਲਾਂ 'ਤੇ ਪਾਬੰਦੀ ਲਗਾਈ ਜਾ ਸਕੇ। ਦੇਸ਼ ਦੇ ਉਨ੍ਹਾਂ ਇਲਾਕਿਆਂ ਵਿਚ ਜਿੱਥੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਭਾਰੀ ਗਿਰਾਵਟ ਆ ਰਹੀ ਹੈ, ਉੱਥੇ ਖੰਡ, ਲਾਲ ਮਿਰਚ, ਮੇਂਥਾ ਅਤੇ ਅੰਗੂਰ ਵਰਗੀਆਂ ਫ਼ਸਲਾਂ ਦਾ ਉਤਪਾਦਨ ਤਤਕਾਲ ਬੰਦ ਕਰ ਦੇਣਾ ਚਾਹੀਦਾ ਹੈ। ਸੱਚ ਇਹ ਹੈ ਕਿ ਆਪਣੇ ਦੇਸ਼ ਵਿਚ ਢੁੱਕਵੀਂ ਮਾਤਰਾ ਵਿਚ ਪਾਣੀ ਉਪਲਬਧ ਹੈ ਪਰ ਅਸੀਂ ਉਸ ਦੀ ਸਹੀ ਵਰਤੋਂ ਨਹੀਂ ਕਰ ਰਹੇ ਹਾਂ ਅਤੇ ਬੇਵਜ੍ਹਾ ਹੀ ਸੰਕਟ ਵਿਚ ਪੈ ਗਏ ਹਾਂ।

-ਡਾ. ਭਰਤ ਝੁਨਝੁਨਵਾਲਾ
-(ਲੇਖਕ ਸੀਨੀਅਰ ਅਰਥ-ਸ਼ਾਸਤਰੀ ਅਤੇ ਆਈਆਈਐੱਮ ਬੈਂਗਲੁਰੂ ਦਾ ਸਾਬਕਾ ਪ੍ਰੋਫੈਸਰ ਹੈ)।

# ਲਾਈਕਸ ਅਤੇ ਕੁਮੈਂਟਾ ਰਾਹੀਂ ਜਜ਼ਬਾਤਾਂ ਨੂੰ ਬਿਆਨ ਕਰਨ ਦਾ ਜ਼ਰੀਆ ਬਣਿਆ ਸਮਾਰਟਫੋਨ





ਪਿਛਲੇ ਜਿਹੇ ਪਰਿਵਾਰਿਕ ਸਿਹਤ ਅਤੇ ਮੁੱਢਲੀ ਦੇਖਭਾਲ ਦੀ ਇੱਕ ਰਿਪੋਰਟ ਮੁਤਾਬਿਕ ਅਕਤੂਬਰ 2011 ਤੋਂ 2017 ਤੱਕ ਦੁਨੀਆਂ ਭਰ 'ਚ ਸੈਲਫੀ ਲੈਂਦੇ ਸਮੇਂ 259 ਲੋਕਾਂ ਦੀ ਮੌਤ ਹੋਈ। ਇਨ੍ਹਾਂ ਵਿੱਚੋਂ ਸਭ ਤੋਂ ਜਿਆਦਾ 159 ਮੌਤਾਂ ਸਿਰਫ ਭਾਰਤ 'ਚ ਹੋਈਆਂ ਹਨ। ਜਦੋਂ 1876 'ਚ ਪਹਿਲੀ ਵਾਰ ਫੋਨ ਦੀ ਕਾਢ ਹੋਈ ਸੀ ਉਦੋਂ ਕਿਸ ਨੇ ਸੋਚਿਆ ਸੀ ਕਿ ਇਹ ਖੋਜ਼ ਜੋ ਅੱਜ ਵਿਗਿਆਨ ਜਗਤ ਦੇ ਸੂਚਨਾ ਅਤੇ ਪ੍ਰਸਾਰ ਦੇ ਖੇਤਰ 'ਚ ਜੋ ਕ੍ਰਾਂਤੀ ਲੈਕੇ ਆਈ ਹੈ ਉਹ ਕੱਲ੍ਹ ਮਨੁੱਖੀ ਸਮਾਜ ਦੇ ਸੱਭਿਆਚਰ ਅਤੇ ਸੰਸਕਾਰਾਂ 'ਚ ਬਦਲਾਅ ਦਾ ਕਾਰਨ ਵੀ ਬਣ ਜਾਵੇਗੀ। ਕਿਸ ਨੇ ਕਲਪਣਾ ਕੀਤੀ ਸੀ ਕਿ ਜਿਸ ਫੋਨ ਰਾਹੀਂ ਅਸੀਂ ਦੂਰ ਬੈਠੇ ਸਾਡੇ ਆਪਣਿਆਂ ਦੀ ਅਵਾਜ ਸੁਣ ਕੇ ਸਕੂਨ ਮਹਿਸੂਸ ਕਰਿਆ ਕਰਦੇ ਸੀ, ਉਨ੍ਹਾਂ ਪ੍ਰਤੀ ਆਪਣੀ ਚਿੰਤਾ ਅਤੇ ਫ਼ਿਕਰ ਦੇ ਜਜ਼ਬਾਤਾਂ 'ਤੇ ਕਾਬੂ ਪਇਆ ਕਰਦੇ ਸੀ, ਇਕ ਸਮਾਂ ਅਜਿਹਾ ਵੀ ਆਵੇਗਾ ਜਦੋਂ ਉਨ੍ਹਾਂ ਨਾਲ ਗੱਲ ਕੀਤੇ ਬਿਨਾਂ ਹੀ ਗੱਲ ਹੋ ਜਾਵੇਗੀ।

ਜੀ ਹਾਂ, ਅੱਜ ਦਾ ਦੌਰ ਫੋਨ ਦਾ ਨਹੀਂ ਸਮਾਰਟ ਫੋਨ ਦਾ ਹੈ ਜਿਸਨੇ ਇੱਕ ਨਵੀਂ ਸੱਭਿਅਤਾ ਨੂੰ ਜਨਮ ਦਿੱਤਾ ਹੈ। ਇਸ ਵਿਚ ਫੇਸਬੱਕ, ਵਟੱਸਅੱਪ, ਇੰਸਟਾਗ੍ਰਾਮ, ਟਵਿੱਟਰ ਜਿਹੇ ਅਨੇਕਾਂ ਸੋਸ਼ਲ ਮੀਡੀਆ ਦੇ ਜਰੀਏ ਹਨ ਜਿੱਥੇ ਬਿਨਾਂ ਗੱਲ ਕੀਤੇ ਹੀ ਗੱਲ ਹੋ ਜਾਂਦੀ ਹੈ। ਅੱਜ ਦੇ ਇਸ ਡਿਜੀਟਲ ਦੌਰ 'ਚ ਅਸੀਂ ਇਕ ਅਜਿਹੇ ਸਮਾਜ ਦੇ ਵੱਲ ਵਧ ਰਹੇ ਹਾਂ ਜਿੱਥੇ ਲਾਈਕ ਅਤੇ ਕਮੈਂਟਾ ਰਹੀ ਜਜ਼ਬਾਤ ਬਿਆਨ ਹੁੰਦੇ ਹਨ।

ਦੋਸਤੀ ਅਤੇ ਨਰਾਜ਼ਗੀ ਆੱਨਲਾਈਨ ਨਿਭਾਈ ਜਾਂਦੀ ਹੈ। ਇਹ ਕ੍ਰਾਂਤੀ ਨਹੀਂ ਤਾਂ ਹੋਰ ਕੀ ਹੈ, ਕਿ ਅੱਜ ਇੰਟਰਨੈੱਟ ਨਾਲ ਚੱਲਣ ਵਾਲਾ ਸਮਾਰਟਫੋਨ ਬਹੁਤ ਸਾਰੇ ਲੋਕਾਂ ਦੇ ਲਈ ਉਨ੍ਹਾਂ ਦਾ ਪਹਿਲਾ ਕੰਪਿਊਟਰ ਬਣ ਗਿਆ ਹੈ ਅਤੇ ਕਿਸੇ ਦੇ ਲਈ ਉਸ ਦਾ ਨਿੱਜੀ ਟੈਲੀਵੀਜ਼ਨ, ਕਿਸੇ ਦੇ ਲਈ ਸੰਗੀਤ ਸੁਣਨ ਲਈ ਮਿਊਜ਼ਿਕ ਸਿਸਟਮ ਅਤੇ ਕਿਸੇ ਦੇ ਲਈ ਕੈਮਰਾ ਬਣ ਗਿਆ ਹੈ। ਉਹ ਲੋਕ ਜੋ ਇੱਕ ਛੋਟੇ ਜਿਹੇ ਕਮਰੇ 'ਚ ਅਨੇਕਾਂ ਲੋਕਾਂ ਨਾਲ ਰਹਿਣ ਲਈ ਮਜਬੂਰ ਹਨ ਉਨ੍ਹਾਂ ਦੇ ਲਈ ਸਮਾਰਟਫੋਨ ਦੀ ਛੋਟੀ ਜਿਹੀ ਸਕਰੀਨ ਹੀ ਉਨ੍ਹਾਂ ਦੀ ਨਿੱਜੀ ਦੁਨੀਆਂ ਬਣ ਗਈ ਹੈ।

ਜੋ ਬੱਚੇ ਕੱਲ ਤੱਕ ਗਲੀ -ਮੁਹੱਲਿਆਂ ਅਤੇ ਪਾਰਕਾਂ 'ਚ ਅਜਾਦ ਪਰਿੰਦੇ ਵਾਂਗ ਖੇਡਦੇ-ਕੁੱਦਦੇ ਅਤੇ ਛਲਾਂਗਾ ਮਾਰਦੇ ਉਨ੍ਹਾਂ ਦੀ ਰੌਣਕ ਹੋਇਆ ਕਰਦੇ ਸਨ, ਅੱਜ ਆਪਣੇ ਸਮਾਰਟਫੋਨ ਦੇ ਕੈਦੀ ਬਣਕੇ ਰਹਿ ਗਏ ਹਨ।

ਅੱਜ ਬੱਚਿਆਂ ਦਾ ਭਵਿੱਖ ਵੀ ਡਿਜੀਟਲ ਹੋ ਗਿਆ ਹੈ ਕਿਉਂਕਿ ਜਿਨ੍ਹਾਂ ਬੱਚਿਆਂ ਦਾ ਬਚਪਨ ਕੱਲ੍ਹ ਤੱਕ ਦਾਦੀ-ਨਾਨੀ ਦੀਆਂ ਬਾਤਾਂ ਸੁਣਦੇ ਹੋਏ ਬੜੀ ਮਸੂਮੀਅਤ ਨਾਲ ਲੰਘਦਾ ਸੀ ਅੱਜ ਉਹੀ ਬਚਪਨ ਸਮਾਰਟਫੋਨ ਦੀ ਸਕਰੀਨ 'ਤੇ ਵੱਖ-ਵੱਖ ਵਿਸ਼ਿਆਂ ਬਾਰੇ ਚਾਹੀ-ਅਣਚਾਹੀ ਜਾਣਕਾਰੀ ਦੇ ਗਿਆਨ ਦੇ ਨਾਲ ਆਪਣੀ ਮਸੂਮੀਅਤ ਕਦੋਂ ਗੁਵਾ ਬਹਿੰਦਾ ਹੈ, ਪਤਾ ਹੀ ਨਹੀਂ ਚੱਲਦਾ।

ਅੱਜ ਉਹ ਬਚਪਨ ਸਿਰਫ ਮਸੂਮੀਅਤ ਹੀ ਨਹੀਂ ਸਗੋਂ ਸ਼ਰੀਰਕ ਸਿਹਤ ਵੀ ਗੁਵਾ ਰਿਹਾ ਹੈ।ਕਿਉਂਕਿ ਜਿੰਨ੍ਹਾਂ ਹੱਥਾਂ 'ਚ ਕੱਲ ਤੱਕ ਗੁੱਲੀ ਡੰਡਾ ਅਤੇ ਕ੍ਰਿਕਟ ਦੇ ਬੱਲੇ ਜਿਹੇ ਖਿਡਾਉਣੇ ਹੁਦੇ ਸਨ, ਜਿਨ੍ਹਾਂ ਨੂੰ ਲੈਕੇ ਘੰਟਿਆਂ ਬੱਧੀ ਜਾਂ ਫਿਰ ਸਾਰਾ ਸਾਰਾ ਦਿਨ ਭੱਜ ਦੌੜ ਕਰਕੇ ਵੀ ਥੱਕਦੇ ਨਹੀਂ ਸਨ , ਉਹ ਹੱਥ ਅੱਜ ਸਮਾਰਟਫੋਨ ਦੇ ਕਾਰਨ ਘੱਟ ਉਮਰ 'ਚ ਹੀ ਅੱਖਾਂ ਉੱਤੇ ਐਨਕਾਂ ਅਤੇ ਸ਼ਰੀਰ 'ਤੇ ਮੋਟਾਪੇ ਲਈ ਮਜਬੂਰ ਹਨ।

ਦਰਅਸਲ ਅੱਜ ਮੋਬਾਇਲ ਕ੍ਰਾਂਤੀ ਅਤੇ ਇੰਟਰਨੈੱਟ ਡਾਟੇ ਦੀਆਂ ਘਟਦੀਆਂ ਕੀਮਤਾਂ ਦੇ ਚੱਲਦਿਆਂ ਦੁਨੀਆਂ ਭਰ 'ਚ ਸਮਾਰਟਫੋਨ ਅਤੇ ਇੰਟਰਨੈੱਟ ਦਾ ਇਸਤੇਮਾਲ ਹੈਰਾਨੀ ਜਨਕ ਰੂਪ 'ਚ ਵਧਿਆ ਹੈ।ਭਾਰਤ ਵਿੱਚ ਹੀ ਲਗਪਗ 80 ਫੀਸਦ ਘਰਾਂ ਵਿਚ ਮੋਬਾਇਲ ਫੋਨ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਲਗਪਗ 300 ਮਿਲਿਅਨ ਭਾਰਤਵਾਸੀ ਸਮਾਰਟਫੋਨ ਦੀ ਵਰਤੋਂ ਕਰਦੇ ਹਨ।ਇੱਕ ਰਿਪੋਰਟ ਦੇ ਮੁਤਾਬਿਕ ਭਾਰਤ 'ਚ ਮੋਬਾਇਲ ਡਾਟਾ ਖਪਤ 2022 ਤੱਕ ਪੰਜ ਗੁਣਾ ਵਧ ਕੇ 17 ਜੀ ਬੀ ਪ੍ਰਤੀ ਵਿਅਕਤੀ ਤੱਕ ਪਹੁੰਚ ਜਾਵੇਗੀ ਜੋ 2017 'ਚ 3 ਜੀ ਸੀ।



ਇੱਕ ਜਾਣਕਾਰੀ ਦੇ ਮੁਤਾਬਿਕ ਭਾਰਤਵਾਸੀਆਂ ਨੇ ਮੋਬਾਇਲ ਐਪਲੀਕੇਸ਼ਨਜ਼ ਡਾਉਨਲੋਡ ਕਰਨ 'ਚ ਅਮਰੀਕਾ ਨੂੰ ਵੀ ਪਿੱਛੇ ਛੱਡ ਦਿੱਤਾ ਹੈ।2017 'ਚ ਭਾਰਤਵਾਸੀਆਂ ਨੇ 12 ਅਰਬ ਐਪਲੀਕੇਸ਼ਨਜ਼ ਆਪਣੇ ਸਮਾਰਟ ਫੋਨਾਂ 'ਚ ਡਾਉਨਲੋਡ ਕੀਤੀਆਂ ਸਨ ਜਦਕਿ ਅਮਰੀਕਾ 'ਚ 11 ਅਰਬ ਐਪਲੀਕੇਸ਼ਨਜ਼ ਡਾਊਨਲੋਡ ਕੀਤੀਆਂ ਗਈਆਂ ਸਨ।

ਇੱਕ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ ਕਿ 2015 ਤੋਂ 2017 ਦੇ ਵਿਚਕਾਰ ਭਾਰਤ 'ਚ ਮੋਬਾਇਲ ਐਪਲੀਕੇਸ਼ਨਜ਼ ਡਾਊਨਲੋਡ ਕਰਨ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ ਜਦਕਿ ਅਮਰੀਕਾ 'ਚ ਪੰਜ ਗੁਣਾ ਦੀ ਕਮੀ ਹੋਈ ਹੈ।

ਅਜਿਹੇ 'ਚ ਜਦੋਂ ਸਮਾਰਟਫੋਨ ਅਤੇ ਇੰਟਰਨੈੱਟ ਦੀ ਵਰਤੋਂ ਸਾਡੇ ਸਮਾਜ 'ਚ ਲਗਾਤਾਰ ਵਧਦੀ ਹੀ ਜਾ ਰਹੀ ਹੈ ਤਾਂ ਇਹ ਜਰੂਰੀ ਹੋ ਗਿਆ ਹੈ ਕਿ ਅਸੀਂ ਇਸ ਨਾਲ ਹੋਣ ਵਾਲੇ ਫਾਇਦੇ ਅਤੇ ਨੁਕਸਾਨ ਦੋਹਾਂ ਨਾਲ ਵਾਕਿਫ਼ ਹੋਈਏ ਅਤੇ ਇਸ ਵਿਸ਼ੇ ਬਾਰੇ ਸਮਾਜ ਨੂੰ ਜਾਗਰੂਕ ਵੀ ਕਰੀਏ। ਕਿਉਂਕਿ ਅਸੀਂ ਕਿਸੇ ਵੀ ਚੀਜ ਦਾ ਇਸਤੇਮਾਲ ਉਦੋਂ ਹੀ ਕਰ ਪਾਉਂਦੇ ਹਾਂ ਜਦੋਂ ਸਾਨੂੰ ਉਸਦੀ ਚੰਗਿਆਈ ਅਤੇ ਬੁਰਾਈ ਦੋਹਾਂ ਦਾ ਗਿਆਨ ਹੋਵੇ , ਨਹੀਂ ਤਾਂ ਉਹ ਚੀਜ ਸਾਡਾ ਖੁਦ ਦਾ ਹੀ ਇਸਤੇਮਾਲ ਕਰ ਲੈਂਦੀ ਹੈ। ਸਮਾਰਟਫੋਨ ਦੇ ਮਾਮਲੇ 'ਚ ਇਹੀ ਹੋ ਰਿਹਾ ਹੈ ।ਇਹ ਜਦੋਂ ਉਨ੍ਹਾਂ ਹੱਥਾਂ 'ਚ ਚਲੇ ਜਾਂਦਾ ਹੈ ਜਿਨ੍ਹਾਂ ਨੂੰ ਇਸਦੇ ਸਹੀ-ਗਲਤ ਦੀ ਜਾਣਕਾਰੀ ਨਹੀਂ ਹੁੰਦੀ ਤਾਂ ਫਿਰ ਇਹ ਜਾਣੇ -ਅਣਜਾਣੇ ਬਹੁਤ ਨੁਕਸਾਨ ਪਹੁੰਚਾਉਂਦਾ ਹੈ।

ਇਹੀ ਕਾਰਨ ਹੈ ਕਿ ਕਦੇ ਸੈਲਫ਼ੀ ਲੈਣ ਦੇ ਚੱਕਰ 'ਚ ਕਿਸੇ ਦੀ ਮੌਤ ਦੀ ਖਬਆਉਂਦੀ ਹੈ ਤੇ ਕਦੇ ਬਲੂ ਵੇਲ੍ਹ ਜਿਹੀ ਕਿਸੇ ਗੇਮ ਨਾਲ ਕਿਸੇ ਬੱਚੇ ਵੱਲੋਂ ਆਤਮਹੱਤਿਆ ਕਰਨ ਦੀ ਖਬਰ ਆਉਂਦੀ ਹੈ। ਹੁਣੇ ਕੁਝ ਦਿਨ ਪਹਿਲਾਂ ਇਕ ਬੱਚਾ ਲਗਾਤਾਰ 15 ਦਿਨ ਪੱਬਜੀ ਗੇਮ ਖੇਡਦਾ ਰਿਹਾ ਅਤੇ ਉਸ ਵਿੱਚ ਐਨਾ ਡੁੱਬ ਗਿਆ ਕਿ ਖੇਡਦੇ-ਖੇਡਦੇ ਉਸਦੀ ਮੌਤ ਹੋ ਗਈ ।ਇਸ ਤੋਂ ਇਲਾਵਾ ਆਪਣਾ ਜਿਆਦਾਤਰ ਸਮਾਂ ਫੋਨ ਦੀ ਅਭਾਸੀ ਦੁਨੀਆਂ 'ਚ ਲੰਘਾਉਣ ਨਾਲ ਅਸੀਂ ਖੁਦ ਵੀ ਕਾਫ਼ੀ ਹੱਦ ਤੱਕ ਬਣਾਉਟੀ ਹੁੰਦੇ ਜਾ ਰਹੇ ਹਾਂ । ਤਾਂਹੀ ਕਦੇ ਕਿਸੇ ਦੁਰਘਟਨਾ ਦੀ ਹਾਲਤ 'ਚ ਅਸੀਂ ਪੀੜਤ ਦੀ ਮਦਦ ਕਰਨ ਨੂੰ ਪਹਿਲ ਦੇਣ ਦੀ ਬਜਾਏ ਹਾਦਸੇ ਦੀ ਵੀਡੀਓ ਬਣਾਕੇ ਸੋਸ਼ਲ ਮੀਡੀਏ 'ਤੇ ਪਾਉਣ ਨੂੰ ਜਿਆਦਾ ਅਹਿਮੀਅਤ ਦੇ ਦਿੰਦੇ ਹਾਂ ਅਤੇ ਦੇਖਿਆ ਗਿਆ ਹੈ ਕਿ ਕਈ ਵਾਰ ਚਾਰ-ਪੰਜ ਲੋਕ ਮਿਲਕੇ ਕਿਸੇ ਗਰੀਬ ਨੂੰ ਕੁਝ ਖਾਣ ਲਈ ਦਿੰਦੇ ਹੋਏ ਆਪਣੀ ਫੋਟੋ ਸੋਸ਼ਲ ਮੀਡੀਆ 'ਤੇ ਅੱਪਲੋਡ ਕਰ ਕੇ ਦਾਨਵੀਰ ਕਰਨ ਦੀ ਛਵੀ ਬਣਾਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਤੋਂ ਇਲਾਵਾ ਕਿਉਂਕਿ ਇੰਟਰਨੈੱਟ 'ਤੇ ਕੋਈ ਵੀ ਵਿਅਕਤੀ ਕੁਝ ਵੀ ਪਾ ਸਕਦਾ ਹੈ ਜਿਸ ਕਾਰਨ ਨਾ ਸਿਰਫ ਗੈਰ ਪ੍ਰਮਾਣਿਕ ਜਾਣਕਾਰੀ ਪਾਈ ਜਾਂਦੀ ਹੈ ਸਗੋਂ ਅਨੇਕਾਂ ਤਰ੍ਹਾਂ ਦੀ ਅਸ਼ਲੀਲਤਾ ਅਤੇ ਨਕਰਾਤਮਕਤਾ ਪਰੋਸਣ ਵਾਲੀਆਂ ਸਾਈਟਾਂ ਦੀ ਵੀ ਭਰਮਾਰ ਹੈ। ਅਜਿਹੇ 'ਚ ਛੋਟੇ ਬੱਚਿਆਂ ਦੇ ਹੱਥਾਂ 'ਚ ਸਮਾਰਟਫੋਨ ਕਿੰਨਾ ਖਤਰਨਾਕ ਹੋ ਸਕਦਾ ਹੈ। ਆਏ ਦਿਨ ਛੋਟੇ -ਛੋਟੇ ਬੱਚਿਆਂ ਵੱਲੋਂ ਬਲਾਤਕਾਰ ਅਤੇ ਕਤਲ ਜਿਹੇ ਅਪਰਾਧਾਂ 'ਚ ਲਿਪਤ ਹੋਣ ਦੀਆਂ ਵਧਦੀਆਂ ਘਟਨਾਵਾਂ ਨਾਲ ਇਹ ਬਾਖੂਬੀ ਸਾਬਿਤ ਹੋ ਰਿਹਾ ਹੈ।

ਇਹ ਗੱਲ ਸਹੀ ਹੈ ਕਿ ਸਮਾਰਟਫੋਨ ਅਤੇ ਇੰਟਰਨੈੱਟ ਨੇ ਦੁਨੀਆਂ ਨੂੰ ਬਹੁਤ ਛੋਟਾ ਕਰ ਦਿੱਤਾ ਹੈ ਪਰ ਇਹ ਵੀ ਸੱਚ ਹੈ ਕਿ ਇਸ ਨੇ ਇਨਸਾਨ ਨੂੰ ਇਨਸਾਨ ਤੋਂ ਵੀ ਦੂਰ ਕਰ ਦਿੱਤਾ ਹੈ। ਅੱਜ ਜੇਕਰ ਕੋਈ ਪਰਿਵਾਰ ਜਾਂ ਦੋਸਤਾਂ ਦੇ ਨਾਲ ਹੋਟਲ 'ਚ ਜਾਂਦਾ ਹੈ ਪਰ ਉਥੇ ਵੀ ਹਰ ਕੋਈ ਆਪਣੇ ਸਮਾਰਟਫੋਨ ਵਿਚ ਹੀ ਡੁੱਬਿਆ ਨਜ਼ਰ ਆਉਂਦਾ ਹੈ।





ਜ਼ਾਹਿਰ ਹੈ ਕਿ ਬੱਚੇ ਹੋਣ ਜਾਂ ਬਜੁਰਗ ਹੋਣ, ਮਰਦ ਹੋਵੇ ਜਾਂ ਔਰਤ ਸਾਰਿਆਂ ਨੂੰ ਮੋਬਾਇਲ ਨੇ ਆਪਣੀ ਗ੍ਰਿਫਤ 'ਚ ਲੈ ਲਿਆ ਹੈ। ਪਰ ਹੁਣ ਦੁਨੀਆਂ ਭਰ ਦੇ ਕਈ ਸਰਵੇਖਣਾ 'ਚ ਸਮਾਰਟਫੋਨ ਦੇ ਜਿਆਦਾ ਵਰਤੋਂ ਨਾਲ ਸ਼ਰੀਰਕ, ਮਾਨਸਕ, ਅਤੇ ਸਮਾਜਕ ਭਾਵ ਹਰ ਤਰ੍ਹਾਂ ਦੇ ਮਾੜੇ ਸਿੱਟੇ ਸਾਹਮਣੇ ਆਉਣ ਲੱਗੇ ਹਨ ।ਇਸ ਲਈ ਜਰੂਰੀ ਹੈ ਕਿ ਸਮਾਜ ਦੀ ਸਿਹਤ ਅਤੇ ਪਰਿਵਾਰ ਦੇ ਸੰਸਕਾਰਾਂ ਦੀ ਰੱਖਿਆ ਦੇ ਲਈ ਸਮਾਰਟਫੋਨ ਦੇ ਇਸਤੇਮਾਲ ਅਤੇ ਉਸਦੇ ਦੁਰਉਪਯੋਗ ਦੇ ਫ਼ਾਸਲੇ ਨੂੰ ਸਮਝਿਆ ਜਾਵੇ ਅਤੇ ਮਨੁੱਖਤਾ ਦੇ ਬਿਹਤਰ ਭਵਿੱਖ ਦੀ ਨੀਂਅ ਰੱਖੀ ਜਾਵੇ।

**ਹਰਪ੍ਰੀਤ ਸਿੰਘ ਬਰਾੜ**
**ਸਾਬਕਾ ਡੀ ਓ ,174 ਮਿਲਟਰੀ ਹਸਪਤਾਲ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

# ਬਲਾਤਕਾਰਾਂ ਵਿੱਚ ਵਾਧੇ ਲਈ ਭੜਕੀਲਾ ਫੈਸ਼ਨ ਜ਼ਿੰਮੇਵਾਰ



ਕੋਈ ਸਮਾਂ ਸੀ ਜਦ ਕੋਈ ਵੀ ਧੀਆਂ-ਭੈਣਾਂ ਕੁੜਤੀ ਸਲਵਾਰ ਪਾ ਕੇ ਤੇ ਸਿਰ ਢੱਕ ਕੇ ਘਰੋਂ ਬਾਹਰ ਨਿਕਲਿਆ ਕਰਦੀਆਂ ਸਨ। ਪਹਿਲੀ ਗੱਲ ਤਾਂ ਪੁਰਾਤਨ ਪੰਜਾਬ ਵਿੱਚ ਬਹੁਤ ਘੱਟ ਘਰਾਂ ਵਿਚੋਂ ਨਿਕਲਦੀਆਂ ਸਨ ਧੀਆਂ ਭੈਣਾਂ। ਬਜ਼ੁਰਗਾਂ ਦੀ ਸ਼ਰਮ ਤੇ ਭੈਅ ਹੁੰਦਾ ਸੀ। ਉਨ੍ਹਾਂ ਨੂੰ ਪੁੱਛੇ ਬਿਨਾਂ ਕਿਸੇ ਦੀ ਵੀ ਮਜਾਲ ਹੀ ਨਹੀਂ ਹੁੰਦੀ ਸੀ ਘਰ ਤੋਂ ਬਾਹਰ ਜਾਣ ਦੀ,ਜੇ ਜਾਣਾ ਵੀ ਤਾਂ ਸਿਰਫ਼ ਗਵਾਂਢ ਵਿਚ ਜਾਂ ਫਿਰ ਜੇ ਕਿਸੇ ਰਿਸ਼ਤੇਦਾਰੀ ਵਿੱਚ ਜਾਣਾ ਹੁੰਦਾ ਤਾਂ ਇੱਕੋ ਪਰਿਵਾਰ ਵਿੱਚ ਇੱਕ ਹੀ ਜੇਬ ਹੁੰਦੀ ਸੀ,ਭਾਵ ਘਰ ਦੀ ਹਾੜ੍ਹੀ ਸਾਉਣੀ ਜਾਂ ਜੇਕਰ ਕੋਈ ਟਾਂਵਾਂ ਟਾਂਵਾ ਵੀਰ ਨੌਕਰੀ ਕਰਦਾ ਸੀ ਤਾਂ ਉਸ ਦੀ ਤਨਖਾਹ ਵੀ ਓਸੇ ਇੱਕੋ ਜੇਬ ਵਿੱਚ ਆਉਣੀ ਤੇ ਲੋੜ ਅਨੁਸਾਰ ਓਥੋਂ ਹੀ ਖਰਚੇ ਲਈ ਪੈਸੇ ਥੇਲੇ ਲੈਣੇ। ਅਜੋਕੇ ਸਮਿਆਂ ਵਾਂਗ ਨਹੀਂ ਸੀ ਕਿ ਅਲੱਗ-ਅਲੱਗ ਜੇਬਾਂ ਤੇ ਆਪਣੇ ਆਪਣੇ ਖਰਚ ਕਰਨੇ। ਇੱਕੋ ਘਰ ਦੇ ਮੋਹਤਬਰ ਬੰਦੇ ਦਾ ਹੁਕਮ ਚਲਦਾ ਸੀ।ਹਾੜ ਸਿਆਲ ਦੇ ਮਹੀਨੀਂ ਸਾਰੇ ਪਰਿਵਾਰ ਕੱਪੜੇ ਬਣਾਇਆ ਕਰਦਾ ਸੀ।



ਪਰ ਅਜੋਕੇ ਸਮੇਂ ਵਿੱਚ ਐਨੀ ਤਬਦੀਲੀ ਆ ਚੁੱਕੀ ਹੈ ਕਿ ਜਿੰਨੇ ਘਰ ਦੇ ਮੈਂਬਰ ਨੇ ਆਪੋ-ਆਪਣੀ ਮਰਜੀ ਚੱਲਦੀ ਹੈ, ਅਜੋਕੇ ਚਕਾਚੌਂਧ ਮੋਬਾਇਲਾ ਤੇ ਇੰਟਰਨੈੱਟ ਦੇ ਜ਼ਮਾਨੇ ਨੇ ਸਾਰੀ ਦੁਨੀਆਂ ਨੂੰ ਐਸ਼ੋ ਆਰਾਮ ਨਾਲ ਲਬਰੇਜ਼ ਕਰਕੇ ਫਿਲਮੀ ਦੁਨੀਆਂ ਵਿੱਚ ਗੜੁੱਚ ਕਰ ਲਿਆ ਹੈ, ਤੇ ਇਥੋਂ ਹੀ ਨੰਗੇਜ਼ਵਾਦ ਦਾ ਦੌਰ ਹੁੰਦਾ ਹੈ ਸ਼ੁਰੂ।ਅੱਧ ਕੱਜਿਆ ਸਰੀਰ ਰੱਖਣਾ ਅੱਜ ਦਾ ਫੈਸ਼ਨ ਬਣ ਗਿਆ ਹੈ, ਸ਼ਰਮ ਹਯਾ ਦਾ ਗਹਿਣਾ ਬਹੁਤ ਦੂਰ ਦੀਆਂ ਤੇ ਬਹੁਤ ਪਿੱਛੇ ਦੀਆਂ ਗੱਲਾਂ ਹੋ ਚੁੱਕੀਆਂ ਹਨ। ਕੋਈ ਕਿਸੇ ਦੀ ਇਜ਼ਤ ਨਹੀਂ ਕਰਦਾ ਕੋਈ ਕਿਸੇ ਦਾ ਭੈਅ ਨਹੀਂ ਮੰਨਦਾ ਕਿਸੇ ਵੱਡੇ ਵਡੇਰੇ ਦੀ ਕੋਈ ਪੁੱਛ ਦੱਸ ਨਹੀਂ।ਹਰ ਪਰਿਵਾਰ ਦੇ ਘਰਾਂ ਵਿੱਚ ਅਲੱਗ-ਅਲੱਗ ਕਮਰਿਆਂ ਵਿੱਚ ਟੈਲੀਵਿਜ਼ਨ ਹੋਣ ਕਰਕੇ ਫੈਸ਼ਨ ਦਾ ਬੋਲਬਾਲਾ ਹੈ ਅਜੋਕੇ ਕੁੜੀਆਂ ਮੁੰਡਿਆਂ ਨੇ ਐਹੋ ਜਿਹੇ ਕੱਪੜੇ ਪਾਏ ਹੁੰਦੇ ਨੇ ਕਿ ਸਿਆਣੇ ਸਮਝਦਾਰ ਇਨਸਾਨ ਤਾਂ ਤੋਬਾ ਤੋਬਾ ਕਰਦੇ ਵੇਖੇ ਜਾ ਸਕਦੇ ਨੇ। ਤੇ ਐਸੇ ਭੜਕੀਲਾ ਫੈਸ਼ਨ ਹੀ ਬਲਾਤਕਾਰਾਂ ਦਾ ਕਾਰਨ ਬਣਦੇ ਹਨ।ਆਮ ਕਹਾਵਤ ਵੀ ਸੁਣੀ ਜਾਂਦੀ ਰਹੀ ਹੈ ਕਿ ਨਗਨ ਸਰੀਰ ਵੇਖਕੇ ਤਾਂ ਖ਼ੁਦ ਭਗਵਾਨ ਵੀ ਡੋਲ ਗਿਆ ਸੀ, ਤੇ ਫਿਰ ਅਜੋਕਾ ਮਨੁੱਖ ਕੀਹਦੇ ਪਾਣੀਹਾਰ ਹੈ।ਇਹੀ ਵੱਡਾ ਕਾਰਨ ਹੈ ਅਜੋਕੇ ਸਮਿਆਂ ਵਿੱਚ ਬਲਾਤਕਾਰਾਂ ਵਿੱਚ ਵਾਧੇ ਦਾ।ਹਰ ਰੋਜ਼ ਹੀ ਅਖ਼ਬਾਰਾਂ ਵਿਚ ਇਹੋ ਜਿਹੀਆਂ ਘਟਨਾਵਾਂ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ ਕਿ ਸਕੇ ਭਾਣਜੇ ਨਾਲ ਮਾਮੀ ਦਾ ਅਫੇਅਰ,ਤਾਏ ਦੇ ਪੁੱਤਰ ਨੇ ਆਪਣੇ ਹੀ ਚਾਚੇ ਦੀ ਲੜਕੀ ਭਾਵ ਭੈਣ ਨਾਲ ਖੇਹ ਖਾਧੀ ਸਕੇ ਦਾਦੇ ਨੇ ਆਪਣੀ ਪੋਤਰੀ ਜੋ ਕਿ ਹਾਲੇ ਨਾਬਾਲਗ ਸੀ ਉਸ ਨਾਲ ਕੁਕਰਮ ਕੀਤਾ। ਸੁਣਕੇ ਪੜਕੇ ਸਰੀਰ ਪਾਣੀ ਪਾਣੀ ਹੋ ਜਾਂਦਾ ਹੈ।ਸੋ ਦੋਸਤੋ ਇਹੋ ਜਿਹੇ ਘਿਨਾਉਣੇ ਅਪਰਾਧ ਹੁੰਦੇ ਹੀ ਰਹਿਣਗੇ ਜੇਕਰ ਸਮਾਂ ਰਹਿੰਦੇ ਆਪਾਂ ਆਪਣੇ ਆਪ ਨੂੰ ਨਾ ਸੰਭਾਲਿਆ ਮਤਲਬ ਫੈਸ਼ਨ ਪ੍ਰਸਤੀ ਨੂੰ ਲਗਾਮ ਨਾ ਲਗਾਈ।ਸੋ ਸਾਨੂੰ ਲੋੜ ਹੈ ਆਪਣੇ ਆਪ ਤੇ ਆਪਣੀ ਔਲਾਦ ਨੂੰ ਇਸ ਭੈੜੀ ਅਲਾਮਤ ਤੋਂ ਨਿਜਾਤ ਦਿਵਾਉਣ ਦੀ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

**ਜਸਵੀਰ ਸ਼ਰਮਾ ਦੱਦਾਹੂਰ**
**95691 49556 ਸ੍ਰੀ ਮੁਕਤਸਰ ਸਾਹਿਬ**

# ਚਿੱਟ-ਕੱਪੜੀਆਂ ਜੋਕਾਂ





ਸ਼ਾਮ ਦੇ ਸੱਤ ਕੁ ਵਜੇ ਮੈਂ ਗਲੀ ਚੋਂ ਲੰਘ ਰਿਹਾ ਸੀ, ਸਾਹਮਣੇ ਗਲੀ ਚੋਂ ਰੋਣ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ। ਮੈਂ ਉਸ ਘਰ ਦੇ ਨਜ਼ਦੀਕ ਗਿਆ ਜਿਥੋਂ ਆਵਾਜ਼ਾਂ ਆ ਰਹੀਆਂ ਸਨ। ਆਵਾਜ਼ ਓਵੇਂ ਹੀ ਗੁੱਸੇ ਭਰੀ ਆਵਾਜ਼ ਚ ਆਉਂਦੀ ਰਹੀ, "ਇਹ ਤਾਂ ਗਦਾਰ ਆ,ਲੋਟੂ ਆ,ਗਿਰਿਆ ਹੋਇਆ, ਜਮਾਂ ਸਿਰੇ ਦਾ ਘਟੀਆ ਬੰਦਾ ਇਹ, ਮੈਂ ਪਹਿਲਾਂ ਵੀ ਸੁਣਿਆ ਸੀ ਇਹ ਕੰਜ਼ਰ ਬਾਰੇ।"
ਮੈਂ ਉਸ ਘਰ ਚ ਗਿਆ ਤਾਂ ਦੇਖਿਆ ਕਿ ਤਾਇਆ ਨਾਥਾ ਇਹ ਗੱਲਾਂ ਬੋਲ ਰਿਹਾ ਸੀ। ਓਥੇ ਹੀ ਬਾਬਾ ਬੈਠਾ ਸੀ। ਬਾਬੇ ਬੰਤੇ ਨੂੰ ਮੈਂ ਪੁੱਛਿਆ," ਕੀ ਗੱਲ ਹੋ ਗਈ ਬਾਬਾ ? ਤਾਇਆ ਨਾਥਾ ਕੀਹਨੂੰ ਬੋਲੀ ਜਾਂਦਾ ਇਹ ਸਾਰਾ ਕੁਝ ....?"
ਬਾਬੇ ਬੰਤੇ ਨੇ ਭਰੇ ਮਨ ਨਾਲ ਦੱਸਿਆ, "ਕੀ ਦੱਸਾਂ ਪੁੱਤ, ਤੇਰੇ ਤਾਏ ਦੀ ਲੜਕੀ ਜੀਤੀ ਦਾ ਰੌਲਾ ਜਾ ਚਲਦਾ ਸੀ ਸਹੁਰਿਆਂ ਨਾਲ।"
"ਸ਼ੇਰਾ,ਜੀਤੀ ਦਾ ਪਹਿਲਾਂ ਜਿੱਥੇ ਵਿਆਹ ਹੋਇਆ ਸੀ,ਦੋ ਹੀ ਸਾਲਾਂ ਪਿਛੋਂ ਉਸਦਾ ਪਤੀ ਕਿਸੇ ਦੁਰਘਟਨਾ ਵਿੱਚ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਉਸਦੀ ਉਮਰ ਕੋਈ ਜਿਆਦੇ ਨਹੀਂ ਸੀ।ਸੋਹਣੀ ਸੁਨੱਖੀ ,ਧੀ ਦੀ ਸਾਰੀ ਉਮਰ ਪਈ ਸੀ।ਇਕੱਲਿਆਂ ਰਹਿ ਕੇ ਸਾਰੀ ਜਿੰਦਗੀ ਜਿਓਂਣਾ ਸੌਖਾ ਨਹੀਂ ਸੀ।"
"ਫ਼ੇਰ ਅੱਗੇ ਕੀ ਹੋਇਆ ਬਾਬਾ ?" ਮੈਂ ਬਾਬੇ ਕੋਲ ਬੈਠਦੇ ਨੇ ਪੁੱਛਿਆ।
"ਸ਼ੇਰਾ, ਫਿਰ ਜੀਤੀ ਦਾ ਕਿਤੇ ਹੋਰ ਟਿਕਾਣਾ ਲੱਭ ਕੇ ਦੂਜਾ ਵਿਆਹ ਕਰਤਾ ਸੀ ਆਪਾਂ।"
"ਬਾਬਾ ਇਹ ਤਾਂ ਮੈਨੂੰ ਪਤਾ,ਹੁਣ ਕੀ ਗੱਲ ਹੋ ਗਈ ਜੀਤੀ ਦੇ ਸਾਹੁਰੇ ਪਰਿਵਾਰ ਚ...?" ਮੈਂ ਵਿੱਚੋਂ ਹੀ ਟੋਕਦਿਆਂ ਬੋਲਿਆ। "ਕੀ ਦੱਸਾਂ ਸ਼ੇਰਾ, ਇੱਥੇ ਵੀ ਜੀਤੀ ਕੁੱਝ ਵਕਤ ਹੀ ਠੀਕ ਰਹੀ। ਇਹ ਪਤੀ ਉਸਦਾ ਨਸ਼ਾ-ਪੱਤਾ ਕਰਦਾ ਸੀ।ਹਰ ਰੋਜ ਹੀ ਨਸ਼ੇ ਨਾਲ ਟੁੰਨ ਹੋਕੇ ਘਰ ਆਓਂਦਾ ਸੀ ਤੇ ਆਪਣੀ ਕੁੜੀ ਦੀ ਕੁੱਟ-ਮਾਰ ਕਰਦਾ ਸੀ। ਬਹੁਤ ਵਾਰ ਸਮਝਾ ਕੇ ਵੇਖਲਿਆ, ਕੋਈ ਗੱਲ ਸਿਰੇ ਨਾ ਲੱਗੀ। ਸੋਚਿਆ ਵਸ ਜਾਵੇ ਰੋਜ-ਰੋਜ ਸਮਾਨ ਚੁੱਕਣਾ ਕਿਹੜਾ ਸੌਖਾ ਪਿਆ। ਪਰ ਇਥੇ ਵੀ ਤਲਾਕ ਬਿਨਾਂ ਗੱਲ ਨਾ ਨੇੜੇ ਹੋਈ। ਜੀਤੀ ਦੀ ਜਵਾਨੀ ਤਲਾਕਾਂ ਦੇ ਕਾਗਜਾਂ ਚ ਰੁਲਗੀ....।"
ਬਾਬਾ ਅੱਖਾਂ ਸਾਫ਼ ਕਰਨ ਲੱਗ ਪਿਆ। ਦੂਜੇ ਪਾਸੇ ਤਾਇਆ ਨਾਥਾ ਵੀ ਸ਼ਾਂਤ ਹੋਇਆ ਸਾਡੀਆਂ ਗੱਲਾਂ ਚ ਗੁਆਚਿਆ ਖੜਾ ਸੀ।
ਬਾਬਾ ਫ਼ੇਰ ਬੋਲਿਆ, "ਜੀਤੀ ਦਾ ਦੂਜੀ ਵਾਰ ਦਾ ਤਲਾਕ ਹੋਇਆ।ਇਹੋ ਜਿਹੇ ਕੰਮਾਂ ਦੇ ਵਿੱਚ ਕੁੱਝ ਭਲੇਮਾਣਸ ਬੰਦੇ ਆਪਣੇ ਪਿੰਡ ਚੋਂ ਪਾਏ। ਕੁੱਝ ਪੰਚਾਇਤ ਦੇ ਬੰਦੇ ਸੀ ਤੇ ਕੁੱਝ ਮੋਹਤਬਰ ਬੰਦੇ ਹੋਰ। ਜਦੋਂ ਤਲਾਕ ਹੋਇਆ,ਆਪਣਾ ਪਰਿਵਾਰ ਸ਼ੇਰਾ ਬੁਰੇ ਹਾਲਾਂ ਚ ਸੀ, ਜਿਸ ਨੇ ਧੀ ਨੂੰ ਲਾਡਾਂ ਨਾਲ ਪਾਲਿਆ,ਪੜਾਇਆ ਤੇ ਚਾਅਵਾਂ ਨਾਲ ਵਿਆਹ ਕੀਤਾ। ਪਰ ਜੀਤੀ ਦੀ ਉਮਰ ਝੰਜਟਾਂ ਵਿੱਚ ਫਸ ਗਈ।ਰਾਜੀਨਾਮਾ ਹੋਇਆ ਕਿ ਕੁੜੀ ਵਾਲਿਆਂ ਦਾ ਜੋ ਖਰਚਾ ਹੋਇਆ,ਉਸਨੂੰ ਕੁਝ ਬੰਦਿਆਂ ਨੇ ਵਿਚ-ਵਿਚਾਲੇ ਹੋਕੇ ਦੋ ਲੱਖ ਵਿੱਚ ਨਬੇੜ ਦਿੱਤਾ,ਜੋ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਨੂੰ ਦੇਣੇ ਸੀ।
ਮੈਂ ਜੀਤੀ ਦੀ ਦੁੱਖਾਂ ਭਰੀ ਜਿੰਦਗੀ ਬਾਰੇ ਸੋਚ ਰਿਹਾ ਸੀ ਤੇ 2 ਲੱਖ ਰੁਪਏ ਨਾਲ ਪੂਰੀ ਜਿੰਦਗੀ ਲੰਘਾਉਣ ਦੀ ਚੁਣੌਤੀ ਬਾਰੇ ਸੋਚ ਕੇ ਮੇਰਾ ਲੂ ਕੰਡੇ ਖੜੇ ਹੋ ਰਹੇ ਸਨ। ਐਨੇ ਨੂੰ ਤਾਇਆ ਨਾਥਾ ਵੀ ਆਪਣੀ ਚੁੱਪੀ ਨੂੰ ਤੋੜਦਾ ਬੋਲਿਆ, "ਪਰ ਓਹ ਖਰਚੇ ਵਾਲੇ ਪੈਸੇ ਜੀਤੀ ਨੂੰ ਨਹੀਂ ਮਿਲੇ, ਜਦੋਂ ਜੀਤੀ ਦੇ ਸਹੁਰੇ ਪਿੰਡ ਦੇ ਸਰਪੰਚ ਨੂੰ ਫੋਨ ਕੀਤਾ,ਕਿ ਜੋ ਖਰਚਾ ਮੰਨਿਆ ਸੀ ਓਹ ਕਦੋਂ ਦੇਣਗੇ, ਕਈ ਦਿਨ ਬੀਤ ਗਏ..। ਤਾਂ ਸਰਪੰਚ ਨੇ ਕਿਹਾ ਕਿ ਓਹ ਥੋਡੇ ਨਾਲ ਆਏ ਪਤਵੰਤੇ ਸੱਜਣ ਚਿੱਟ- ਕੱਪੜੀਏ ਨੂੰ ਦੂਜੇ ਦਿਨ ਹੀ ਦੇ ਦਿੱਤੇ ਸੀ। ਪਤਾ ਕਰਨ ਤੇ ਪਤਾ ਲੱਗਿਆ ਕਿ ਜੋ ਇਮਾਨਦਾਰ ,ਸੂਝਵਾਨ,ਪੜ੍ਹੇ ਲਿਖੇ,ਲੋਕਾਂ ਦੇ ਹਮਦਰਦੀ ਕਹਾਉਣ ਵਾਲੇ ਨਾਲ ਗਏ ਸਨ,ਓਹਨਾਂ ਨੇ ਹੀ ਆਪਿਸ ਵਿੱਚ ਸਾਰੇ ਪੈਸੇ ਵੰਡ ਲਏ। ਮੈਨੂੰ ਇਹ ਸਭ ਸੁਣਕੇ ਇੱਕ ਦਮ ਝਟਕਾ ਜਿਹਾ ਲੱਗਾ ਤੇ ਮੈਂ ਸੁੰਨ ਜਾ ਹੋ ਕੇ ਰਹਿ ਗਿਆ।" ਸ਼ੇਰਾ, ਜਿਨ੍ਹਾਂ ਨੂੰ ਆਪਾਂ ਆਪਣਾ ਸਮਝ ਵੋਟਾਂ ਪਾਓਂਨਿਆ,ਯਕੀਨ ਕਰਦੇ ਹਾਂ,ਜੋ ਲੋਕਾਂ ਚ ਆਪਣੀ ਚੌਧਰ ਘੋਟਦੇ ਹਨ,ਬਹੁਤ ਜਿਆਦੇ ਸੱਚੇ-ਸੁੱਚੇ ਤੇ ਨੇਕ ਇਨਸਾਨ ਬਣਦੇ ਹਨ,ਵੇਖਲਾ ਸ਼ੇਰਾ ਇਹਨਾਂ ਬੇਕਾਰ ਘਟੀਆ ਸੋਚ ਵਾਲੇ ਲੋਕਾਂ ਦੀਆਂ ਗੱਲਾਂ।" ਮੈਂ ਕਿਹਾ, "ਤਾਇਆ ਆਪਣਾ ਮੈਂਬਰ ਲੈ ਜਾਂਦੇ ਨਾਲ।" ਤਾਏ ਨੇ ਕਿਹਾ, "ਉਹ ਤੇਰੇ ਆਲਾ ਮੈਂਬਰ ਵੀ ਲੈ ਕੇ ਗਏ ਸੀ ਨਾਲ ਪੁੱਤਰਾ,ਜਿਸ ਨਾਲ ਤੂੰ ਵੋਟਾਂ ਨੂੰ ਆਓਂਦਾ ਸੀ, ਜੀਹਨੂੰ ਸਾਰੇ ਟੱਬਰ ਨੇ ਵੋਟਾਂ ਪਾਈਆਂ ਸੀ, ਓਹੀ ਮੈਂਬਰ ਸਾਬ ਵੀ ਨਾਲ ਹੀ ਸੀ।" ਇਹ ਗੱਲ ਸੁਣਕੇ ਮੇਰੀ ਜ਼ੁਬਾਨ ਹੀ ਬੰਦ ਹੋ ਗਈ।ਬਿਨ ਹੱਡੀ ਵਾਲੀ ਆਪਣੀ ਕਾਰਵਾਈ ਕਰਨੋ ਹਟ ਗਈ।ਮੈਂ ਬੁੱਤ ਬਣਕੇ ਓਥੇ ਹੀ ਬੈਠਾ ਰਿਹਾ। ਤਾਇਆ ਉੱਠਿਆ ਤੇ ਬੋਲਿਆ, "ਅੰਤ ਆ ਗਿਆ ਹੁਣ ਇਹਨਾਂ ਸਮਾਜ ਦੀਆਂ ਜੋਕਾਂ ਦਾ। ਇਹ ਜੋਕਾਂ ਲੋਕਾਂ ਦੇ ਘਰ ਤੁੜਵਾ ਕੇ ਖੁਸ਼ ਹੁੰਦੀਆਂ ਨੇ ਤੇ ਆਪਣੇ ਬਣਕੇ ਆਪਾਂ ਨੂੰ ਹੀ ਲੁੱਟੀ ਜਾਂਦੇ ਹਨ।ਇਹੋ ਜਿਹੇ ਕੰਮਾਂ ਚ ਠੱਗੀ ਮਾਰਕੇ ਘਰ ਚਲਾਓਂਦੇ ਨੇ ਸ਼ੇਰਾ, ਮਰਨਗੇ ਇਹ ਮਾੜੀ ਸੋਚ ਵਾਲੇ ਲੋਕ। ਕੀੜੇ ਪੈਣਗੇ ਇਹਨਾਂ ਲੋਕਾਂ ਦੇ, ਜੋ ਐਵੇਂ ਖ਼ੂਨ ਚੂਸਦਿਆ ਮਜਬੂਰਾਂ ਦਾ,ਇਹ ਸਭ ਬੋਲਦਾ ਹੋਇਆ ਤਾਇਆ ਦਾਤੀ ਪੱਲੀ ਚੱਕ ਕੇ,ਸਾਇਕਲ ਲੈਕੇ ਬੋਲਦਾ ਬੋਲਦਾ ਬਾਹਰ ਨੂੰ ਚਲਾ ਗਿਆ। ਮੈਂ ਵੀ ਹਉਕਾ ਜਾ ਲੈਕੇ ਸਮਾਜ ਦੀਆਂ ਜੋਕਾਂ ਬਾਰੇ ਸੋਚਦਾ ਸੋਚਦਾ ਬਾਹਰ ਆ ਗਿਆ। ਬਾਬਾ ਬੰਤਾ ਉੱਥੇ ਹੀ ਮੰਜੇ ਤੇ ਬੈਠਾ ਬੈਠਾ ਟੇਢਾ ਜਾ ਹੋ ਕੇ ਲੇਟ ਗਿਆ।

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**

# ਰੇਹੜੀਆਂ ਤੋਂ ਗੰਨੇ ਜਾਂ ਫਰੂਟ ਦਾ ਰਸ



ਹਾਂ ਜੀ ਅੱਜ ਗੱਲ ਕਰਾਂਗੇ ਸਾਡੇ ਦੇਸ਼ ਭਾਰਤ ਵਿੱਚ ਖਾਸ ਕਰਕੇ ਪੰਜਾਬ ਦੇ ਸ਼ਹਿਰਾਂ ਵਿੱਚ ਥਾਂ ਥਾਂ ਤੇ ਸੜਕਾਂ ਦੇ ਉੱਪਰ ਗੰਨੇ ਦੇ ਰਸ ਦੀਆਂ ਰੇਹੜੀਆਂ ਆਮ ਹੀ ਲੱਗੀਆਂ ਵੇਖੀਆਂ ਜਾਂਦੀਆਂ ਹਨ ਜਾਂ ਹੋਰ ਕਿਸੇ ਫਰੂਟ ਜਿਵੇ ਕਿ ਸੰਗਤਰੇ ਦਾ ਜੂਸ ਜਾਂ ਹੋਰ ਕਿਸੇ ਫਲਾਂ ਅਨਾਨਾਸ ਦਾ ਜੂਸ ਵੇਚਿਆ ਜਾ ਰਿਹਾ ਹੈ ਖਾਸ ਕਰਕੇ ਅੱਜ ਕੱਲ੍ਹ ਗਰਮੀ ਦੇ ਦਿਨਾਂ ਵਿੱਚ ਗੰਨੇ ਦਾ ਜੂਸ ਦਾ ਸੰਗਤਰੇ ਦਾ ਜੂਸ ਬਹੁਤ ਵੇਚਿਆ ਜਾ ਰਿਹਾ ਹੈ। ਸਾਡੇ ਖਾਸ ਕਰ ਆਉਣ ਜਾਣ ਵਾਲੇ ਰਾਹੀ ਜਾਂ ਦੂਰ ਦੇ ਮੁਸਾਫਰ ਗਰਮੀ ਦੇ ਦਿਨਾਂ ਵਿੱਚ ਰਸ ਜਾਂ ਜੂਸ ਪੀਣਾ ਪਸੰਦ ਕਰਦੇ ਹਨ ਪਰ ਖਾਸ ਕਰਕੇ ਭਾਵੇਂ ਕਿ ਸਿੱਖ ਹਨ ਭਾਵੇਂ ਜਾਂ ਕੋਈ ਆਮ ਲੋਕ ਕਿਸੇ ਨੂੰ ਇਹ ਨਹੀਂ ਪਤਾ ਕਿ ਇਹ ਪੀਣ ਵਾਲੇ ਗਲਾਸਾਂ ਨੂੰ ਕਿੰਨੀ ਕੁ ਵਾਰੀ ਸਾਫ ਕੀਤਾ ਜਾਂਦਾ ਹੈ ਜਾਂ ਕਿਹੜੇ ਪਾਣੀ ਵਿੱਚ ਕਿੰਨਾ ਕੋ ਧੋਇਆ ਜਾਂਦਾ ਹੈ ਮੁੜ ਮੁੜ ਕੇ ਉਹੀ ਪਾਣੀ ਵਿੱਚ ਉਸ ਗਲਾਸ ਨੂੰ ਧੋਇਆ ਜਾਂਦਾ ਹੈ ਪੀਣ ਵਾਲੇ ਮੁਸਾਫਰ ਕਿੰਨੇ ਕੁ ਤਰ੍ਹਾਂ ਦੇ ਹਰ ਰੋਜ਼ ਆਉਂਦੇ ਜਾਂਦੇ ਹਨ ਅਤੇ ਜੂਸ ਰਸ ਪੀਂਦੇ ਹਨ ਪਰ ਉਹ ਗਲਾਸ ਨੂੰ ਮੁੜ ਮੁੜ ਕੇ ਇੱਕ ਬਾਲਟੀ ਵਿੱਚ ਹੀ ਧੋਇਆ ਜਾਂਦਾ ਹੈ ਮੁੜ ਮੁੜ ਕੇ ਸਾਰਾ ਝੂਠ ਉਸ ਗਲਾਸ ਵਿੱਚ ਹੀ ਆ ਰਿਹਾ ਹੈ ਅੱਜ ਕੱਲ੍ਹ ਹਰ ਕੋਈ ਬੰਦਾ ਕਿਸੇ ਨਾ ਕਿਸੇ ਬੀਮਾਰੀ ਦਾ ਸ਼ਿਕਾਰ ਹੈ ਕਿਸੇ ਨੂੰ ਕੋਈ ਆਮ ਬਿਮਾਰੀ ਹੈ ਕਈਆਂ ਨੂੰ ਕਈ ਵੱਡੀਆਂ ਵੱਡੀਆਂ ਬੀਮਾਰੀਆਂ ਹਨ ਜਿਹੜੀਆਂ ਦਾ ਕੋਈ ਵੀ ਇਲਾਜ ਨਹੀਂ ਹੈ ਸਵੇਰ ਟਾਈਮ ਉਹ ਪਾਣੀ ਸਾਫ ਭਰ ਕੇ ਬਾਲਟੀ ਭਰੀ ਜਾਂਦੀ ਹੈ ਤੇ ਸ਼ਾਮ ਤੱਕ ਉਹ ਬਾਲਟੀ ਵਿੱਚ ਪਿਆ ਪਾਣੀ ਪੀਲੇ ਰੰਗ ਦਾ ਹੋ ਜਾਂਦਾ ਹੈ। ਮੁੜ ਮੁੜ ਕੇ ਉਹ ਹੀ ਬਾਲਟੀ ਵਿੱਚ ਤੇ ਪਾਣੀ ਵਿੱਚ ਧੋਏ ਹੋਏ ਗਿਲਾਸਾਂ ਨੂੰ ਲੋਕ ਕਿੰਨਾ ਕੋ ਮੁੜ ਮੁੜ ਕੇ ਵਰਤ ਰਹੇ ਹਨ ਉਹੀ ਜੂਠੇ ਗਲਾਸਾਂ ਵਿੱਚ ਲੋਕ ਜੂਸ ਪੀ ਪੀ ਕੇ ਆਪਣੇ ਆਪ ਨੂੰ ਕਿੰਨੀਆਂ ਕੁ ਬਿਮਾਰੀਆਂ ਦਾ ਸ਼ਿਕਾਰ ਕਰ ਰਹੇ ਹਨ ਕਿਸੇ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਅੱਜ ਕੱਲ੍ਹ ਫੋਮ ਦੇ ਜਾਂ ਡਿਸਪੋਜਲ ਕੱਪ ਗਲਾਸ ਆਮ ਹੀ ਦੁਕਾਨਾਂ ਤੋਂ ਮਿਲਦੇ ਹਨ ਇਸ ਲਈ ਗੱਡੀਆਂ ਵਾਲੇ ਮੁਸਾਫ਼ਰ ਤਾਂ ਦੁਕਾਨਾਂ ਤੋਂ ਲੈ ਕੇ ਆਪਣੀਆਂ ਗੱਡੀਆਂ ਵਿੱਚ ਉਹ ਰੱਖ ਸਕਦੇ ਹਨ ਅਤੇ ਆਪਣਾ ਜੂਸ ਵਧੀਆ ਤਰਾਂ ਦਾ ਸਾਫ਼ ਸੁਥਰਾ ਪੀ ਸਕਦੇ ਹਨ ਇਸ ਤਰ੍ਹਾਂ ਕਰਨ ਦੇ ਨਾਲ ਹਰ ਕੋਈ ਬੰਦਾ ਆਪਣੀਆਂ ਬਿਮਾਰੀਆਂ ਤੋਂ ਬਚਾਅ ਕਰ ਸਕਦਾ ਹੈ ਜੂਸ ਪੀਣਾ ਕੋਈ ਵੀ ਮਨ੍ਹਾਂ ਨਹੀਂ ਹੈ ਨਾ ਹੀ ਕੋਈ ਹਾਨੀਕਾਰਕ ਹੈ ਪਰ ਅਸੀਂ ਜੂਠ ਪੀਣ ਨਾਲ ਉਸ ਨੂੰ ਹਾਨੀਕਾਰਕ ਕਰ ਸਕਦੇ ਹਾਂ ਇਸ ਲਈ ਖਾਣਾ ਖਾਣ ਸਮੇਂ ਉਹੀ ਪਲੇਟਾਂ ਕੌਲੀਆਂ ਅਤੇ ਗਿਲਾਸਾਂ ਦਾ ਖਾਸ ਧਿਆਨ ਰੱਖੋ। ਅੱਜ ਕੱਲ੍ਹ ਪੰਜਾਬ ਵਿੱਚ ਭਾਵੇਂ ਕਿ ਭਾਰਤ ਵਿੱਚ ਥਾਂ ਥਾਂ ਤੇ ਹਸਪਤਾਲ ਮਰੀਜ਼ਾਂ ਨਾਲ ਭਰੇ ਹੋਏ ਹਨ ਇਹ ਕੁਝ ਸਾਡੀਆਂ ਅਣਗਹਿਲੀਆਂ ਦੇ ਕਾਰਨ ਹੀ ਅਸੀਂ ਇੱਥੋਂ ਤੱਕ ਪਹੁੰਚ ਗਏ ਹਾਂ ਇਹ ਜੂਸ ਗੰਨੇ ਦੀ ਵੀਡੀਓ ਮੈਂ ਕੁਝ ਦਿਨ ਪਹਿਲਾਂ ਕਿਸੇ ਸਿੰਘ ਨੇ ਮੈਨੂੰ ਭੇਜੀ ਜੋ ਕਿ ਸੁਣ ਕੇ ਮੈਨੂੰ ਬਹੁਤ ਹੈਰਾਨੀ ਹੋਈ ਬਹੁਤ ਦੁਨੀਆਂ ਨੂੰ ਸੇਧ ਦੇਣ ਵਾਲੇ ਲੋਕਾਂ ਨੂੰ ਮੱਤ ਦੇਣ ਵਾਲੀ ਇਹ ਵੀਡੀਓ ਕਿਸੇ ਸਿੰਘ ਸਰਦਾਰ ਨੇ ਬਹੁਤ ਵਧੀਆ ਤਰ੍ਹਾਂ ਗੱਲ ਕਰਕੇ ਜੂਸ ਦੀ ਸਾਰੀ ਕਹਾਣੀ ਹੱਡ ਬੀਤੀ ਉਸ ਨੇ ਸੁਣਾਈ ਸੋ ਮੈਂ ਵੀ ਇਹ ਸਭ ਸੁਣ ਕੇ ਦੁਨੀਆਂ ਨੂੰ ਲੋਕਾਂ ਨੂੰ ਇੱਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਦੂਸਰੇ ਪਾਸੇ ਅਸੀਂ ਰੈਸਟੋਰੈਂਟਾਂ ਵਿਆਹ ਜਾਂ ਪਾਰਟੀਆਂ ਦੇ ਵਿੱਚ ਖਾਣਾ ਖਾਂਦੇ ਸਮੇਂ ਇੱਕ ਹੀ ਟਰੇਅ ਵਿੱਚ ਇੱਕ ਹੀ ਕੜਛੀ ਜਾਂ ਚਮਚਾ ਨੂੰ ਸਾਰਿਆਂ ਦੇ ਹੱਥ ਲੱਗਦੇ ਹਨ ਜੋ ਕਿ ਸਾਰਿਆਂ ਦੇ ਫਿੰਗਰ ਪ੍ਰਿੰਟ ਹੋਈ ਜਾ ਰਹੇ ਹਨ ਉਸੇ ਹੀ ਹੱਥ ਨਾਲ ਬੁਰਕੀ ਤੋੜ ਕੇ ਮੂੰਹ ਵਿੱਚ ਪਾਉਂਦੇ ਹਾਂ ਇਹ ਵੀ ਗੱਲਾਂ ਸਾਡੀ ਸਿਹਤ ਲਈ ਹਾਨੀਕਾਰਕ ਹੋ ਸਕਦੀਆਂ ਹਨ ਜਾਂ ਹੋ ਗਈਆਂ ਹਨ ਇਹ ਗੱਲਾਂ ਸਭ ਸੋਚਣ ਸਮਝਣ ਦੀ ਅੱਜ ਹਰ ਇੱਕ ਬੰਦੇ ਨੂੰ ਲੋੜ ਹੈ ਇਸ ਲਈ ਖਾਣਾ ਖਾਂਦੇ ਸਮੇਂ ਜਾਂ ਜੂਸ ਪੀਂਦੇ ਸਮੇਂ ਸਾਫ਼ ਸੁਥਰੇ ਭਾਂਡਿਆਂ ਦੀ ਹੀ ਵਰਤੋਂ ਕਰੋ।

**ਸਿੰਦਰ ਸਿੰਘ ਮੀਰਪੁਰੀ**

# ਅਸਲੀ ਵਿਚੋਲਾ

ਹਨੇਰੀ ਰਾਤ ਅੱਧੀ ਬੀਤ ਚੁੱਕੀ ਸੀ। ਮੰਜੇ 'ਤੇ ਬੇਚੈਨ ਪਿਆ ਪਾਲੀ ਥੋੜ੍ਹੀ ਦੇਰ ਬਾਅਦ ਪਾਸਾ ਪਰਤ ਲੈਂਦਾ। ਉਸ ਦੀ ਧੀ ਚੰਨੀ ਦੇ ਵਿਆਹ ਵਿੱਚ ਪੰਦਰਾਂ ਕੁ ਦਿਨ ਹੀ ਬਾਕੀ ਸਨ। ਪੈਸੇ ਦੀ ਘਾਟ ਕਾਰਨ ਘਰ ਵਿੱਚ ਸੰਨਾਟਾ ਛਾਇਆ ਹੋਇਆ ਸੀ। ਪਾਲੀ ਡਾਢਾ ਪ੍ਰੇਸ਼ਾਨ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਧੀ ਦਾ ਵਿਆਹ ਵੀ ਵਧੀਆ ਹੋਵੇ। ਕੱਪੜੇ ਲੀੜੇ ਤੋਂ ਬਿਨਾਂ ਪੰਜ ਕੁ ਨਗ ਸੋਨੇ ਦੀਆਂ ਟੂੰਮਾਂ ਦੇ ਬਣ ਜਾਣ। ਭਾਈਚਾਰੇ ਵਿੱਚ ਵੀ ਇੱਜ਼ਤ ਰਹਿ ਜਾਵੇਗੀ। ਪਰ ਪ੍ਰੇਸ਼ਾਨੀ ਤਾਂ ਪੈਸੇ ਦੀ ਸੀ। ਆੜ੍ਹਤੀਆ ਪੈਸੇ ਦੇਣੋਂ ਹੱਥ ਖੜ੍ਹੇ ਕਰ ਗਿਆ। ਹੋਰ ਕਿਸ ਤੋਂ ਉਧਾਰ ਲਿਆ ਜਾਵੇ ? ਚੰਨੀ ਨੇ ਪਿਛਲੇ ਸਾਲ ਹੀ ਬੀ ਏ ਪਾਸ ਕੀਤੀ ਸੀ। ਉਹ ਜਾਗ ਰਹੀ ਸੀ ਤੇ ਆਪਣੇ ਪਿਤਾ ਦੀ ਬੈਚੇਨੀ ਨੂੰ ਗੰਭੀਰਤਾ ਨਾਲ ਨੋਟ ਕਰ ਰਹੀ ਸੀ। ਅਖ਼ਬਾਰਾਂ ਦੇ ਪੰਨਿਆਂ 'ਤੇ ਨਿੱਤ ਛਪਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਉਸ ਦੇ ਦਿਮਾਗ਼ ਵਿੱਚ ਵਾਰ ਵਾਰ ਘੁੰਮ ਰਹੀਆਂ ਸਨ। ਉਸ ਨੇ ਸਵੇਰੇ ਆਪਣੇ ਮੰਗੇਤਰ ਪ੍ਰਭਾਤ ਨਾਲ ਫੋਨ 'ਤੇ ਗੱਲਬਾਤ ਕੀਤੀ। ਪ੍ਰਭਾਤ ਸਕੂਲ ਅਧਿਆਪਕ ਸੀ ਜੋ ਖ਼ੁਦ ਵਧੀਆ ਸੋਚ ਵਾਲਾ ਸੀ। ਉਹ ਚੰਨੀ ਦੀ ਸਲੀਕੇ ਤੇ ਸਿਆਣਪ ਭਰਪੂਰ ਗੱਲਬਾਤ ਦਾ ਕਾਇਲ ਹੋ ਕੇ ਸ਼ਾਮ ਨੂੰ ਹੀ ਆਪਣੇ ਪਿਤਾ ਤੇ ਵਿਚੋਲੇ ਨੂੰ ਲੈ ਚੰਨੀ ਦੇ ਘਰ ਪਹੁੰਚ ਗਿਆ। ਪ੍ਰਭਾਤ ਦੇ ਪਿਤਾ ਜੀ ਨੇ ਖ਼ੁਦ ਇਸ ਸੁਭਾਗੇ ਕਾਰਜ ਦੀ ਡੋਰ ਆਪਣੇ ਹੱਥ ਲੈ ਲਈ। ਉਸ ਨੇ ਚੰਨੀ ਦੇ ਪਿਤਾ ਨੂੰ ਦੋਵੇਂ ਹੱਥ ਜੋੜ ਕੇ ਕਿਹਾ, "ਸਰਦਾਰ ਜੀ, ਸਾਡੀ ਅਰਜ਼ ਹੈ ਕਿ ਅਸੀਂ ਵਿਆਹ ਦੇ ਕਾਰਜ ਤੋਂ ਬਾਅਦ ਖ਼ੁਸ਼ ਰਹਿਣਾ ਹੈ ਨਾ ਕਿ ਭੇਡਚਾਲ ਦੇ ਮਗਰ ਲੱਗ ਝੱਗਾ ਚੌੜ ਕਰਾ ਦੁਖੀ ਹੋਣਾ ਹੈ। ਅਸੀਂ ਗਿਆਰਾਂ ਬਰਾਤੀ ਬਿਨਾਂ ਖੜਕੇ ਦੜਕੇ ਤੋਂ ਆਵਾਂਗੇ ਤੇ ਗੁਰਦੁਆਰਾ ਸਾਹਿਬ ਵਿੱਚ ਅਨੰਦ ਕਾਰਜ ਮਗਰੋਂ ਸਿਰਫ਼ ਚਾਹ ਦੀ ਪਿਆਲੀ ਹੀ ਸਾਂਝੀ ਕਰਾਂਗੇ। ਦਾਜ ਤੇ ਵਡਿਆਈਆਂ ਵਗੈਰਾ ਦੀ ਕੋਈ ਰਸਮ ਨਹੀਂ ਕਰਨੀ।" ਬੇਜ਼ੁਬਾਨ ਹੋਏ ਪਾਲੀ ਦੇ ਹੱਥ ਜੁੜੇ ਹੋਏ ਸਨ। ਉਹ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਸ ਦੇ ਸਿਰ ਤੋਂ ਵੱਡਾ ਬੋਝ ਉਤਰ ਗਿਆ ਹੋਵੇ। ਚੰਨੀ ਨੇ ਖ਼ੁਸ਼ ਹੋ, ਪ੍ਰਭਾਤ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਜਿਵੇਂ ਕਹਿ ਰਹੀ ਹੋਵੇ ਕਿ 'ਮਾਣ ਹੈ ਮੈਨੂੰ ਆਪਣੀ ਪਸੰਦ 'ਤੇ'। ਪ੍ਰਭਾਤ ਨੇ ਵੀ ਮਿੰਨਾ ਜਿਹਾ ਮੁਸਕੁਰਾ ਤੇ ਸਿਰ ਹਿਲਾ ਕੇ ਚੰਨੀ ਦੇ ਵਿਸ਼ਵਾਸ ਨੂੰ ਪਕੇਰਾ ਕਰ ਦਿੱਤਾ। ਉਨ੍ਹਾਂ ਦੇ ਜਾਣ ਮਗਰੋਂ ਪਾਲੀ ਨੂੰ ਇਸ ਕਾਰਜ ਦੇ ਅਸਲੀ ਵਿਚੋਲੇ ਚੰਨੀ ਬਾਰੇ ਪਤਾ ਲੱਗਿਆ ਤਾਂ ਉਸ ਨੇ ਖ਼ੁਸ਼ ਹੋ ਉਸ ਨੂੰ ਆਪਣੇ ਕਲਾਵੇ ਵਿੱਚ ਲੈ ਆਖਿਆ, "ਵਾਹ ਮੇਰੀ ਬੱਚੀ, ਮੈਨੂੰ ਤੇਰੇ 'ਤੇ ਮਾਣ ਐ।"

**ਕੁਲਵਿੰਦਰ ਸਿੰਘ ਬਿੱਟੂ**

# ਸਾਉਣ ਦਾ ਸੰਧਾਰਾ

ਸਮੇਂ ਨਾਲ ਸਭ ਕੁਝ ਬਦਲਦਾ ਜਾ ਰਿਹਾ ਹੈ। ਅੱਜ ਦੇ ਬੱਚਿਆਂ ਨੂੰ ਤਾਂ ਦੇਸੀ ਮਹੀਨਿਆਂ ਦੇ ਨਾਂ ਵੀ ਪਤਾ ਨਹੀਂ ਹਨ। ਫਿਰ ਉਨ੍ਹਾਂ ਨਾਲ ਸਬੰਧਤ ਦਿਨ ਤਿਓਹਾਰਾਂ ਦਾ ਤਾਂ ਪਤਾ ਹੀ ਕਿੱਥੋ ਹੋਣਾ। ਸਾਉਣ ਦਾ ਮਹੀਨਾ ਚੜ੍ਹਦੇ ਹੀ ਸਾਡੇ ਘਰ ਬੇਬੇ ਨੇ ਗੁਲਗਲੇ ਅਤੇ ਮੱਠੀਆਂ ਬਣਾਉਣ ਲਈ 10-12 ਸੇਰ ਆਟਾ ਘੋਲ ਲੈਣਾ। ਅਸੀਂ ਸਾਰੇ ਬੱਚਿਆਂ ਨੇ ਬੇਬੇ ਕੋਲ ਵੱਡੇ ਵੱਡੇ ਥਾਲ ਤੇ ਚਾਕੂ ਲੈ ਕੇ ਬੈਠ ਜਾਣਾ। ਬੇਬੇ ਨੇ ਰੋਟੀਆਂ ਵੇਲ ਵੇਲ ਵਾਰੀ ਸਿਰ ਸਾਡੇ ਥਾਲਾਂ ਵਿਚ ਪਾਈ ਜਾਣੀਆਂ ਤੇ ਅਸੀਂ ਮੱਠੀਆਂ ਕੱਟੀ ਜਾਂਦੇ। ਅਸੀਂ ਮੱਠੀਆਂ ਕੱਟ ਕੱਟ ਟੋਕਰਾ ਭਰ ਲੈਂਦੇ। ਫਿਰ ਸਾਡੇ ਘਰ ਤੜਕੇ ਤੋਂ ਆਥਣ ਤਕ ਗੁਲਗਲੇ ਮੱਠੀਆਂ ਹੀ ਚੱਲਦੇ। ਅਸੀਂ ਰੱਜ ਰੱਜ ਖਾਂਦੇ, ਨਾਲੇ ਆਪਣੀਆਂ ਭੂਆਂ ਨੂੰ ਸੰਧਾਰਾ ਦਿੰਦੇ। ਸਾਉਣ ਦਾ ਮਹੀਨਾ ਚੜ੍ਹਦੇ ਹੀ ਸਾਨੂੰ ਕਾਹਲੀ ਪੈ ਜਾਂਦੀ ਕਿ ਬੇਬੇ ਕਦੋਂ ਤੇਲ ਕੜਾਹੀ ਵਿਚ ਪਾਊ ਤੇ ਕਦੋਂ ਸਾਨੂੰ ਮੱਠੀਆਂ ਕੱਢ ਕੇ ਦੇਵੇਗੀ। ਖੈਰ, ਹੁਣ ਬੇਬੇ ਵੀ ਜ਼ਿਆਦਾ ਬਜ਼ੁਰਗ ਹੋ ਗਈ ਤੇ ਸਾਡੀਆਂ ਭੂਆਂ ਵੀ। ਨਾ ਹੁਣ ਬੇਬੇ ਤੋਂ ਐਨੀਆਂ ਮੱਠੀਆਂ ਬਣਦੀਆਂ ਤੇ ਨਾ ਹੀ ਹੁਣ ਦੇ ਜੁਆਕਾਂ ਤੋਂ ਪਹਿਲਾਂ ਵਾਂਗ ਖਾਧੀਆਂ ਹੀ ਜਾਂਦੀਆਂ ਹਨ। ਬੇਬੇ ਬਾਪੂ ਤੋਂ ਹੁਣ ਸਾਡੀਆਂ ਭੂਆਂ ਨੇ ਸਾਉਣ ਦਾ ਸੰਧਾਰਾ ਲੈਣੋ ਬੰਦ ਕਰ ਦਿੱਤਾ, ਪਰ ਮੇਰੀ ਨਾਨੀ ਨੇ ਅਜੇ ਵੀ ਬੇਬੇ ਨੂੰ ਸੰਧਾਰਾ ਦੇਣਾ ਬੰਦ ਨਹੀਂ ਕੀਤਾ। ਹੁਣ ਵੀ ਚੜ੍ਹਦੇ ਸਾਉਣ ਹੀ ਸਾਨੂੰ ਮਾਮੇ ਦੀ ਉਡੀਕ ਹੋਣ ਲੱਗ ਜਾਂਦੀ ਹੈ ਕਿ ਕਦੋਂ ਮਾਮਾ ਮੱਠੀਆਂ ਤੇ ਬਿਸਕੁਟ ਲੈ ਕੇ ਆਊ। ਆਪਣੇ ਘਰ ਭਾਵੇਂ ਅਸੀਂ ਕਿੰਨਾ ਹੀ ਕੁਝ ਖਾ ਲਈਏ, ਪਰ ਮਾਮੇ ਦੀਆਂ ਮੱਠੀਆਂ ਦਾ ਸਵਾਦ ਹੀ ਹੋਰ ਹੈ। ਜੇ ਕਿਧਰੇ ਭਾਬੀ ਦੇ ਪੇਕਿਆਂ ਤੋਂ ਸੰਧਾਰਾ ਪਹਿਲਾਂ ਆ ਜਾਂਦਾ ਹੈ ਤਾਂ ਮੈ ਮਾਂ ਨੂੰ ਵਾਰ ਵਾਰ ਪੁੱਛਦੀ ਹਾਂ ਕਿ ਮਾਂ ਮਾਮਾ ਆਇਆ ਹੀ ਨ੍ਹੀਂ ਐਤਕੀਂ ਕੀ ਗੱਲ ਹੋ ਗਈ, ਐਤਕੀਂ ਲੇਟ ਕਿਵੇਂ ਹੋ ਗਿਆ ? ਫਿਰ ਆਖਿਰ ਸਾਉਣ ਦੇ ਮਹੀਨੇ ਇਕ ਦਿਨ ਮਾਮਾ ਮੱਠੀਆਂ, ਗੁਲਗੁਲਿਆਂ ਤੇ ਘਰ ਦੇ ਕਢਾਏ ਹੋਏ ਬਿਸਕੁਟਾਂ ਦਾ ਸੰਧਾਰਾ ਲੈ ਕੇ ਆ ਗਿਆ। ਜਿਸ ਦੀ ਖ਼ੁਸ਼ੀ ਮੇਰੇ ਤੋਂ ਸੰਭਾਲੀ ਨਾ ਜਾਵੇ। ਗੁਲਗਲਿਆਂ ਤੇ ਬਿਸਕੁਟਾਂ ਦੀ ਮਹਿਕ ਨਾਲ ਪੂਰਾ ਘਰ ਮਹਿਕ ਉੱਠਿਆ।
ਸਮੇਂ ਦੇ ਬਦਲਣ ਨਾਲ ਹੁਣ ਦੇ ਬੱਚਿਆਂ ਨੂੰ ਨਾ ਗੁਲਗਲੇ ਪਸੰਦ ਹਨ ਤੇ ਨਾ ਹੀ ਮੱਠੀਆਂ। ਚਾਕਲੇਟ ਖਾਣ ਵਾਲੀ ਇਸ ਪੀੜ੍ਹੀ ਨੂੰ ਤਾਂ ਚਾਕਲੇਟ, ਪੀਜ਼ੇ, ਬਰਗਰ ਹੀ ਪਸੰਦ ਹਨ। ਜੇ ਕਿਧਰੇ ਘਰ ਵਿਚ ਕੋਈ ਦਾਦੀ-ਨਾਨੀ ਇਹ ਬਣਾ ਕੇ ਵੀ ਦੇ ਦੇਵੇ ਤਾਂ ਉਹ ਇਨ੍ਹਾਂ ਨੂੰ 'ਟੇਸਟਲੈੱਸ' ਕਹਿ ਕੇ ਪਾਸੇ ਕਰ ਦਿੰਦੇ ਹਨ, ਪਰ ਪੁਰਾਣੀ ਪੀੜ੍ਹੀ ਹੁਣ ਵੀ ਇਨ੍ਹਾਂ ਦੀ ਕਾਇਲ ਹੈ। ਸਮੇਂ ਦੀ ਤਬਦੀਲੀ ਨਾਲ ਬੇਸ਼ੱਕ ਅੱਜ ਸੰਧਾਰਿਆਂ ਵਿਚ ਨਵੀਆਂ ਨਵੀਆਂ ਮਠਿਆਈਆਂ ਸ਼ਾਮਲ ਕਰ ਲਈਆਂ ਗਈਆਂ ਹਨ, ਪਰ ਜੋ ਚਾਅ, ਸੁਆਦ ਤੇ ਮਹਿਕ ਗੁਲਗਲੇ, ਮੱਠੀਆਂ ਤੇ ਬਿਸਕੁਟਾਂ ਦੇ ਸੰਧਾਰੇ ਦੀ ਹੈ, ਉਸਦਾ ਮੁਕਾਬਲਾ ਆਧੁਨਿਕ ਮਹਿੰਗੀਆਂ ਮਠਿਆਈਆਂ ਨਹੀਂ ਕਰ ਸਕਦੀਆਂ।

**ਰਤਿੰਦਰ ਕੌਰ ਗੋਂਦਾਰਾ**





# ਬੇਗੁਨਾਹ ਕੈਦੀ ; ਦਹਿਸ਼ਤਗਰਦੀ ਦੇ ਝੂਠੇ ਮੁਕੱਦਮਿਆਂ ਵਿਚ ਫਸਾਏ ਨੌਜਵਾਨਾਂ ਦੀ ਦਾਸਤਾਨ

**ਇਕ ਮਿਸਾਲ ਦੇਖੋ: ਕਮਾਲ ਅਹਿਮਦ ਮੁਹੰਮਦ ਵਕੀਲ ਅੰਸਾਰੀ ਨੂੰ ਅਦਾਲਤ ਨੇ ਗੁਨਾਹਗਾਰ ਕਰਾਰ ਦਿੱਤਾ ਹੈ। ਅਦਾਲਤ ਵਿਚ ਉਸ ਦਾ 17 ਜੁਲਾਈ 2012 ਨੂੰ ਪੇਸ਼ ਕੀਤਾ ਹਲਫਨਾਮਾ ਹੈਰਾਨ ਕਰਨ ਵਾਲਾ ਹੈ। ਇਕ ਜਗ੍ਹਾ ਲਿਖਦੇ ਹਨ, ਮੈਨੂੰ ਦਹਿਸ਼ਤਗਰਦੀ ਵਿਰੋਧੀ ਦਸਤੇ ਵਾਲਿਆਂ ਨੇ ਤੀਜਾ ਦਰਜਾ ਤਸ਼ੱਦਦ ਕਰਨ ਮਗਰੋਂ ਲਾਲਚ ਦੇਣਾ ਸ਼ੁਰੂ ਕੀਤਾ ਕਿ ਤੂੰ ਇਸ ਝੂਠੀ ਕਹਾਣੀ ਲਈ ਹਾਮੀ ਭਰ ਦੇ, ਅਸੀਂ ਤੈਨੂੰ ਵਾਧੂ ਪੈਸੇ ਦੇਵਾਂਗੇ। ਤੈਨੂੰ ਅਸੀਂ ਚਾਰ ਲੱਖ ਰੁਪਿਆ ਦੇਵਾਂਗੇ, ਤੂੰ ਸਰਕਾਰੀ ਗਵਾਹ ਬਣ ਜਾ। ਮੈਂ ਉਨ੍ਹਾਂ ਨੂੰ ਮਨ੍ਹਾਂ ਕੀਤਾ ਤਾਂ ਉਨ੍ਹਾਂ ਮੇਰੇ ਸਾਥੀ ਮੁਲਜ਼ਿਮਾਂ ਨੂੰ ਰੁਪਏ ਅਤੇ ਫਲੈਟਾਂ ਦਾ ਲਾਲਚ ਦਿੱਤਾ ਅਤੇ ਮੁਖੀ ਪੀ. ਰਘੁਵੰਸ਼ੀ ਨੇ ਡਰਾਉਣਾ ਸ਼ੁਰੂ ਕੀਤਾ ਕਿ 'ਅਸੀਂ ਤੁਹਾਡੇ ਘਰਵਾਲਿਆਂ ਨੂੰ ਵੀ ਫਸਾਵਾਂਗੇ।' (ਸਫਾ 126)**

11 ਜੁਲਾਈ 2006 ਨੂੰ ਮੁੰਬਈ ਦੇ ਰੇਲ ਬੰਬ ਧਮਾਕਿਆਂ ਦੇ ਮੁਕੱਦਮੇ ਵਿਚੋਂ ਬਰੀ ਹੋਏ ਇਕੱਲੇ-ਇਕਹਿਰੇ ਬੇਗੁਨਾਹ ਕੈਦੀ ਅਬਦੁਲ ਵਾਹਿਦ ਸ਼ੇਖ ਆਪਣੀ ਤਹਿਲਕਾ ਮਚਾਉਣ ਵਾਲੀ ਉਰਦੂ ਕਿਤਾਬ 'ਬੇਗੁਨਾਹ ਕੈਦੀ' ਵਿਚ ਲਿਖਦੇ ਹਨ, ਅਸੀਂ ਇਹ ਗੱਲ ਪੂਰੇ ਸਬੂਤਾਂ ਨਾਲ ਕਹਿੰਦੇ ਹਾਂ ਕਿ 11 ਜੁਲਾਈ ਦੇ ਬੰਬ ਧਮਾਕਿਆਂ ਵਿਚ ਫੜੇ ਗਏ ਸਾਰੇ ਕੈਦੀ ਬੇਗੁਨਾਹ ਹਨ। ਪਿਛਲੇ ਦਸਾਂ ਸਾਲਾਂ ਤੋਂ ਵੱਧ ਸਮੇਂ ਤੋਂ ਉਹ ਕੈਦੀ ਜੀਵਨ ਝੱਲ ਰਹੇ ਹਨ। ਉਨ੍ਹਾਂ ਦਾ ਗੁਨਾਹ ਬੱਸ ਇੰਨਾ ਹੈ ਕਿ ਉਹ ਮੁਸਲਮਾਨ ਹਨ। (ਸਫਾ 8)

ਇਸ ਮੁਲਕ ਦਾ ਬਹੁਤ ਵੱਡਾ ਤਬਕਾ, ਭਾਵੇਂ ਉਹ ਮੁਸਲਮਾਨ ਹੈ ਜਾਂ ਗੈਰ-ਮੁਸਲਮਾਨ, ਉਹ ਅਬਦੁਲ ਵਾਹਿਦ ਸ਼ੇਖ ਦੀ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ। ਅਬਦੁਲ ਵਾਹਿਦ ਸ਼ੇਖ 11 ਜੁਲਾਈ ਦੇ ਮਾਮਲੇ ਵਿਚੋਂ ਤਾਂ ਬਰੀ ਹੋ ਗਏ, ਪਰ 'ਮਕੋਕਾ' (ਮਹਾਰਾਸ਼ਟਰ ਅਪਰਾਧ ਰੋਕੂ ਐਕਟ) ਅਦਾਲਤ ਨੇ ਸਤੰਬਰ 2015 ਵਿਚ ਇਸ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਉਨ੍ਹਾਂ 12 ਬੰਦਿਆਂ ਨੂੰ ਗੁਨਾਹਗਾਰ ਕਰਾਰ ਦੇ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਦੋਸਤ ਹੀ ਨਹੀਂ ਸਗੋਂ ਮੁਲਕ ਦੀਆਂ ਕਈ ਗੈਰ-ਸਰਕਾਰੀ ਤਨਜ਼ੀਮਾਂ ਵੀ ਬੇਕਸੂਰ ਸਮਝਦੀਆਂ ਹਨ। ਇਨ੍ਹਾਂ 12 ਵਿਚੋਂ ਪੰਜਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਅਤੇ ਸੱਤਾਂ ਨੂੰ ਉਮਰ ਕੈਦ।

ਅਬਦੁਲ ਵਾਹਿਦ ਸ਼ੇਖ ਦੀ ਕਿਤਾਬ 'ਬੇਗੁਨਾਹ ਕੈਦੀ' ਪਿੱਛੇ ਜਿਹੇ ਹੀ ਲੋਕ ਕਚਹਿਰੀ ਵਿਚ ਆਈ ਹੈ। ਇਸ ਕਿਤਾਬ ਨੂੰ ਨਵੀਂ ਦਿੱਲੀ ਦੇ ਉਸੇ ਪ੍ਰਕਾਸ਼ਕ ਨੇ ਛਾਪਿਆ ਹੈ, ਜਿਸ ਨੇ ਮਹਾਂਰਾਸ਼ਟਰ ਦੇ ਸੇਵਾਮੁਕਤ ਆਈ. ਜੀ. ਐਸ਼ ਐਮ ਮੁਸ਼ਰਿਫ ਦੀ ਖੋਜ ਭਰਪੂਰ ਕਿਤਾਬ 'ਕਰਕਰੇ ਦੇ ਕਾਤਲ ਕੌਣ?' ਛਾਪ ਕੇ ਦਹਿਸ਼ਤਗਰਦੀ ਵਿਰੋਧੀ ਦਸਤੇ ਦੇ ਸਰਬਰਾਹ ਹੇਮੰਤ ਕਰਕਰੇ ਦੀ ਮੌਤ ਵਿਚ ਆਰ. ਐਸ਼ ਐਸ਼ ਨਾਲ ਜੁੜੇ ਦਹਿਸ਼ਤਗਰਦਾਂ ਦੀ ਸ਼ਮੂਲੀਅਤ ਤੋਂ ਜਾਣੂ ਕਰਵਾਇਆ ਸੀ ਅਤੇ 26 ਨਵੰਬਰ ਦੇ ਮੁੰਬਈ ਹਮਲਿਆਂ ਬਾਰੇ ਨਵੇਂ ਪੱਖ 'ਤੇ ਚਾਨਣਾ ਪਾਇਆ ਸੀ।

ਕਿਤਾਬ 'ਬੇਗੁਨਾਹ ਕੈਦੀ' ਕਿਉਂ ਲਿਖੀ ਗਈ? ਇਸ ਸਵਾਲ ਦਾ ਇਕ ਜਵਾਬ ਤਾਂ ਇਹ ਹੈ ਕਿ ਇਸ ਦਾ ਲੇਖਕ ਆਪਣਾ ਅਤੇ ਜੇਲ੍ਹ ਦੇ ਆਪਣੇ ਦੂਜੇ ਕੈਦੀ ਸਾਥੀਆਂ ਦਾ ਮੁਕੱਦਮਾ ਲੋਕ ਕਚਹਿਰੀ ਵਿਚ ਪੇਸ਼ ਕਰਨਾ ਚਾਹੁੰਦਾ ਹੈ। ਉਹ ਦੱਸਣਾ ਚਾਹੁੰਦਾ ਹੈ ਕਿ ਲੋਕ ਖੁਦ ਦੇਖ ਲੈਣ ਕਿ ਇਸ ਮੁਲਕ ਦੀਆਂ ਸਰਕਾਰਾਂ, ਪੁਲਿਸ, ਜਾਂਚ ਏਜੰਸੀਆਂ ਅਤੇ ਕਾਨੂੰਨੀ ਢਾਂਚਾ ਕਿਵੇਂ ਦਹਿਸ਼ਤਗਰਦੀ ਦੇ ਮਾਮਲਿਆਂ ਵਿਚ ਬੇਕਸੂਰ ਲੋਕਾਂ ਵਲੋਂ ਅੱਖਾਂ ਫੇਰ ਲੈਂਦਾ ਹੈ, ਜਾਂ ਕਿਵੇਂ ਬੇਕਸੂਰਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਉਂਦਾ ਹੈ।

ਕਿਤਾਬ ਦੇ ਮੁੱਖ ਬੰਧ ਵਿਚ ਉਹ ਕਹਿੰਦਾ ਹੈ: ਦਿਲ ਵਿਚ ਇਹ ਸਿਕ ਸੀ ਕਿ 11 ਜੁਲਾਈ ਦੇ ਕੇਸ ਵਿਚ ਜਿਸ ਤਰ੍ਹਾਂ ਸਾਨੂੰ ਫਸਾਇਆ ਗਿਆ, ਉਸ ਬਾਰੇ ਵਿਸਥਾਰ ਨਾਲ ਲਿਖ ਕੇ ਸਾਰੀ ਲੋਕਾਈ ਨੂੰ ਜਾਣਕਾਰੀ ਦੇਣਾ ਜ਼ਰੂਰੀ ਹੈ ਤਾਂ ਜੋ ਖੁਦਾ-ਨਾਖਾਸਤਾ ਕੱਲ੍ਹ ਨੂੰ ਪੁਲਿਸ ਮੁੜ ਕਿਸੇ ਬੇਗੁਨਾਹ ਨੂੰ ਬੰਬ ਧਮਾਕੇ ਦੇ ਕੇਸ ਵਿਚ ਫਸਾਵੇ ਤਾਂ ਉਹ ਕਿਸ ਤਰ੍ਹਾਂ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਕੋਰਟ-ਕਚਹਿਰੀਆਂ ਦਾ ਸਾਹਮਣਾ ਕਰ ਸਕੇ ਅਤੇ ਪੁਲਿਸ ਦੀਆਂ ਕਾਰਸਤਾਨੀਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕੇ ਤੇ ਪਹਿਲੇ ਦਿਨੋਂ ਹੀ ਨਿਡਰ ਹੋ ਕੇ ਅਦਾਲਤ ਵਿਚ ਆਪਣਾ ਪੱਖ ਰੱਖ ਸਕੇ।

ਕਿਤਾਬ ਦੇ ਕੁੱਲ ਛੇ ਪਾਠ ਹਨ। ਪਹਿਲਾਂ ਪਾਠ ਪੁਲਿਸ ਦੀਆਂ ਕਹਾਣੀਆਂ ਬਾਰੇ ਹੈ। ਇਸ ਪਾਠ ਵਿਚ ਬਾਂਦਰਾ, ਜੋਗੇਸ਼ਵਰੀ, ਬੋਰੀਵਲੀ ਅਤੇ ਮੀਰਾ ਰੋਡ ਧਮਾਕਿਆਂ ਦੇ ਤੱਥ ਉਜਾਗਰ ਕੀਤੇ ਗਏ ਹਨ। ਸਰਕਾਰੀ ਦਹਿਸ਼ਤਗਰਦੀ ਦੇ ਸਿਰਲੇਖ ਤੋਂ ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਚਾਰਜਸ਼ੀਟ ਦਾ ਜ਼ਿਕਰ ਹੈ ਅਤੇ ਇਸ ਪੂਰੀ ਚਾਰਜਸ਼ੀਟ ਦੀ ਪੜਤਾਲ ਕੀਤੀ ਗਈ ਹੈ। ਪੁਲਿਸ ਵਲੋਂ ਦਾਇਰ ਚਾਰਜਸ਼ੀਟ ਵਿਚ ਫੜੇ ਗਏ ਬੰਦਿਆਂ 'ਤੇ ਖਾਸ ਮਨਸੂਬੇ ਤਹਿਤ ਸਾਜ਼ਿਸ਼ ਰਚਣ ਦਾ ਇਲਜ਼ਾਮ ਲਾਇਆ ਗਿਆ ਹੈ ਅਤੇ ਉਨ੍ਹਾਂ 'ਤੇ ਪਾਬੰਦੀਸ਼ੁਦਾ ਜਥੇਬੰਦੀ 'ਸਿਮੀ'(ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ), ਲਸ਼ਕਰ-ਏ-ਤੋਇਬਾ ਅਤੇ ਪਾਕਿਸਤਾਨੀ ਦਹਿਸ਼ਤਗਰਦਾਂ ਵਗੈਰਾ ਨਾਲ ਰਾਬਤਾ ਰੱਖਣ ਦੇ ਦੋਸ਼ ਲਾਏ ਗਏ ਹਨ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਤੋਂ ਆਉਣ ਵਾਲੇ ਦਹਿਸ਼ਤਗਰਦਾਂ ਨੂੰ ਭਜਾਉਣ ਵਿਚ ਇਨ੍ਹਾਂ ਹੀ ਬੰਦਿਆਂ ਦਾ ਹੱਥ ਰਿਹਾ ਹੈ। ਇਹ ਚਾਰਜਸ਼ੀਟ ਬਾਰਾਂ ਹਜ਼ਾਰ ਤੋਂ ਵੱਧ ਸਫਿਆਂ ਦੀ ਹੈ, ਜਿਨ੍ਹਾਂ ਵਿਚ ਦੋ ਹਜ਼ਾਰ ਤੋਂ ਵੱਧ ਗਵਾਹਾਂ ਦੀ ਸੂਚੀ ਸ਼ਾਮਲ ਹੈ। ਅਬਦੁਲ ਵਾਹਿਦ ਸ਼ੇਖ ਲਿਖਦਾ ਹੈ ਕਿ ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਇਹ ਚਾਰਜਸ਼ੀਟ ਅਤੇ ਇਸ ਵਿਚ ਬਿਆਨ ਕੀਤੀ ਗਈ ਕਹਾਣੀ ਕੋਰੇ ਝੂਠ ਤੋਂ ਬਿਨਾ ਹੋਰ ਕੁੱਝ ਨਹੀਂ ਹੈ (ਸਫਾ 19)। ਉਹ ਇਸ ਚਿੱਟੇ ਝੂਠ ਬਾਰੇ ਦੱਸਦਿਆਂ ਕਈ ਸਵਾਲ ਕਰਦੇ ਹਨ, ਮਿਸਾਲ ਵਜੋਂ ਇਹ ਕਿ ਪੁਲਿਸ ਕਿਸੇ ਇਕ ਵੀ ਪਾਕਿਸਤਾਨੀ ਨੂੰ ਜਿਉਂਦਾ ਕਿਉਂ ਨਹੀਂ ਫੜ ਸਕੀ?

ਚਾਰਜਸ਼ੀਟ ਵਿਚ 12 ਪਾਕਿਸਤਾਨੀਆਂ ਦੇ ਨਾਮ ਦਿੱਤੇ ਗਏ ਹਨ, ਜੋ ਦੋ ਮਹੀਨਿਆਂ ਤਕ ਮੁਲਜ਼ਿਮਾਂ ਦੇ ਨਾਲ ਰਹੇ ਅਤੇ ਬੰਬ ਧਮਾਕੇ ਕਰਕੇ ਚਲੇ ਗਏ ਪਰ ਹੈਰਾਨੀ ਇਹ ਕਿ ਪੁਲਿਸ ਕਿਸੇ ਨੂੰ ਵੀ ਫੜ ਨਾ ਸਕੀ! ਸ਼ੇਖ ਨੇ ਕਿਤਾਬ ਵਿਚ ਇਹ ਜ਼ਿਕਰ ਵੀ ਕੀਤਾ ਹੈ ਕਿ ਕਿਵੇਂ ਇਨ੍ਹਾਂ ਸਾਰੇ 13 (ਉਹਦੇ ਸਣੇ) ਮੁਲਜ਼ਿਮਾਂ ਨੇ ਅਦਾਲਤ ਨੂੰ ਜ਼ੁਬਾਨੀ ਅਤੇ ਲਿਖਤੀ ਤੌਰ 'ਤੇ ਇਹ ਵੀ ਲਿਖ ਕੇ ਦਿੱਤਾ ਕਿ ਅਸੀਂ ਸਭ ਬੇਕਸੂਰ ਹਾਂ ਅਤੇ ਇਸ ਕੇਸ ਵਿਚ ਧੱਕੇ ਨਾਲ ਫਸਾਏ ਗਏ ਹਾਂ।

ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਅਕਸਰ ਮੁਲਜ਼ਿਮਾਂ ਨੇ ਆਪਣੀਆਂ ਫੋਨ ਕਾਲਾਂ ਦੀ ਸਾਰੀ ਸੂਚੀ ਅਤੇ ਆਪਣੇ ਥਾਂ-ਪਤੇ ਅਦਾਲਤ ਵਿਚ ਪੇਸ਼ ਕਰਕੇ ਆਪਣੀ ਬੇਗੁਨਾਹੀ ਸਾਬਤ ਕੀਤੀ ਅਤੇ ਇਹ ਦੱਸਿਆ ਕਿ ਉਹ ਤਾਂ ਉਸ ਵੇਲੇ ਮੁੰਬਈ ਵਿਚ ਸਨ ਹੀ ਨਹੀਂ ਸਗੋਂ ਹੋਰ ਸ਼ਹਿਰਾਂ ਵਿਚ ਸਨ। ਸਵਾਲ ਇਹ ਹੈ ਕਿ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਕਾਲਾਂ ਦੇ ਸਾਰੇ ਰਿਕਾਰਡ ਅਤੇ ਥਾਂ-ਪਤੇ 'ਤੇ ਇਤਬਾਰ ਕਿਉਂ ਨਹੀਂ ਕੀਤਾ ਗਿਆ?

ਉਨ੍ਹਾਂ ਇਕ ਸਵਾਲ ਇਹ ਵੀ ਉਠਾਇਆ ਹੈ ਕਿ ਮੁਲਜ਼ਿਮਾਂ ਦੇ ਮੋਬਾਈਲਾਂ ਵਿਚੋਂ ਕਾਲ ਰਿਕਾਰਡਾਂ ਦਾ ਸਾਰਾ ਡਾਟਾ ਕਿਉਂ ਗਾਇਬ ਕੀਤਾ ਗਿਆ? ਅਜਿਹੇ ਹੀ ਬਹੁਤ ਸਾਰੇ ਸਵਾਲਾਂ ਦੇ ਨਾਲ ਉਨ੍ਹਾਂ ਨੇ ਝੂਠੀਆਂ ਗਵਾਹੀਆਂ ਰਚਣ ਅਤੇ ਪੁਲਿਸ ਰਾਹੀਂ ਝੂਠੇ ਸਬੂਤਾਂ ਨੂੰ ਜਮ੍ਹਾਂ ਕਰਨ ਦੇ ਢੰਗ-ਤਰੀਕਿਆਂ 'ਤੇ ਵੀ ਚਾਨਣਾ ਪਾਇਆ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਦਹਿਸ਼ਤਗਰਦੀ ਵਿਰੋਧੀ ਦਸਤੇ ਨੇ ਉਨ੍ਹਾਂ ਗਵਾਹਾਂ ਨੂੰ ਅਦਾਲਤ ਵਿਚ ਗਵਾਹੀ ਲਈ ਬੁਲਾਇਆ ਹੀ ਨਹੀਂ, ਜਿਨ੍ਹਾਂ ਦੀ ਗਵਾਹੀ ਨਾਲ ਉਨ੍ਹਾਂ ਦੀ ਪੋਲ ਖੁੱਲ੍ਹ ਸਕਦੀ ਸੀ!

ਸ਼ੇਖ ਇਹ ਵੀ ਕਹਿੰਦਾ ਹੈ ਕਿ ਪੁਲਿਸ ਅੱਜ ਤੱਕ ਅਦਾਲਤ ਵਿਚ ਇਹ ਸਾਬਤ ਨਹੀਂ ਕਰ ਸਕੀ ਕਿ ਫੜੇ ਮੁਲਜ਼ਿਮ ਰੋਕ ਲੱਗਣ ਤੋਂ ਪਹਿਲਾਂ ਤੋਂ ਹੀ 'ਸਿਮੀ' ਦੇ ਮੈਂਬਰ ਸਨ। ਇਸ ਪਾਠ ਵਿਚ ਮੁਲਜ਼ਿਮਾਂ 'ਤੇ ਤਸ਼ੱਦਦ, ਦਬਾਅ, ਜ਼ੋਰ-ਜਬਰ ਅਤੇ ਧਮਕੀਆਂ ਦੇਣ ਦਾ ਵੀ ਜ਼ਿਕਰ ਹੈ ਅਤੇ ਉਨ੍ਹਾਂ ਹਲਫਨਾਮਿਆਂ ਤੇ ਆਰ. ਟੀ. ਆਈਜ਼ ਦਾ ਵੀ, ਜੋ ਮੁਲਜ਼ਿਮਾਂ ਨੇ ਦਿੱਤੀਆਂ ਹਨ, ਜਿਨ੍ਹਾਂ ਰਾਹੀਂ ਪੁਲਿਸ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ।

ਦੂਜੇ ਪਾਠ ਦਾ ਸਿਰਲੇਖ 'ਇਕਬਾਲੀਆ ਬਿਆਨ ਦੀ ਹਕੀਕਤ' ਹੈ। ਅਬਦੁਲ ਵਾਹਿਦ ਸ਼ੇਖ ਦਾ ਦਾਅਵਾ ਹੈ ਕਿ ਇਕਬਾਲੀਆ ਬਿਆਨ ਤਿਆਰ ਕੀਤੇ ਜਾਂਦੇ ਹਨ। ਉਹ ਲਿਖਦੇ ਹਨ, ਡੀ. ਐਸ਼ ਪੀ. ਨੇ ਕੁਝ ਹੱਥੀਂ ਲਿਖੇ ਹੋਏ, ਕੁਝ ਟਾਈਪ ਕੀਤੇ ਹੋਏ ਕਾਗਜ਼ ਮੁਲਜ਼ਿਮਾਂ ਸਾਹਮਣੇ ਵਧਾਏ ਅਤੇ ਦਸਤਖਤ ਕਰਨ ਲਈ ਕਿਹਾ। ਕਿਸੇ ਮੁਲਜ਼ਿਮ ਨੇ ਕਿਹਾ ਕਿ ਪਹਿਲਾਂ ਮੈਨੂੰ ਪੜ੍ਹਨ ਲਈ ਦਿੱਤਾ ਜਾਵੇ ਤਾਂ ਡੀ. ਐਸ਼ ਪੀ. ਨੇ ਮਨ੍ਹਾਂ ਕਰ ਦਿੱਤਾ ਅਤੇ ਦਹਿਸ਼ਤਗਰਦੀ ਵਿਰੋਧੀ ਦਸਤੇ ਵਾਲਿਆਂ ਨੂੰ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਲੱਗਦਾ ਹੈ, ਤੁਸੀਂ ਲੋਕਾਂ ਨੇ ਇਸ ਨੂੰ ਪੂਰਾ ਗਰਮ (ਤਸ਼ੱਦਦ) ਨਹੀਂ ਕੀਤਾ।

ਉਸ ਮਗਰੋਂ ਮੁਲਜ਼ਿਮ ਨੇ ਫਿਰ ਇਤਰਾਜ਼ ਕੀਤਾ ਤਾਂ ਉਸ ਨੂੰ ਬਲੈਕਮੇਲ ਕੀਤਾ ਗਿਆ ਕਿ ਤੇਰੇ ਭਰਾ ਤੇ ਘਰਵਾਲੀ ਨੂੰ ਚੁੱਕ ਲਿਆਏ ਹਾਂ, ਉਹ ਦੂਜੇ ਕਮਰੇ ਵਿਚ ਬੰਦ ਹਨ। ਜੇ ਤੂੰ ਦਸਤਖਤ ਨਾ ਕੀਤੇ ਤਾਂ ਤੇਰੇ ਘਰਵਾਲਿਆਂ ਨੂੰ ਬੰਬ ਧਮਾਕੇ ਦੇ ਕੇਸ ਵਿਚ ਫੜ ਲਵਾਂਗੇ। ਇਹ ਸਾਡੇ ਲਈ ਕੋਈ ਔਖਾ ਕੰਮ ਨਹੀਂ ਅਤੇ ਦੁਨੀਆਂ ਦੀ ਕੋਈ ਤਾਕਤ ਸਾਡਾ ਕੁਝ ਵਿਗਾੜ ਨਹੀਂ ਸਕਦੀ। ਇਸ ਪਾਠ ਵਿਚ ਵੇਲੇ ਦੇ ਦਹਿਸ਼ਤਗਰਦੀ ਵਿਰੋਧੀ ਸਰਬਰਾਹ ਪੀ. ਰਘੁਵੰਸ਼ੀ ਦੀਆਂ ਸਰਗਰਮੀਆਂ ਦਾ ਵੀ ਜ਼ਿਕਰ ਹੈ।

ਤੀਜੇ ਪਾਠ ਦਾ ਸਿਰਲੇਖ ਹੈ, 'ਨਾਨ-ਫਿਕਸ਼ਨ' (ਹਕੀਕੀ)। ਇਸ ਵਿਚ 11 ਜੁਲਾਈ ਦੇ ਮੁਲਜ਼ਿਮਾਂ ਦੇ ਉਹ ਹਲਫਨਾਮੇ ਅਤੇ ਬਿਆਨ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਖੁਦ ਨੂੰ ਬੇਗੁਨਾਹ ਦੱਸਿਆ ਹੈ ਅਤੇ ਪੁਲਿਸ 'ਤੇ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦਾ ਦੋਸ਼ ਲਾਇਆ ਹੈ। ਅਦਾਲਤ ਵਿਚ ਪੇਸ਼ ਕੀਤੇ ਗਏ ਇਨ੍ਹਾਂ ਹਲਫਨਾਮਿਆਂ ਦੀ ਪੜਤਾਲ ਰੌਂਗਟੇ ਖੜ੍ਹੇ ਕਰ ਦਿੰਦੀ ਹੈ।

ਇਕ ਮਿਸਾਲ ਦੇਖੋ: ਕਮਾਲ ਅਹਿਮਦ ਮੁਹੰਮਦ ਵਕੀਲ ਅੰਸਾਰੀ ਨੂੰ ਅਦਾਲਤ ਨੇ ਗੁਨਾਹਗਾਰ ਕਰਾਰ ਦਿੱਤਾ ਹੈ। ਅਦਾਲਤ ਵਿਚ ਉਸ ਦਾ 17 ਜੁਲਾਈ 2012 ਨੂੰ ਪੇਸ਼ ਕੀਤਾ ਹਲਫਨਾਮਾ ਹੈਰਾਨ ਕਰਨ ਵਾਲਾ ਹੈ। ਇਕ ਜਗ੍ਹਾ ਲਿਖਦੇ ਹਨ, ਮੈਨੂੰ ਦਹਿਸ਼ਤਗਰਦੀ ਵਿਰੋਧੀ ਦਸਤੇ ਵਾਲਿਆਂ ਨੇ ਤੀਜਾ ਦਰਜਾ ਤਸ਼ੱਦਦ ਕਰਨ ਮਗਰੋਂ ਲਾਲਚ ਦੇਣਾ ਸ਼ੁਰੂ ਕੀਤਾ ਕਿ ਤੂੰ ਇਸ ਝੂਠੀ ਕਹਾਣੀ ਲਈ ਹਾਮੀ ਭਰ ਦੇ, ਅਸੀਂ ਤੈਨੂੰ ਵਾਧੂ ਪੈਸੇ ਦੇਵਾਂਗੇ। ਤੈਨੂੰ ਅਸੀਂ ਚਾਰ ਲੱਖ ਰੁਪਿਆ ਦੇਵਾਂਗੇ, ਤੂੰ ਸਰਕਾਰੀ ਗਵਾਹ ਬਣ ਜਾ। ਮੈਂ ਉਨ੍ਹਾਂ ਨੂੰ ਮਨ੍ਹਾਂ ਕੀਤਾ ਤਾਂ ਉਨ੍ਹਾਂ ਮੇਰੇ ਸਾਥੀ ਮੁਲਜ਼ਿਮਾਂ ਨੂੰ ਰੁਪਏ ਅਤੇ ਫਲੈਟਾਂ ਦਾ ਲਾਲਚ ਦਿੱਤਾ ਅਤੇ ਮੁਖੀ ਪੀ. ਰਘੁਵੰਸ਼ੀ ਨੇ ਡਰਾਉਣਾ ਸ਼ੁਰੂ ਕੀਤਾ ਕਿ 'ਅਸੀਂ ਤੁਹਾਡੇ ਘਰਵਾਲਿਆਂ ਨੂੰ ਵੀ ਫਸਾਵਾਂਗੇ।' (ਸਫਾ 126)

ਅਬਦੁਲ ਵਾਹਿਦ ਸ਼ੇਖ ਇਕ ਮੁਲਜ਼ਿਮ ਡਾਕਟਰ ਤਨਵੀਰ ਅੰਸਾਰੀ ਦਾ ਬਿਆਨ ਲਿਖਦੇ ਹਨ, 21 ਨਵੰਬਰ 2006 ਨੂੰ ਜੇਲ੍ਹ ਅਫਸਰ ਗੋਵਿੰਦ ਪਾਟਿਲ ਮੈਨੂੰ ਆਂਡਾ ਬੈਰਕ ਵਿਚੋਂ ਕੱਢ ਕੇ ਜੇਲ੍ਹ ਸੁਪਰਡੈਂਟ ਮੈਡਮ ਸਵਾਤੀ ਸਾਠੇ ਦੇ ਦਫਤਰ ਲੈ ਗਿਆ। ਥੋੜ੍ਹੇ ਚਿਰ ਮਗਰੋਂ ਰਘੁਵੰਸ਼ੀ ਉਥੇ ਆਇਆ। ਮੈਨੂੰ ਜ਼ਬਰਦਸਤੀ ਉਸ ਦੇ ਸਾਹਮਣੇ ਬਿਠਾਇਆ ਗਿਆ। ਰਘੁਵੰਸ਼ੀ ਗੁੱਸੇ ਵਿਚ ਸੀ, ਕਿਉਂਕਿ ਮੈਂ ਉਸ ਦੇ ਦੱਸੇ ਹੋਏ ਤਰੀਕੇ 'ਤੇ ਨਾ ਚੱਲ ਕੇ ਇਕਬਾਲੀਆ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਹ ਮੈਨੂੰ ਸਰਕਾਰੀ ਗਵਾਹ ਬਣਾ ਕੇ ਜੇਲ੍ਹ ਵਿਚੋਂ ਨਿਕਲ ਜਾਣ ਦੀਆਂ ਸਲਾਹਾਂ ਦਿੰਦਾ ਰਿਹਾ। ਉਸ ਨੇ ਮੈਨੂੰ ਅਤੇ ਮੇਰੇ ਘਰ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ। ਸੋਚ ਲੈ, ਆਪਣੀ ਕਿਸਮਤ ਦਾ ਫੈਸਲਾ ਆਪ ਕਰ ਲੈ! ਇਹ ਕਹਿ ਕੇ ਉਹ ਚਲਿਆ ਗਿਆ। (ਸਫਾ 145)

ਇਹਤਿਸ਼ਾਮ ਕੁਤਬਉਦੀਨ ਸਿੱਦੀਕੀ ਦੇ ਬਿਆਨ ਵਿਚ ਡੀ. ਜੀ. ਵਣਜਾਰਾ ਦਾ ਵੀ ਜ਼ਿਕਰ ਹੈ। ਦੇਖੋ, ਇਕ ਅਫਸਰ ਨੇ ਮੈਥੋਂ ਪੁੱਛਗਿੱਛ ਕੀਤੀ ਅਤੇ ਕਿਹਾ ਕਿ ਅਸੀਂ ਜਿਸ ਮੁਸਲਮਾਨ ਨੂੰ ਫੜਦੇ ਹਾਂ, ਉਸ ਨੂੰ ਗੋਲੀ ਨਾਲ ਉਡਾ ਦਿੰਦੇ ਹਾਂ। ਮਈ 2007 ਵਿਚ ਇਸ ਅਫਸਰ ਦਾ ਫੋਟੋ ਮੈਂ ਅਖਬਾਰ ਵਿਚ ਦੇਖਿਆ ਤਾਂ ਪਤਾ ਲੱਗਿਆ ਕਿ ਇਹ ਅਫਸਰ ਗੁਜਰਾਤ ਦਹਿਸ਼ਤਗਰਦੀ ਵਿਰੋਧੀ ਦਸਤੇ ਦਾ ਮੁਖੀ ਡੀ. ਜੀ. ਵਣਜਾਰਾ ਹੈ, ਜੋ ਸੁਹਰਾਬੁਦੀਨ ਫਰਜ਼ੀ ਮੁਕਾਬਲੇ ਵਿਚ ਫੜਿਆ ਗਿਆ ਸੀ। (ਸਫਾ 166)

ਸਵਾਲ ਇਹੀ ਹੈ ਕਿ ਵਣਜਾਰਾ ਭੁਵੀ ਵਾੜਾ ਹਵਾਲਾਤ ਵਿਚ ਕੀ ਕਰ ਰਿਹਾ ਸੀ! ਇਸ ਪਾਠ ਵਿਚ ਸਹਾਇਕ ਪੁਲਿਸ ਕਮਿਸ਼ਨਰ ਵਿਨੋਦ ਭੱਟ ਦੀ ਸਨਸਨੀਖੇਜ਼ ਖੁਦਕੁਸ਼ੀ ਦਾ ਵੀ ਜ਼ਿਕਰ ਹੈ। ਕਿਤਾਬ ਵਿਚ ਦਰਜ ਵਿਨੋਦ ਭੱਟ ਦੀ ਖੁਦਕੁਸ਼ੀ ਦੇ ਸਿਰਲੇਖ ਵਾਲੀ ਤਹਿਰੀਰ ਦੇਖੋ, ਵਿਨੋਦ ਭੱਟ ਨੇ ਇਹਤਿਸ਼ਾਮ ਨਾਲ ਗੱਲਬਾਤ ਕੀਤੀ। ਅਗਸਤ 2006 ਦੇ ਆਖਰੀ ਹਫਤੇ ਵਿਚ ਮੈਨੂੰ ਭੁਵੀ ਵਾੜਾ ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਹਵਾਲਾਤ ਦੀ ਦੂਜੀ ਮੰਜ਼ਿਲ 'ਤੇ ਸਹਾਇਕ ਪੁਲਿਸ ਕਮਿਸ਼ਨਰ ਵਿਨੋਦ ਭੱਟ ਸਾਹਮਣੇ ਲਿਆਂਦਾ ਗਿਆ। ਜੋ ਗੱਲਬਾਤ ਹੋਈ, ਉਹ ਇਸ ਤਰ੍ਹਾਂ ਹੈ:

ਵਿਨੋਦ ਭੱਟ: ਮੈਂ ਇਸ ਕੇਸ ਦੇ ਸਾਰੇ ਕਾਗਜ਼ਾਂ ਦਾ ਅਧਿਐਨ ਕਰਕੇ ਲੱਭਿਆ ਹੈ ਕਿ ਤੂੰ ਅਤੇ ਹੋਰ ਫੜੇ ਗਏ ਮੁਲਜ਼ਿਮ 11 ਜੁਲਾਈ ਦੇ ਬੰਬ ਧਮਾਕੇ ਵਿਚ ਸ਼ਾਮਲ ਨਹੀਂ।

ਇਹਤਿਸ਼ਾਮ: ਸਰ! ਅਸੀਂ ਵਾਰ-ਵਾਰ ਇਹੀ ਕਿਹਾ ਹੈ ਕਿ ਅਸੀਂ ਬੇਕਸੂਰ ਹਾਂ। ਫਿਰ ਸਾਨੂੰ ਇਸ ਕੇਸ ਵਿਚ ਕਿਉਂ ਫੜਿਆ ਗਿਆ ਹੈ?

ਭੱਟ: ਅਸਲ ਦੋਸ਼ੀ ਨਹੀਂ ਮਿਲੇ, ਇਸ ਲਈ।

ਇਹਤਿਸ਼ਾਮ: ਇਹ ਸਭ ਕਿਸ ਦੇ ਇਸ਼ਾਰੇ 'ਤੇ ਹੋ ਰਿਹਾ ਹੈ?

ਭੱਟ: ਪੁਲਿਸ ਕਮਿਸ਼ਨਰ ਏ. ਐਨ. ਰਾਏ ਅਤੇ ਦਹਿਸ਼ਤਗਰਦੀ ਵਿਰੋਧੀ ਦਸਤੇ ਦਾ ਮੁਖੀ ਪੀ. ਰਘੁਵੰਸ਼ੀ ਮੇਰੇ 'ਤੇ ਸਖਤ ਦਬਾਅ ਪਾ ਰਹੇ ਹਨ ਕਿ ਤੁਹਾਡੇ ਖਿਲਾਫ ਬੰਬ ਧਮਾਕੇ ਦੇ ਕੇਸ ਦੀ ਝੂਠੀ ਚਾਰਜਸ਼ੀਟ ਤਿਆਰ ਕਰਕੇ ਅਦਾਲਤ ਵਿਚ ਦਾਖਲ ਕਰਾਂ।

ਇਹਤਿਸ਼ਾਮ: ਕੀ ਤੁਸੀਂ ਅਜਿਹਾ ਕਰੋਗੇ?

ਭੱਟ: ਨਹੀਂ, ਭਾਵੇਂ ਉਹ ਮੇਰੀ ਘਰਵਾਲੀ ਨੂੰ ਕਿਸੇ ਕੇਸ ਵਿਚ ਫਸਾਉਣ ਦੀ ਗੱਲ ਕਰ ਰਹੇ ਹਨ, ਤਾਂ ਵੀ ਨਹੀਂ।

ਇਹਤਿਸ਼ਾਮ: ਫਿਰ ਅਸੀਂ ਛੁੱਟ ਜਾਵਾਂਗੇ?

ਭੱਟ: ਰੱਬ 'ਤੇ ਭਰੋਸਾ ਰੱਖ। ਮੈਂ ਮਰ ਜਾਵਾਂਗਾ, ਪਰ ਬੇਗੁਨਾਹਾਂ ਨੂੰ ਇਸ ਕੇਸ ਵਿਚ ਨਹੀਂ ਫਸਾਵਾਂਗਾ। ਇਸ ਪੂਰੇ ਵਾਕੇ ਤੋਂ ਕੁਝ ਕੁ ਦਿਨਾਂ ਬਾਅਦ ਹੀ ਵਿਨੋਦ ਭੱਟ ਨੇ ਖੁਦਕੁਸ਼ੀ ਕਰ ਲਈ।

ਚੌਥਾ ਪਾਠ ਪੁਲਿਸ ਤਸ਼ੱਦਦ ਦੇ ਨਾਮ ਤੋਂ ਹੈ। ਇਸ ਵਿਚ ਚੱਕੀ ਦੇ ਪਟੇ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਸਰੀਰਕ ਤਸ਼ੱਦਦ ਲਈ ਪੁਲਿਸ ਸਭ ਤੋਂ ਵੱਧ ਚੱਕੀ ਦੇ ਪਟੇ ਦੀ ਵਰਤੋਂ ਕਰਦੀ ਹੈ। ਅਸੀਂ ਦਹਿਸ਼ਤਗਰਦੀ ਵਿਰੋਧੀ ਦਸਤੇ ਦੇ ਪੁਲਿਸ ਸਟੇਸ਼ਨ ਵਿਚ ਜਿੰਨੇ ਪਟੇ ਦੇਖੇ, ਉਨ੍ਹਾਂ 'ਤੇ ਹਿੰਦੀ ਵਿਚ ਇਹ ਜੁਮਲੇ ਲਿਖੇ ਹੋਏ ਸਨ: 1. ਸੱਚ ਬੋਲ ਪਟਾ 2. ਮੇਰੀ ਆਵਾਜ਼ ਸੁਣੋ 3. ਅੰਨ੍ਹਾ ਕਾਨੂੰਨ 4. ਇਥੇ ਪੱਥਰ ਵੀ ਬੋਲਦਾ ਹੈ 5. ਬੋਲਣ ਵਾਲਾ ਪਟਾ (ਸਫਾ 367)। ਇਕ ਸੌ ਅੱਸੀ ਡਿਗਰੀ ਤਸ਼ੱਦਦ, ਨੰਗਾ ਕਰਨਾ, ਖਾਸ ਅੰਗਾਂ 'ਤੇ ਬਿਜਲੀ ਦੇ ਝਟਕੇ ਦੇਣੇ, ਗੁਪਤ ਅੰਗਾਂ 'ਤੇ ਤਸ਼ੱਦਦ, ਅੱਗ ਤੇ ਪਾਣੀ ਨਾਲ ਤਸ਼ੱਦਦ, ਵਾਲਾਂ ਦਾ ਤਸ਼ੱਦਦ, ਠੰਢ ਦਾ ਤਸ਼ੱਦਦ, ਨੀਂਦ ਤੋਂ ਵਿਰਵਾ ਕਰਨਾ, ਇਕੱਲਿਆਂ ਬੰਦ ਕਰ ਦੇਣਾ, ਕਤਲ ਕਰਨ ਦਾ ਨਾਟਕ ਕਰਨਾ, ਅੰਗਾਂ 'ਤੇ ਵਰਦੀ ਕੁਟਾਈ, ਗਾਲ੍ਹਾਂ ਆਦਿ ਤਸ਼ੱਦਦ ਦੇ ਉਹ ਵੱਖ-ਵੱਖ ਢੰਗ ਹਨ, ਜਿਨ੍ਹਾਂ 'ਤੇ ਕਿਤਾਬ ਵਿਚ ਤਫਸੀਲ ਨਾਲ ਦੱਸਿਆ ਗਿਆ ਹੈ (ਸਫਾ 367 ਤੋਂ 374 ਤੱਕ)। ਝੂਠ ਫੜਨ ਦਾ ਟੈਸਟ ਅਤੇ ਨਾਰਕੋ ਟੈਸਟ ਦੇ ਹੱਕ ਵੀ ਉਜਾਗਰ ਕੀਤੇ ਗਏ ਹਨ।

ਪੰਜਵਾਂ ਪਾਠ 'ਗੁਪਤ ਜਥੇਬੰਦੀ ਇੰਡੀਅਨ ਮੁਜਾਹਿਦੀਨ' ਦੇ ਨਾਮ 'ਤੇ ਹੈ। ਅਬਦੁਲ ਵਾਹਿਦ ਸ਼ੇਖ ਨੇ ਥਾਂ-ਥਾਂ ਅਦਾਲਤ ਦੇ ਰਵੱਈਏ 'ਤੇ ਵੀ ਸਵਾਲ ਉਠਾਇਆ ਹੈ। ਇਕ ਜਗ੍ਹਾ ਉਹ ਲਿਖਦਾ ਹੈ ਕਿ ਅਦਾਲਤ ਵਿਚ ਉਂਜ ਤਾਂ ਵਾਲ ਦੀ ਵੀ ਖੱਲ ਲਾਹੀ ਜਾਂਦੀ ਹੈ ਅਤੇ ਹਰ ਦਸਤਾਵੇਜ਼ ਨੂੰ ਬਾਰੀਕੀ ਨਾਲ ਜਾਂਚ-ਪਰਖ ਕੇ ਕਬੂਲਿਆ ਜਾਂਦਾ ਹੈ, ਫਿਰ ਸਾਦਿਕ ਦੇ ਨਾਮ ਦੇ ਹਲਫੀਆ ਬਿਆਨ ਨੂੰ ਉਸ ਦੇ ਦਸਤਖਤਾਂ ਬਗੈਰ ਹੀ ਅਦਾਲਤ ਨੇ ਕਿਵੇਂ ਕਬੂਲ ਕਰ ਲਿਆ? ਅਦਾਲਤ ਨੇ ਸਾਦਿਕ ਨੂੰ ਅਦਾਲਤ ਵਿਚ ਬੁਲਾ ਕੇ ਇਹ ਜਾਣਨ ਦੀ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ ਕਿ ਇਹ ਬਿਆਨ ਉਸੇ ਦਾ ਹੀ ਹੈ? ਤੇ ਤੂੰ ਇਸ ਬਿਆਨ 'ਤੇ ਦਸਤਖਤ ਕਿਉਂ ਨਹੀਂ ਕੀਤੇ? (ਸਫਾ 400)

ਛੇਵਾਂ ਪਾਠ 'ਪੁਲਿਸ ਰਾਜ' ਬੇਹੱਦ ਅਹਿਮ ਪਾਠ ਹੈ। ਇਸ ਪਾਠ ਵਿਚ ਜਰਮਨ ਬੇਕਰੀ ਬੰਬ ਧਮਾਕੇ ਤੋਂ ਲੈ ਕੇ ਪੱਤਰਕਾਰ ਆਸ਼ੀਸ਼ ਖੇਤਾਨ ਦੇ ਸਟਿੰਗ ਅਪ੍ਰੇਸ਼ਨ, ਮਾਲੇਗਾਓਂ ਬੰਬ ਧਮਾਕੇ 2006, ਔਰੰਗਾਬਾਦ ਅਸਲਾ ਜ਼ਬਤੀ ਮਾਮਲੇ, ਔਰੰਗਾਬਾਦ ਵਿਚ ਸਾਬਕਾ ਫੌਜੀ ਦੇ ਘਰੋਂ ਹਥਿਆਰਾਂ ਦੀ ਬਰਾਮਦਗੀ ਅਤੇ ਅਕਸ਼ਰਧਾਮ ਮੰਦਰ ਹਮਲੇ ਤੱਕ, ਇਨ੍ਹਾਂ ਸਭ ਸਿਰਲੇਖਾਂ ਤਹਿਤ ਲੇਖਕ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੁਲਕ ਪੁਲਿਸ ਰਾਜ ਵਿਚ ਤਬਦੀਲ ਹੋ ਰਿਹਾ ਹੈ। ਉਹ ਲਿਖਦਾ ਹੈ ਕਿ ਪੁਲਿਸ ਹਿਰਾਸਤ ਅਤੇ ਗੈਰ-ਕਾਨੂੰਨੀ ਹਿਰਾਸਤ ਦੌਰਾਨ ਕਈ ਪੁਲਿਸ ਅਫਸਰਾਂ ਨੇ ਸਾਨੂੰ ਵਾਰ-ਵਾਰ ਕਿਹਾ ਕਿ ਮੁਸਲਮਾਨ ਮੁਲਕ ਦੇ ਗੱਦਾਰ ਹਨ, ਪਾਕਿਸਤਾਨ ਪੱਖੀ ਹਨ, ਦਹਿਸ਼ਤਗਰਦੀ ਨੂੰ ਜਨਮ ਦਿੰਦੇ ਹਨ ਅਤੇ ਮੁਲਕ 'ਤੇ ਬੋਝ ਹਨ। ਇੰਸਪੈਕਟਰ ਖਾਨਵਲਕਰ, ਵਰਪੇ ਅਤੇ ਧਾਮਨਕਰ ਅਕਸਰ ਸਾਨੂੰ ਕਹਿੰਦੇ ਸਨ ਕਿ ਸਾਡੇ ਕੋਲ ਐਨੀਆਂ ਤਾਕਤਾਂ ਹਨ ਕਿ ਅਸੀਂ ਕਿਸੇ ਵੀ ਮੁਸਲਮਾਨ ਨੂੰ ਕਿਸੇ ਵੀ ਵੇਲੇ ਝੂਠੇ ਮੁਕਾਬਲੇ ਵਿਚ ਮਾਰ ਸਕਦੇ ਹਾਂ, ਬੰਬ ਧਮਾਕੇ ਵਿਚ ਫੜ ਕੇ ਫਾਂਸੀ ਦਿਵਾ ਸਕਦੇ ਹਾਂ, ਜ਼ਿੰਦਗੀਆਂ ਤਬਾਹ ਕਰ ਸਕਦੇ ਹਾਂ ਅਤੇ ਸਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਤੇ ਇਹੀ ਕੰਮ 11 ਜੁਲਾਈ ਦੇ ਕੇਸ ਵਿਚ ਹੋਇਆ ਹੈ।

ਇਹ ਕਿਤਾਬ ਉਨ੍ਹਾਂ ਮੁਸਲਮਾਨਾਂ ਦਾ ਮੁਕੱਦਮਾ ਲੋਕ ਕਚਹਿਰੀ ਵਿਚ ਪੇਸ਼ ਕਰਦੀ ਹੈ, ਜੋ ਦਹਿਸ਼ਤਗਰਦੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਗਏ ਪਰ ਜੋ ਖੁਦ ਨੂੰ ਬੇਗੁਨਾਹ ਕਰਾਰ ਦਿੰਦੇ ਹਨ ਅਤੇ ਤੱਥ ਵੀ ਉਨ੍ਹਾਂ ਦੀ ਬੇਗੁਨਾਹੀ ਦੀ ਤਸਦੀਕ ਕਰਦੇ ਹਨ। ਕਿਤਾਬ ਦਾ ਲੇਖਕ ਆਪਣੀ ਆਖਰੀ ਗੱਲ ਵਿਚ ਇਕ ਜਗ੍ਹਾ ਲਿਖਦਾ ਹੈ: ਮੁਲਕ ਦੀ ਮੌਜੂਦਾ ਸੂਰਤੇ-ਹਾਲ ਵਿਚ ਇਸ ਕਿਤਾਬ ਅੰਦਰਲੀਆਂ ਜ਼ਿਆਦਾਤਰ ਗੱਲਾਂ ਤੋਂ ਇਨਕਾਰੀ ਹੋਣਾ ਮੁਸ਼ਕਿਲ ਹੈ। ਅਸੀਂ ਬੱਸ ਇਹੀ ਚਾਹੁੰਦੇ ਹਾਂ ਕਿ ਝੂਠੇ ਕੇਸਾਂ ਵਿਚ ਫਸਾਏ ਜਾਣ ਕਰਕੇ ਅਸੀਂ ਜਿਸ ਪੀੜ ਵਿਚੋਂ ਲੰਘੇ ਹਾਂ, ਕੌਮ ਦਾ ਕੋਈ ਦੂਜਾ ਫਰਦ ਉਸ ਮੁਸ਼ਕਿਲ ਵਿਚੋਂ ਨਾ ਲੰਘੇ ਅਤੇ ਕੌਮ ਦੇ ਜਾਗਰੂਕ ਤੇ ਦਾਨੇ ਲੋਕ ਇਸ ਸਿਲਸਿਲੇ ਨੂੰ ਰੋਕਣ ਲਈ ਕੋਈ ਅਮਲੀ ਕਦਮ ਚੁੱਕਣ। ਇਸ ਤੋਂ ਪਹਿਲਾਂ ਕਿ ਬਹੁਤੀ ਦੇਰ ਹੋ ਜਾਵੇ, ਇਸ ਬਾਰੇ ਕੁਝ ਕਰੋ।

ਮਾਨਵ



# ਖੇਤੀਬਾੜੀ ਸੈਕਟਰ: ਹਰ ਵਾਰ ਕਿਸਾਨਾਂ-ਮਜ਼ਦੂਰਾਂ ਨਾਲ ਧੱਕਾ ਕਿਉਂ ?

ਦੇਸ਼ ਦੀ ਅਰਥ ਵਿਵਸਥਾ ਇਸ ਵੇਲੇ ਡਾਵਾਂ-ਡੋਲ ਹੋਈ ਪਈ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ, ਪਰ ਜਿਹੜਾ ਕਾਰਨ ਅਸਲ ਹੈ, ਉਹ ਹੈ ਧਨਾਢ ਘਰਾਣਿਆਂ ਦੇ ਕਰਜ਼ਿਆਂ @ਤੇ ਲੀਕ ਮਾਰਨਾ। ਗ਼ਰੀਬ ਕਿਸਾਨ, ਮਜ਼ਦੂਰ ਜਾਂ ਫਿਰ ਰੇਹੜੀ ਫੜੀ ਵਾਲਾ ਜੇਕਰ ਮਾਮੂਲੀ ਜਿਹੀ ਰਕਮ ਬੈਂਕ ਜਾਂ ਫਿਰ ਕਿਸੇ ਫਾਈਨਾਂਸ ਕੰਪਨੀ ਨੂੰ ਅਦਾ ਨਹੀਂ ਕਰ ਪਾਉਂਦਾ ਤਾਂ, ਉਹ ਖ਼ੁਦਕੁਸ਼ੀ ਦਾ ਰਸਤਾ ਅਪਣਾ ਲੈਂਦਾ ਹੈ, ਪਰ ਦੂਜੇ ਪਾਸੇ ਜੇਕਰ ਅਮੀਰ ਨੇ ਕਰਜ਼ਾ ਕਿਸੇ ਬੈਂਕ ਤੋਂ ਲਿਆ ਹੋਵੇ ਅਤੇ ਜੇ ਉਹ ਕਰਜ਼ਾ ਵਾਪਸ ਨਾ ਕਰ ਪਾਉਣ ਦੇ ਮੂਡ ਵਿੱਚ ਹੋਵੇ ਤਾਂ, ਉਹ ਦੇਸ਼ ਹੀ ਛੱਡ ਦਿੰਦਾ ਹੈ, ਮਤਲਬ ਕਿ ਫ਼ਰਾਰ ਹੋ ਜਾਂਦਾ ਹੈ।

ਸਾਡੇ ਦੇਸ਼ ਦੇ ਅਜਿਹੇ ਕਈ ਠੱਗ ਨੇ, ਜਿਹੜੇ ਭਾਰਤ ਨੂੰ ਅਰਬਾਂ-ਖਰਬਾਂ ਦਾ ਚੂਨਾ ਲਗਾ ਕੇ ਵਿਦੇਸ਼ਾਂ ਵਿੱਚ ਜਾ ਬਿਰਾਜੇ ਨੇ, ਪਰ ਵਿਸ਼ਵ ਗੁਰੂ ਦੇ ਨਾਅਰਾ ਦੇਣ ਵਾਲੀ ਹਕੂਮਤ ਉਨ੍ਹਾਂ ਨੂੰ ਫੜਨ ਵਿੱਚ ਨਾਕਾਮ ਸਾਬਤ ਹੋ ਰਹੀ ਹੈ। ਲਗਾਤਾਰ ਦੇਸ਼ ਦੇ ਅੰਦਰ ਗ਼ਰੀਬ ਕਿਸਾਨਾਂ, ਮਜ਼ਦੂਰਾਂ ਅਤੇ ਮਿਡਲ ਕਲਾਸ ਲੋਕਾਂ ਦੀਆਂ ਖ਼ੁਦਕੁਸ਼ੀਆਂ ਸਰਕਾਰ ਅਤੇ ਸਰਕਾਰੀ ਸਿਸਟਮ @ਤੇ ਕਈ ਤਰ੍ਹਾਂ ਦੇ ਸਵਾਲ ਖੜੇ ਕਰਦੀਆਂ ਹਨ। ਇੱਕ ਪਾਸੇ ਤਾਂ ਦਾਅਵੇ ਹਾਕਮ ਧੜੇ ਦੇ ਵੱਲੋਂ ਇਹ ਕੀਤੇ ਜਾਂਦੇ ਨੇ ਕਿ ਅਸੀਂ ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਵਿੱਚ ਫ਼ੈਸਲੇ ਕਰਦੇ ਹਾਂ, ਪਰ ਦੂਜੇ ਪਾਸੇ ਅਸਲੀਅਤ ਇਹ ਹੈ ਕਿ ਅਸਲ ਲਾਭਕਾਰੀ ਨੂੰ ਤਾਂ ਇਸ ਦਾ ਫ਼ਾਇਦਾ ਮਿਲਦਾ ਹੀ ਨਹੀਂ।

ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਦੇ ਵੱਲੋਂ ਬਜਟ ਪੇਸ਼ ਕੀਤਾ ਗਿਆ, ਜਿਸ ਵਿੱਚ ਦਾਅਵੇ ਅਤੇ ਵਾਅਦੇ ਤਾਂ ਲੰਮੇ ਚੌੜੇ ਕੀਤੇ ਗਏ, ਪਰ ਜਦੋਂ ਅਸੀਂ ਬਜਟ @ਤੇ ਘੋਖ ਪੜਤਾਲ ਕਰਦੇ ਹਾਂ ਅਤੇ ਦੇਸ਼ ਦੀ ਅਰਥ ਵਿਵਸਥਾ ਅਤੇ ਕਮਾਈ ਦੇਖਦੇ ਹਾਂ ਤਾਂ, ਪਤਾ ਲੱਗਦਾ ਹੈ ਕਿ ਕਾ.ਗਜ਼ੀ ਗੱਲਾਂ ਵਿੱਚ ਅਤੇ ਅਸਲ ਗੱਲਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ।ਐਸਕੇਐਮ ਦੇ ਦਾਅਵੇ ਅਨੁਸਾਰ, ਵਿੱਤ ਮੰਤਰੀ ਦੇ ਸ਼ਬਦਾਂ ਵਿੱਚ @ਅਰਥਵਿਵਸਥਾ ਦਾ ਪਹਿਲਾ ਇੰਜਨ@ ਖੇਤੀਬਾੜੀ ਅਤੇ ਸਹਾਇਕ ਖੇਤਰ ਲਈ ਅਨੁਮਾਨਿਤ ਰਕਮ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇਸੇ ਤਰ੍ਹਾਂ ਫ਼ਸਲ ਬੀਮੇ ਲਈ @ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦੇ ਫਲੈਗਸ਼ਿਪ ਪ੍ਰੋਗਰਾਮ@ ਲਈ ਬਜਟ ਵਿੱਚ ਵੀ ਭਾਰੀ ਕਟੌਤੀ ਕੀਤੀ ਗਈ ਹੈ। 2024-25 ਦੇ 16864.00 ਕਰੋੜ ਵਿੱਚ 3621.73 ਕਰੋੜ ਰੁਪਏ ਕਟੌਤੀ ਕਰਕੇ 2025-26 ਵਿੱਚ 12,242.27 ਕਰੋੜ ਰੁਪਏ ਹੀ ਰੱਖੇ ਗਏ ਹਨ। ਮਨਰੇਗਾ ਵਾਸਤੇ 2025-26 ਵਿੱਚ ਮਾਮੂਲੀ ਵਾਧਾ ਸਿਰਫ਼ 148.94 ਕਰੋੜ ਰੁਪਏ ਹੈ।

ਇੱਕ ਪਾਸੇ ਤਾਂ ਕਿਹਾ ਜਾਂਦਾ ਹੈ ਕਿ ਖੇਤੀਬਾੜੀ ਸੈਕਟਰ ਹੀ ਮੁਲਕ ਦੀ ਡਾਵਾਂ-ਡੋਲ ਹੋਈ ਅਰਥ ਵਿਵਸਥਾ ਵਿੱਚ ਸੁਧਾਰ ਕਰਦਾ, ਜਦੋਂਕਿ ਦੂਜੇ ਪਾਸੇ ਖੇਤੀਬਾੜੀ ਸੈਕਟਰ ਦੇ ਕਾਮੇ, ਯਾਨੀ ਕਿ ਕਿਸਾਨ-ਮਜ਼ਦੂਰ ਦੋ ਵੇਲੇ ਦੀ ਚੰਗੀ ਰੋਟੀ ਨੂੰ ਵੀ ਤਰਸ ਰਹੇ ਨੇ। ਪੰਜਾਬ ਸਮੇਤ ਦੇਸ਼ ਭਰ ਦੇ ਅੰਦਰ ਲਗਾਤਾਰ ਵੱਧ ਰਹੀਆਂ ਖ਼ੁਦਕੁਸ਼ੀਆਂ ਤੋਂ ਸਾਬਤ ਤਾਂ ਇਹੋ ਹੁੰਦਾ ਹੈ ਕਿ ਜੇਕਰ ਦੇਸ਼ ਦਾ ਸਿਸਟਮ ਸਹੀ ਤਰੀਕੇ ਦੇ ਨਾਲ ਕੰਮ ਕਰਦਾ ਹੋਵੇ ਤਾਂ, ਕੀ ਲੋੜ ਪਈ ਹੈ ਕਿਸੇ ਨੂੰ ਆਪਣੀ ਜਾਨ ਖਵਾਉਣ ਦੀ ? ਹਾਕਮ ਧਿਰ ਅਤੇ ਇਸ ਦਾ ਆਈ.ਟੀ ਸੈੱਲ ਹਮੇਸ਼ਾ ਹੀ ਕਿਸਾਨਾਂ-ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਂਦਾ ਰਹਿੰਦਾ ਹੈ।

ਪਰ ਅਸਲ ਦੇ ਵਿੱਚ ਤਾਂ, ਹਾਕਮ ਧਿਰ ਨੂੰ ਕਿਸਾਨਾਂ ਦਾ ਦਿੱਲੀ ਦੀਆਂ ਬਰੂੰਹਾਂ @ਤੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕੋਰੋਨਾ ਕਾਲ ਸਮੇਂ ਲੱਗਿਆ ਦੇਸ਼ ਵਿਆਪੀ ਅੰਦੋਲਨ ਹੀ ਰੜਕਦਾ ਹੈ। ਕਿਸਾਨਾਂ ਦੇ ਅੰਦੋਲਨ ਅੱਗੇ ਝੁਕਦਿਆਂ ਹੋਇਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੱਲੋਂ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਕਿਸਾਨਾਂ ਦੇ ਵੱਲੋਂ ਜਦੋਂ ਮੋਰਚਾ ਫ਼ਤਿਹ ਕੀਤਾ ਗਿਆ ਸੀ ਤਾਂ ਉਸ ਵੇਲੇ ਕਿਸਾਨਾਂ ਦੇ ਨਾਲ ਕੇਂਦਰ ਨੇ ਕਈ ਵਾਅਦੇ ਕੀਤੇ ਸਨ, ਜਿਨ੍ਹਾਂ ਨੂੰ ਹੁਣ ਤੱਕ ਕੇਂਦਰ ਵੱਲੋਂ ਪੂਰਾ ਨਹੀਂ ਕੀਤਾ ਗਿਆ।

ਕਿਸਾਨ ਆਗੂਆਂ ਦੇ ਦਾਅਵੇ ਮੁਤਾਬਿਕ, ਸਾਰੀਆਂ ਫ਼ਸਲਾਂ ਦੀ ਖ਼ਰੀਦ ਨੂੰ ਐੱਮਐੱਸਪੀ ਅਧੀਨ ਲਿਆਉਣਾ ਆਦਿ ਤੋਂ ਇਲਾਵਾ ਕਿਸਾਨ ਆਗੂਆਂ ਦੀ ਹਾਜ਼ਰੀ @ਚ ਹੋਰ ਬਹੁਤ ਸਾਰੀਆਂ ਮੰਗਾਂ ਨੂੰ ਮੰਨਣ ਦਾ ਵਾਅਦਾ ਕੀਤਾ ਸੀ, ਪਰ ਉਕਤ ਵਾਅਦਾ ਹਾਲੇ ਤੱਕ ਪੂਰਾ ਨਹੀਂ ਹੋ ਸਕਿਆ, ਸਗੋਂ ਇਨ੍ਹਾਂ ਮੰਗਾਂ ਨੂੰ ਮਨਵਾਉਣ ਅਤੇ ਐਮਐਸਪੀ ਗਰੰਟੀ ਕਾਨੂੰਨ ਬਣਵਾਉਣ ਵਾਸਤੇ ਹਾਲੇ ਵੀ ਕਿਸਾਨਾਂ ਦਾ ਪ੍ਰਦਰਸ਼ਨ ਜਾਰੀ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਕਰਨ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਕਿਸਾਨਾਂ ਵੱਲੋਂ ਖੇਤੀ ਲਈ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਖਾਦ, ਕੀਟਨਾਸ਼ਕ ਦਵਾਈਆਂ, ਡੀਜ਼ਲ, ਬੀਜ ਆਦਿ ਤੋਂ ਇਲਾਵਾ ਹਰ ਤਰ੍ਹਾਂ ਦੀ ਖੇਤੀ ਮਸ਼ੀਨਰੀ ਦੀਆਂ ਕੀਮਤਾਂ @ਚ ਬੇਹੱਦ ਵਾਧਾ ਕੀਤਾ ਜਾ ਚੁੱਕਾ ਹੈ। ਜੇਕਰ ਕਿਸਾਨਾਂ ਦੀ ਆਮਦਨ ਵਧੀ ਹੁੰਦੀ ਤਾਂ, ਵੱਡੇ ਪੱਧਰ @ਤੇ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦਾ ਰਸਤਾ ਅਖ਼ਤਿਆਰ ਕਿਉਂ ਕਰਦੇ ?

ਵੈਸੇ, ਜਿਸ ਤਰ੍ਹਾਂ ਦਾ ਰਵੱਈਆ ਕੇਂਦਰ ਸਰਕਾਰ ਦਾ ਹੁਣ ਕਿਸਾਨਾਂ-ਮਜ਼ਦੂਰਾਂ ਦੇ ਪ੍ਰਤੀ ਹੈ, ਇਸ ਤੋਂ ਤਾਂ ਸਾ.ਫ ਇਹ ਹੀ ਲੱਗ ਰਿਹਾ ਹੈ ਕਿ ਜਿਵੇਂ ਉਹ (ਕਿਸਾਨ-ਮਜ਼ਦੂਰ) ਕਿਸੇ ਹੋਰ ਗ੍ਰਹਿ ਤੋਂ ਆਏ ਹੋਣ। ਇੱਕ ਰਿਪੋਰਟ ਦੇ ਮੁਤਾਬਿਕ ਕੇਂਦਰੀ ਬਜਟ ਵਿੱਚ ਸਾਰੀਆਂ ਫ਼ਸਲਾਂ ਲਈ ਕਾਨੂੰਨੀ ਤੌਰ @ਤੇ ਗਾਰੰਟੀ-ਸ਼ੁਦਾ ਐੱਮ ਐੱਸ ਪੀ ਸੀ-2+50% ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਬੇਰਹਿਮੀ ਨਾਲ ਨਜ਼ਰਅੰਦਾਜ਼ ਕੀਤਾ ਹੈ। ਇਸ ਬੇਰਹਿਮੀ ਨੂੰ ਕਾਰਪੋਰੇਟ ਮੁਨਾਫ਼ਿਆਂ ਵਿੱਚ ਲਗਾਤਾਰ ਭਾਰੀ ਵਾਧੇ ਦੇ ਪ੍ਰਸੰਗ ਵਿੱਚ ਦੇਖਣ ਦੀ ਲੋੜ ਹੈ, ਜਿਹੜਾ 2022-23 ਵਿੱਚ 10,88,000 ਕਰੋੜ ਰੁਪਏ ਤੋਂ ਵਧ ਕੇ 2023-24 ਵਿੱਚ 14, 11,000 ਕਰੋੜ ਰੁਪਏ ਹੋ ਗਿਆ ਸੀ।

ਕਾਰਪੋਰੇਟ ਕੰਪਨੀਆਂ ਨੂੰ ਆਪਣੇ ਵੱਡੇ ਮੁਨਾਫ਼ਿਆਂ ਦਾ ਜਾਇਜ਼ ਹਿੱਸਾ ਮੁੱਢਲੇ ਉਤਪਾਦਕਾਂ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੱਕ ਪਹੁੰਚਾਉਣ ਲਈ ਲਾਭਕਾਰੀ ਫ਼ਸਲੀ ਕੀਮਤਾਂ ਦੇ ਆਧਾਰ @ਤੇ ਖ਼ਰੀਦ ਲਈ ਕਾਨੂੰਨੀ ਤੌਰ @ਤੇ ਗਾਰੰਟੀ-ਸ਼ੁਦਾ ਮਾਰਕੀਟ ਵਿਧੀ ਨਿਰਧਾਰਿਤ ਕਰਨ ਤੋਂ ਇਹ ਬਜਟ ਭਗੌੜਾ ਜਾਪ ਰਿਹਾ ਹੈ। ਘੱਟੋ-ਘੱਟ ਸ਼ਬਦਾਂ ਵਿੱਚ ਇਹ ਬੇਰਹਿਮ ਅਤੇ ਗੈਰ-ਵਾਜਬ ਹੈ।

ਇਸੇ ਤਰ੍ਹਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕਰਜ਼ਾ ਮੁਕਤੀ ਲਈ ਕੋਈ ਸਕੀਮ ਨਹੀਂ ਹੈ, ਹਾਲਾਂਕਿ ਸੰਸਦੀ ਕਮੇਟੀ ਨੇ ਇਸ ਦੀ ਸਿ਼ਫ਼ਾਰਸ਼ ਕੀਤੀ ਹੈ। ਪਿਛਲੇ ਦੋ ਸਾਲਾਂ ਦੌਰਾਨ ਵਪਾਰਕ ਬੈਂਕਾਂ ਨੇ ਕਾਰਪੋਰੇਟਾਂ ਦੇ ਕ੍ਰਮਵਾਰ 2,09,144 ਕਰੋੜ ਅਤੇ 1,70,000 ਕਰੋੜ ਰੁਪਏ ਦੇ ਕਰਜ਼ਿਆਂ @ਤੇ ਕਾਟੇ ਮਾਰੇ ਹਨ, ਜਿਨ੍ਹਾਂ ਕੋਲ ਸਰਮਾਇਆ ਅੱਗ ਲਾਇਆਂ ਨਹੀਂ ਮੁੱਕਦਾ। ਜਦੋਂਕਿ ਭਾਰਤ ਵਿੱਚ ਕਰਜ਼ੇ ਕਾਰਨ ਰੋਜ਼ਾਨਾ 31 ਕਿਸਾਨ/ਖੇਤ ਮਜ਼ਦੂਰ ਖ਼ੁਦਕੁਸ਼ੀਆਂ ਦਾ ਸ਼ਿਕਾਰ ਬਣ ਰਹੇ ਹਨ।

ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੇਂ ਖੇਤੀ ਖਰੜੇ ਦਾ ਕਿਸਾਨ ਵੱਡੇ ਪੱਧਰ ਤੇ ਵਿਰੋਧ ਕਰਨ ਲੱਗ ਪਏ ਹਨ, ਜਦੋਂਕਿ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦਾ ਦਾਅਵਾ ਹੈ ਕਿ ਇਹ ਖੇਤੀ ਖਰੜਾ ਕਿਸਾਨਾਂ-ਮਜ਼ਦੂਰਾਂ ਦੀ ਹਾਲਤ ਸੁਧਾਰੇਗਾ ਅਤੇ ਮਸਲੇ ਹੱਲ ਕਰਨ ਵਿੱਚ ਸਹਾਈ ਸਾਬਤ ਹੋਵੇਗਾ। ਕਿਸਾਨਾਂ ਦਾ ਦਾਅਵਾ ਹੈ ਕਿ ਕੇਂਦਰ ਸਰਕਾਰ ਨੇ ਖੇਤੀਬਾੜੀ ਮੰਡੀਕਰਨ @ਤੇ ਇੱਕ ਨਵਾਂ ਰਾਸ਼ਟਰੀ ਨੀਤੀ ਫਰੇਮ-ਵਰਕ ਜਾਰੀ ਕੀਤਾ ਹੈ ਜੋ ਕਿ ਕਿਸਾਨਾਂ ਦੇ ਇਤਿਹਾਸਕ 13 ਮਹੀਨਿਆਂ ਦੇ ਅੰਦੋਲਨ ਦੇ ਨਤੀਜੇ ਵਜੋਂ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਮੁੜ ਲਾਗੂ ਕਰਨ ਦੀ ਕੋਸ਼ਿਸ਼ ਹੈ।

ਕਿਸਾਨਾਂ ਦਾ ਦਾਅਵਾ ਹੈ ਕਿ ਇਸ ਡਰਾ.ਫਟ ਦਾ ਉਦੇਸ਼ ਸਾਰੀਆਂ ਖੇਤੀਬਾੜੀ ਗਤੀਵਿਧੀਆਂ ਨੂੰ ਨਿੱਜੀ ਕਾਰਪੋਰੇਸ਼ਨਾਂ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਕੰਟਰੋਲ ਹੇਠ ਲਿਆਉਣਾ ਹੈ। ਇਹ ਸਾਰੇ ਏਪੀਐਮਸੀ ਮਾਰਕੀਟ ਯਾਰਡਾਂ ਨੂੰ ਇੱਕ ਸੰਯੁਕਤ ਮਾਰਕੀਟਿੰਗ ਢਾਂਚੇ ਦੇ

**ਗੁਰਪ੍ਰੀਤ 95698 20314**

ਤਹਿਤ ਇੱਕ-ਜੁੱਟ ਕਰਨ ਦੀ ਤਜਵੀਜ਼ ਕਰਦਾ ਹੈ, ਜਿਸ ਵਿੱਚ ਉਨ੍ਹਾਂ ਨੂੰ ਪੀਪੀਪੀ ਮੋਡ ਅਧੀਨ ਮੁੜ ਵਿਕਸਤ ਕੀਤਾ ਜਾਣਾ ਹੈ ਅਤੇ ਡਿਜੀਟਲ ਮੋਡ ਦੇ ਤਹਿਤ ਜੋੜਿਆ ਜਾਣਾ ਹੈ। ਕਾਰਪੋਰੇਟ ਕੰਟਰੋਲ ਅਧੀਨ ਫੂਡ ਪ੍ਰੋਸੈਸਿੰਗ ਉਦਯੋਗ ਲਈ ਕਲੱਸਟਰ ਫਾਰਮਿੰਗ ਨੂੰ ਵਿਕਸਤ ਕਰਨ ਲਈ, ਕੰਟਰੈਕਟ ਫਾਰਮਿੰਗ ਸ਼ੁਰੂ ਕਰਨ ਦੀ ਤਜਵੀਜ਼ ਰੱਖਦਾ ਹੈ, ਜੋ ਕਿ ਕਾਰਪੋਰੇਟ ਨਿਯੰਤਰਿਤ ਪਰਚੂਨ ਮਾਰਕੀਟਿੰਗ, ਮੁੱਲ ਜੋੜ ਚੇਨ ਅਤੇ ਭੋਜਨ ਨਿਰਯਾਤ ਦੇ ਇੱਕ ਨੈੱਟਵਰਕ ਨੂੰ ਸਪਲਾਈ ਕਰਨ ਲਈ ਕਿਸਾਨਾਂ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਆਪਣੇ ਕਲਾਵੇ ਵਿੱਚ ਲਵੇਗਾ।

ਸਾਰਾ ਖੇਤੀਬਾੜੀ ਖਰੜਾ ਹੀ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਹੈ। ਮੁਕਾਬਲੇਬਾਜ਼ੀ ਵਿੱਚ ਸਿਰ.ਫ ਕਾਰਪੋਰੇਟ ਘਰਾਣਿਆਂ ਦਾ ਹੀ ਬੋਲਬਾਲਾ ਹੋਵੇਗਾ। ਮੌਜੂਦਾ ਮੰਡੀਕਰਨ ਬਿਲਕੁਲ ਖ਼ਤਮ ਹੋ ਜਾਵੇਗਾ ਤੇ ਵੱਡੇ ਲੋਕ ਸਿੱਧਾ ਖ਼ਰੀਦਦਾਰੀ ਕਰਕੇ ਆਪਣੇ ਗਡਾਉਣ ਵਿੱਚ ਭੇਜਣਗੇ। ਜਿਸ ਨਾਲ ਮੰਡੀ ਨਾਲ ਜੁੜੇ ਹੋਏ ਮਜ਼ਦੂਰ, ਆੜ੍ਹਤੀਏ ਅਤੇ ਹੋਰ ਛੋਟੇ ਮੋਟੇ ਕਿੱਤਿਆਂ ਵਾਲੇ ਲੋਕ ਬਿਲਕੁਲ ਵਿਹਲੇ ਹੋ ਜਾਣਗੇ। ਮੰਡੀਕਰਨ ਉੱਤੇ ਕਾਰਪੋਰੇਟਾਂ ਦੇ ਕਬਜ਼ੇ ਤੋਂ ਬਾਅਦ ਉਹ ਆਪਣੀ ਮਨਮਰਜ਼ੀ ਨਾਲ ਹੀ ਜਿਨਸਾਂ ਖ਼ਰੀਦਣਗੇ।

ਹਾਲਾਂਕਿ ਦੂਜੇ ਪਾਸੇ ਪੰਜਾਬ ਦੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਅਤੇ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਦੀ ਹਾਲਤ ਨੂੰ ਸੁਧਾਰਨ ਵਾਸਤੇ ਸੂਬਾ ਸਰਕਾਰ ਨੇ ਵੀ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਹੈ। ਸੂਚਨਾ ਇਹ ਹੈ ਕਿ ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ ਦੇ ਖਰੜੇ ਵਿੱਚ ਕਿਸਾਨੀ ਨੂੰ ਆਰਥਿਕ ਸੰਕਟ 'ਚੋਂ ਕੱਢਣ ਤੇ ਕਿਸਾਨਾਂ ਨੂੰ ਕੌਮਾਂਤਰੀ ਵਪਾਰ ਨਾਲ ਜੋੜਨ ਦੀ ਗੱਲ ਕੀਤੀ ਗਈ ਹੈ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਅਤੇ ਖੇਤੀਬਾੜੀ ਨੀਤੀ ਤਿਆਰ ਕਰਨ ਵਾਸਤੇ ਬਣਾਈ ਗਈ 11 ਮੈਂਬਰ ਕਮੇਟੀ ਦੇ ਕਨਵੀਨਰ ਡਾ. ਸੁਖਪਾਲ ਸਿੰਘ ਬੀਬੀਸੀ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਦੱਸਦੇ ਹਨ ਕਿ ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ ਦਾ ਉਦੇਸ਼ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਬਦਲਾਅ ਲਿਆਉਣਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਨੀਤੀ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮਸਲੇ ਹੱਲ ਕਰਨ ਦੇ ਯਤਨ ਕੀਤੇ ਗਏ ਹਨ। ਇਸ ਤੋਂ ਇਲਾਵਾ ਨੀਤੀ ਵਿੱਚ ਪਹਿਲੀ ਵਾਰ, ਜਿਨ੍ਹਾਂ ਦੀ ਖੇਤੀਬਾੜੀ ਵਿੱਚ ਭੂਮਿਕਾ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਔਰਤਾਂ ਅਤੇ ਖੇਤ ਕਾਮਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸਿ਼ਫ਼ਾਰਸ਼ਾਂ ਕੀਤੀਆਂ ਗਈਆਂ ਹਨ। ਡਾਕਟਰ ਸੁਖਪਾਲ ਦੱਸਦੇ ਹਨ ਕਿ ਨੀਤੀ ਵਿੱਚ ਪੰਜਾਬ ਨੂੰ ਵਪਾਰਕ ਉਦੇਸ਼ਾਂ ਕਰ ਕੇ ਪੱਛਮੀ ਦੇਸ਼ਾਂ ਨਾਲ ਜੋੜਨ ਦੀ ਗੱਲ ਵੀ ਕੀਤੀ ਗਈ ਹੈ। ਇਸ ਵਾਸਤੇ ਭਾਰਤ-ਪਾਕਿਸਤਾਨ ਦੇ ਵਾਹਗਾ ਬਾਰਡਰ ਖੋਲ੍ਹਣ ਦੀ ਸਿ਼ਫ਼ਾਰਸ਼ ਕੀਤੀ ਗਈ ਹੈ।

ਕਿਸਾਨ-ਮਜ਼ਦੂਰ ਪੰਜਾਬ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਸਟੇਟ ਦੀ ਆਪਣੀ ਐਗਰੀਕਲਚਰ ਪਾਲਿਸੀ ਸੂਬੇ ਦੇ ਅੰਦਰ ਜਲਦ ਤੋਂ ਜਲਦ ਲਾਗੂ ਕੀਤੀ ਜਾਵੇ। ਹੁਣ ਸਵਾਲ ਇਹ ਵੀ ਹੈ ਕਿ ਜਦੋਂ ਸਰਕਾਰ ਦੇ ਦਾਅਵੇ ਮੁਤਾਬਿਕ ਦੇਸ਼ ਦੀ ਅਰਥ ਵਿਵਸਥਾ ਦੇ ਗੱਡੇ ਨੂੰ ਧੱਕਾ ਕਿਸਾਨ-ਮਜ਼ਦੂਰ ਹੀ ਜ਼ਿਆਦਾ ਲਾਉਂਦਾ ਹੈ ਤਾਂ ਫਿਰ ਕਿਸਾਨ ਦੇ ਨਾਲ ਹੀ ਧੱਕਾ ਕਿਉਂ ਕੀਤਾ ਜਾ ਰਿਹਾ ਹੈ ? ਕਿਸਾਨਾਂ-ਮਜ਼ਦੂਰਾਂ ਦੀ ਹਾਲਤ ਦਿਨ ਪ੍ਰਤੀ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕੀ ਸਰਕਾਰ ਆਉਂਦੇ ਸਮੇਂ ਦੇ ਵਿੱਚ ਕਾਰਪੋਰੇਟਾਂ ਦੇ ਕਰਜ਼ੇ ਮੁਆ.ਫ ਕਰਨ ਦੀ ਤਰ੍ਹਾਂ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ @ਤੇ ਵੀ ਲੀਕ ਫੇਰੇਗੀ ? ਕੀ ਸਰਕਾਰ ਸਾਰੀਆਂ ਫ਼ਸਲਾਂ @ਤੇ ਐਮਐਸਪੀ ਗਰੰਟੀ ਕਾਨੂੰਨ ਬਣਾਵੇਗੀ ਜਾਂ ਫਿਰ ਇਸੇ ਤਰ੍ਹਾਂ ਹੀ ਕਿਸਾਨ ਖੇਤਾਂ ਨਾਲੋਂ ਵੱਧ ਸਮਾਂ ਧਰਨਿਆਂ ਪ੍ਰਦਰਸ਼ਨਾਂ ਦੇ ਵਿੱਚ ਲਾਉਂਦੇ ਰਹਿਣਗੇ ? ਇਹ ਤਾਂ ਵੇਲਾ ਹੀ ਦੱਸੇਗਾ ਕਿ ਸਰਕਾਰ ਕੀ ਫ਼ੈਸਲਾ ਕਰਦੀ ਹੈ ? ਬਾਕੀ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ, ਕਿਸੇ ਨੇ ਵੀ ਕਿਸਾਨਾਂ ਮਜ਼ਦੂਰਾਂ ਦੀ ਹਾਲਤ ਸੁਧਾਰਨ ਦੇ ਬਾਰੇ ਕੋਈ ਚੱਜ ਦਾ ਕਦਮ ਨਹੀਂ ਪੁੱਟਿਆ। ਹਰ ਪਾਰਟੀ ਵੋਟਾਂ ਲੈਣ ਲਈ ਕਿਸਾਨਾਂ-ਮਜ਼ਦੂਰਾਂ ਤੇ ਆਮ ਲੋਕਾਂ ਦੇ ਨਾਲ ਵਾਅਦੇ ਤਾਂ ਵੱਡੇ ਵੱਡੇ ਕਰਦੀ ਹੈ, ਪਰ ਸੱਤਾ ਹਾਸਲ ਕਰਦਿਆਂ ਹੀ ਉਕਤ ਪਾਰਟੀ ਇੰਝ ਆਪਣੇ ਵਾਅਦਿਆਂ ਤੋਂ ਮੁੱਕਰਦੀ ਹੈ, ਜਿਵੇਂ ਉਨ੍ਹਾਂ ਦੁਬਾਰਾ ਚੋਣ ਲੜਨੀ ਹੀ ਨਾ ਹੋਵੇ। ਖ਼ੈਰ ਵੇਖਦੇ ਹਾਂ ਕਿ ਅੱਗੇ ਕੀ ਬਣਦੈ ? ਮੇਰੇ ਨਜ਼ਰੀਏ ਮੁਤਾਬਿਕ ਸਰਕਾਰ ਨੂੰ ਜਿੰਨੀ ਛੇਤੀ ਹੋ ਸਕੇ, ਅੰਨ ਪੈਦਾ ਕਰਨ ਵਾਲੇ ਕਿਸਾਨ ਅਤੇ ਖੇਤ ਮਜ਼ਦੂਰ ਦੀ ਹਾਲਤ ਨੂੰ ਸੁਧਾਰਨ ਲਈ ਕੋਈ ਚੰਗੇ ਕਦਮ ਪੁੱਟਣੇ ਚਾਹੀਦੇ ਹਨ।



# ਮਾਂ ਬੋਲੀ

ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸੇ ਤਰ੍ਹਾਂ ਦੁਨੀਆਂ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦੀ ਜਗਾਹ ਨਹੀਂ ਦੇ ਸਕਦੇ। ਜਿਵੇਂ ਮਾਂ ਤੇ ਮਾਸੀ ਵਿੱਚ ਫ਼ਰਕ ਹੈ, ਉਵੇਂ ਹੀ ਮਾਂ ਬੋਲੀ ਤੇ ਨੇੜੇ ਦੀਆਂ ਭਾਸ਼ਾਵਾਂ ਵਿੱਚ ਅੰਤਰ ਹੈ।

ਦੁਨੀਆਂ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਬੱਚੇ ਦੇ ਸ਼ੁਰੂਆਤੀ ਵਿਕਾਸ ਅਤੇ ਸਿੱਖਣ ਦੀ ਪ੍ਰਵਿਰਤੀ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨਾਲ ਹੀ ਵਿਕਸਿਤ ਹੁੰਦੀ ਹੈ। ਨਹੀਂ ਤਾਂ ਉਨ੍ਹਾਂ ਦਾ ਬਹੁਤਾ ਸਮਾਂ ਮਾਤ ਭਾਸ਼ਾ ਅਤੇ ਸਿੱਖਿਆ ਹਾਸਲ ਕਰਨ ਲਈ ਵਰਤੀ ਜਾਣ ਵਾਲੀ ਭਾਸ਼ਾ ਵਿਚਲੇ ਫ਼ਰਕ ਨੂੰ ਸਮਝਣ ਵਿੱਚ ਹੀ ਬਤੀਤ ਹੋ ਜਾਂਦਾ ਹੈ। ਇਸ ਸੰਬੰਧੀ ਮਹਾਤਮਾ ਗਾਂਧੀ ਦਾ ਵਿਚਾਰ ਹੈ - ÷ਮਾਂ ਬੋਲੀ ਦੀ ਥਾਂ ਕੋਈ ਹੋਰ ਭਾਸ਼ਾ ਨਹੀਂ ਲੈ ਸਕਦੀ। ਮੇਰਾ ਇਹ ਵਿਸ਼ਵਾਸ ਹੈ ਕਿ ਜਿਸ ਕੌਮ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰਦੇ ਹਨ, ਉਹ ਆਤਮ ਹੱਤਿਆ ਕਰਨ ਦੇ ਵਾਂਗ ਹੈ। ਇਹ ਉਨ੍ਹਾਂ ਨੂੰ ਉਨ੍ਹਾਂ ਦੇ ਜਨਮ ਸਿੱਧ ਅਧਿਕਾਰ ਤੋਂ ਵਾਂਝਾ ਕਰ ਦਿੰਦਾ ਹੈ, ਉਨ੍ਹਾਂ ਦੀ ਮੌਲਿਕਤਾ ਨੂੰ ਨਸ਼ਟ ਕਰ ਦਿੰਦਾ ਹੈ, ਇਸ ਨਾਲ ਉਨ੍ਹਾਂ ਦਾ ਵਿਕਾਸ ਰੁਕ ਜਾਂਦਾ ਹੈ। ਇਸਲਈ ਮੈਂ ਇਹਨੂੰ ਪਹਿਲੇ ਦਰਜੇ ਦਾ ਰਾਸ਼ਟਰੀ ਸੰਕਟ ਮੰਨਦਾ ਹਾਂ।÷

ਮਾਤ ਭਾਸ਼ਾ ਸਾਨੂੰ ਕੌਮੀਅਤ ਨਾਲ ਜੋੜਦੀ ਹੈ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦੀ ਹੈ। ਮਾਂ ਦੀ ਗੋਦ ਵਿੱਚ ਪਲਣ ਵਾਲੀ ਭਾਸ਼ਾ ਹੀ ਬੱਚੇ ਦੇ ਮਾਨਸਿਕ ਵਿਕਾਸ ਲਈ ਪਹਿਲਾ ਸ਼ਬਦ ਸੰਚਾਰ ਦਿੰਦੀ ਹੈ। ਇਸੇ ਰਾਹੀਂ ਹੀ ਮਨੁੱਖ ਸੋਚਦਾ, ਸਮਝਦਾ ਤੇ ਵਿਵਹਾਰ ਕਰਦਾ ਹੈ।÷ ਡਾ. ਏਪੀਜੇ ਅਬਦੁਲ ਕਲਾਮ ਨੇ ਆਪਣੇ ਤਜਰਬੇ ਦੇ ਆਧਾਰ ਤੇ ਕਿਹਾ ਸੀ - ÷ਮੈਂ ਇੱਕ ਚੰਗਾ ਵਿਗਿਆਨੀ ਬਣਿਆ, ਕਿਉਂਕਿ ਮੈਂ ਵਿਗਿਆਨ ਅਤੇ ਗਣਿਤ ਦੀ ਸਿੱਖਿਆ ਆਪਣੀ ਮਾਤ ਭਾਸ਼ਾ ਵਿੱਚ ਹਾਸਲ ਕੀਤੀ।÷ ਵਿਸ਼ਵ ਕਵੀ ਗੁਰੂਦੇਵ ਰਬਿੰਦਰਨਾਥ ਟੈਗੋਰ ਨੇ ਕਿਹਾ ਹੈ - ÷ਜੇਕਰ ਵਿਗਿਆਨ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਮਾਂ ਬੋਲੀ ਰਾਹੀਂ ਪੜ੍ਹਾਉਣਾ ਚਾਹੀਦਾ ਹੈ।÷ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ - ÷ਵਧੇਰੇ ਬੱਚੇ ਸਕੂਲ ਛੱਡ ਦਿੰਦੇ ਹਨ ਕਿਉਂਕਿ ਪੜ੍ਹਾਈ ਦਾ ਮਾਧਿਅਮ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨਹੀਂ ਹੈ।÷

ਦੁਨੀਆਂ ਦੇ ਹੋਰਨਾਂ ਮੁਲਕਾਂ ਵਿੱਚ ਮਾਂ ਬੋਲੀ ਦਾ ਕੀ ਰੁਤਬਾ ਹੈ, ਇਸਦਾ ਵਿਚਾਰਧਾਰਕ ਤੇ ਅਮਲੀ ਵਿਸ਼ਲੇਸ਼ਣ ਕਰਨ ਤੋਂ ਬਾਦ ਪਤਾ ਲੱਗਦਾ ਹੈ ਕਿ ਵੱਖ ਵੱਖ ਕੌਮਾਂ ਦੀ ਖੁਸ਼ਹਾਲੀ ਅਤੇ ਸਵੈਮਾਨ ਦੀਆਂ ਜੜ੍ਹਾਂ ਮਾਂ ਬੋਲੀ ਨਾਲ ਹੀ ਸਿੰਜੀਆਂ ਜਾ ਰਹੀਆਂ ਹਨ। ਮਾਂ ਬੋਲੀ ਕੌਮ ਦੀ ਸਮਰੱਥਾ ਅਤੇ ਬੌਧਿਕਤਾ ਨੂੰ ਨਿਖਾਰਦੀ ਹੈ।

ਮੇਰਾ ਦਾਗ਼ਿਸਤਾਨ@ ਦਾ ਲੇਖਕ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਹਦੇ ਦੇਸ਼ ਵਿੱਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ/ਬਦ-ਅਸੀਸ ਦੇਣੀ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ, ÷ਰੱਬ ਕਰੇ, ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ !÷ ਪਰ ਅਸੀਂ ਪੰਜਾਬੀ ਏਸੇ ਵਿੱਚ ਆਪਣੀ ਸ਼ਾਨ ਸਮਝਦੇ ਹਾਂ ਕਿ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਨੂੰ ਮੂੰਹ ਮਾਰਦੇ ਹਾਂ। ਬੱਚਿਆਂ ਨੂੰ ਕਾਨਵੈਂਟ/ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ @ਚ ਪੜ੍ਹਾਉਂਦੇ ਹਾਂ, ਜਿੱਥੇ ਬੱਚਿਆਂ ਨੂੰ ਆਪਣੀ ਮਾਂ ਬੋਲੀ (ਪੰਜਾਬੀ) ਵਿੱਚ ਗੱਲ ਕਰਨ ਤੇ ਜੁਰਮਾਨਾ ਲਾਇਆ ਜਾਂਦਾ ਹੈ।

ਸਾਨੂੰ ਆਪਣੀ ਮਾਂ ਬੋਲੀ ਪ੍ਰਤੀ ਸੋਚ ਬਦਲਣ ਦੀ ਲੋੜ ਹੈ। ਭਾਸ਼ਾ ਵਿਗਿਆਨੀਆਂ ਨੇ ਬੜੇ ਡੂੰਘੇ ਤਜਰਬੇ ਤੋਂ ਇਹ ਸਿੱਟਾ ਕੱਢਿਆ ਹੈ ਕਿ ਬੱਚੇ ਨੂੰ ਮੁੱਢਲੀ ਸਿੱਖਿਆ ਉਹਦੀ ਮਾਂ ਬੋਲੀ ਵਿੱਚ ਹੀ ਦੇਣੀ ਚਾਹੀਦੀ ਹੈ। ਅੱਜ ਹਰ ਘੱਟ ਤੋਂ ਘੱਟ ਪੜ੍ਹਿਆ ਬੰਦਾ ਆਪਣੇ ਦਸਤਖਤ ਕਰਨ ਵੇਲੇ ਅੰਗਰੇਜ਼ੀ ਨੂੰ ਤਰਜੀਹ ਦਿੰਦਾ ਹੈ। ਜਦੋਂ ਤੱਕ ਅਸੀਂ ਮਾਨਸਿਕ ਤੌਰ ਤੇ ਖੁਦ ਨੂੰ ਅੰਗਰੇਜ਼ੀ ਭਾਸ਼ਾ ਦੇ ਚੁੰਗਲ ਤੋਂ ਆਜ਼ਾਦ ਨਹੀਂ ਕਰਦੇ, ਉਦੋਂ ਤੱਕ ਪੰਜਾਬੀ ਦੀ ਹੋਂਦ ਨੂੰ ਖਤਰਾ ਬਣਿਆ ਰਹੇਗਾ। ਅੱਜ ਦੇ ਸਮੇਂ ਵਿੱਚ ਹਰ ਵਿਅਕਤੀ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਆਪਣੀ ਸਰਗਰਮ ਭੂਮਿਕਾ ਨਿਭਾਵੇ!

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)

# ਅਹਿਸਾਨ ਫ਼ਰਾਮੋਸ਼

ਸਰ ਜੀ, ਬਸ ਤੀਹ ਹਜ਼ਾਰ ਦਾ ਪ੍ਰਬੰਧ ਕਰ ਦਿਓ, ਮਾਂ ਬਹੁਤ ਬੀਮਾਰ ਹੈ। ਹਸਪਤਾਲ ਦਾਖ਼ਲ ਹੈ... ਅਗਲੇ ਮਹੀਨੇ ਥੋਡੇ ਸਾਰੇ ਪੈਸੇ ਮੋੜ ਦਿਆਂਗਾ।÷ ਕਰਮਜੀਤ ਨੇ ਲੇਲੜੀਆਂ ਕੱਢਦੇ ਹੋਏ ਮੇਰੇ ਪੈਰ ਫੜ ਲਏ। ਉਹ ਮੇਰੇ ਹੀ ਵਿਭਾਗ ਵਿੱਚ ਮੇਰੇ ਅਧੀਨ ਕਾਰਜਸ਼ੀਲ ਸੀ। ਉਹਦੀ ਨਿਯੁਕਤੀ ਲਈ ਵੀ ਮੈਂ ਬੌਸ ਤੇ ਜ਼ੋਰ ਪਾਇਆ ਸੀ। ਮੇਰਾ ਮਨ ਤਾਂ ਨਹੀਂ ਸੀ ਕਰਦਾ ਕਿ ਉਹਨੂੰ ਪੈਸੇ ਦਿਆਂ, ਕਿਉਂਕਿ ਉਹਨੇ ਪਹਿਲਾਂ ਵੀ ਵੀਹ ਹਜ਼ਾਰ ਰੁਪਏ ਕੋਈ ਹੋਰ ਬਹਾਨਾ ਲਾ ਕੇ ਪੰਦਰਾਂ ਦਿਨਾਂ ਲਈ ਲਏ ਸਨ ਤੇ ਹੁਣ ਤਿੰਨ ਸਾਲਾਂ ਬਾਦ ਵੀ ਨਹੀਂ ਮੋੜੇ। ਪਰ ਮੈਨੂੰ ਮਾਂ ਦੀ ਬੀਮਾਰੀ ਤੇ ਤਰਸ ਆ ਗਿਆ। ਮੈਂ ਚੈੱਕ ਕੱਟ ਕੇ ਦੇ ਦਿੱਤਾ, ਕਿਉਂਕਿ ਮੇਰੇ ਕੋਲ ਨਕਦ ਪੈਸੇ ਨਹੀਂ ਸਨ। ਪੰਜ ਸਾਲ ਤੱਕ ਉਹਨੇ ਪੈਸਿਆਂ ਦਾ ਕੋਈ ਨਾਂ ਨਾ ਲਿਆ। ਮੈਂ ਆਨੀਂ-ਬਹਾਨੀਂ ਮੰਗਦਾ ਤਾਂ ਟਾਲ-ਮਟੋਲ ਕਰ ਦਿੰਦਾ। ਮੇਰੀ ਸੇਵਾਮੁਕਤੀ ਦਾ ਦਿਨ ਆ ਗਿਆ ਤਾਂ ਮੈਂ ਕਰਮਜੀਤ ਨੂੰ ਪੈਸੇ ਮੋੜਨ ਬਾਰੇ ਯਾਦ ਕਰਾਇਆ। ÷ਸਰ ਜੀ, ਗੱਲ ਈ ਕੋਈ ਨਹੀਂ, ਏਸੇ ਹਫ਼ਤੇ ਦੇ ਦਿਆਂਗਾ।÷ ਮੇਰੀ ਬੇਟੀ ਦਾ ਦਾਖਲਾ ਚੰਡੀਗੜ੍ਹ ਹੋ ਗਿਆ ਤਾਂ ਉਹਦੀ ਫੀਸ, ਪੀਜੀ ਆਦਿ ਲਈ ਪੈਸੇ ਚਾਹੀਦੇ ਸਨ। ਮੈਂ ਕਰਮਜੀਤ ਨੂੰ ਕਿਹਾ ਤਾਂ ਉਹ ਸਾਫ਼ ਮੁੱਕਰ ਗਿਆ, ÷ਕਿੱਥੇ ਸਰ ਜੀ, ਪੰਜ ਮਹੀਨੇ ਤੋਂ ਮੇਰੀ ਤਨਖਾਹ ਹੀ ਨਹੀਂ ਆਈ...।÷ ਮੈਨੂੰ ਪਤਾ ਸੀ ਕਿ ਉਹ ਬਹਾਨੇ ਬਣਾ ਰਿਹਾ ਹੈ ਤੇ ਉਹਨੂੰ ਲਗਾਤਾਰ ਤਨਖਾਹ ਮਿਲ ਰਹੀ ਹੈ। ਮੈਂ ਦਫ਼ਤਰ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਪਰ ਉਸ ਅਹਿਸਾਨ-ਫ਼ਰਾਮੋਸ਼ ਨੇ ਅੱਜ ਸਾਢੇ ਛੇ ਸਾਲਾਂ ਬਾਦ ਪੰਜਾਹ ਹਜ਼ਾਰ ਰੁਪਏ @ਚੋਂ ਇੱਕ ਰੁਪਏ ਦੀ ਵੀ ਅਦਾਇਗੀ ਨਹੀਂ ਕੀਤੀ। ਮੇਰੇ ਅਹਿਸਾਨਾਂ ਦਾ ਉਹਨੇ ਇਹ ਸਿਲਾ ਦਿੱਤਾ ਹੈ...।

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)

# ਸਮੁੱਚੇ ਪੰਜਾਬ ਦੀ ਧਰਤੀ ਤੇ ਅਸਲੀ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਲੋਕਾਂ ਨੂੰ ਕਦੇ ਕਿਸੇ ਨੇ ਪੁੱਛਿਆ ਤੱਕ ਨਹੀਂ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਅੱਜ ਸਵੇਰੇ ਸਵੇਰੇ ਜਦੋਂ ਮੈ ਆਪਣੇ ਪੋਤਿਆਂ ਨੂੰ ਸਕੂਲ ਬੱਸ ਤੇ ਚੜਾਉਣ ਗਿਆ ।ਉਸ ਸਮੇਂ ਨਿੱਕੀਆਂ ਨਿੱਕੀਆਂ ਕਣੀਆਂ ਪੈ ਰਹੀਆਂ ਸਨ ।ਠੰਡ ਵੀ ਬਹੁਤ ਜਿਆਦਾ ਲੱਗ ਰਹੀ ਸੀ ।ਉਤੋਂ ਜ਼ੋਰ ਦੀ ਹਵਾ ਵੀ ਚੱਲ ਰਹੀ ਸੀ ।ਮੀਂਹ ਸਾਰੀ ਰਾਤ ਤੋਂ ਲਗਾਤਾਰ ਹੀ ਪੈ ਰਿਹਾ ਸੀ ।ਸੜਕਾਂ ਤੇ ਕਾਫੀ ਚਿੱਕੜ ਹੋਇਆ ਪਿਆ ਸੀ ।ਸਕੂਲ ਬੱਸ ਥੋੜੀ ਜਿਹੀ ਲੇਟ ਹੋ ਗਈ ।ਮੈ ਜੁਆਕਾਂ ਨੂੰ ਲੈ ਕੇ ਇੱਕ ਬੱਸ ਅੱਡੇ ਤੇ ਬਣੇ ਸੈਂਡ ਥੱਲੇ ਖਲੋ ਗਿਆ ।ਮੇਰੀ ਨਜ਼ਰ ਸਿੱਧੀ ਖੰਡਰਾਂ ਵਿੱਚ ਉਹਨਾਂ ਖੜ੍ਹੀਆਂ ਹੋਈਆਂ ਗਦੀਰੀਆ ਵਾਲਿਆਂ ਦੀਆਂ ਗੱਡੀਆਂ ਤੇ ਪਈ ।ਜਿਹਨਾਂ ਨੂੰ ਲੋਕ ਰਾਣਾ ਪ੍ਰਤਾਪ ਦੀ ਸੈਨਾ ਵੀ ਕਹਿੰਦੇ ਹਨ ।ਬੇਸ਼ਕ ਉਹਨਾਂ ਦਾ ਪੱਕਾ ਕੋਈ ਟਿਕਾਣਾ ਨਹੀਂ ਹੈ ।ਕਦੇ ਉਹ ਇਸ ਪਿੰਡ ਤੇ ਕਦੇ ਉਹ ਉਸ ਪਿੰਡ ਤੁਰਦੇ ਜਾਂਦੇ ਹਨ ।ਪਰ ਜਿਹੜੀ ਹਾਲਤ ਅੱਜ ਮੈ ਉਹਨਾਂ ਦੀ ਵੇਖੀ ।ਉਸ ਨੇ ਮੈਨੂੰ ਹਲੂਣ ਕੇ ਰੱਖ ਦਿੱਤਾ ।ਉਹਨਾਂ ਕੋਲ ਕੋਈ ਕੋਠਾ ਨਹੀਂ, ਕੋਈ ਨਹਾਉਣ ਧੋਣ ਵਾਸਤੇ ਜਗ੍ਹਾ ਨਹੀਂ ।ਆਪਣੀਆਂ ਗੱਡੀਆਂ ਦੇ ਚਾਰ ਚੁਫੇਰੇ ਇੱਕ ਕਾਲੀ ਜਿਹੀ ਤਰਪਾਲ ,ਜਿਸ ਦੇ ਥੱਲੇ ਡੰਡੇ ਲਾ ਕੇ ਰਸੀਆਂ ਨਾਲ ਬੰਨ ਕੇ ਖੜਾ ਕੀਤਾ ਹੋਇਆ ਹੈ ।ਇੱਕ ਦੋ ਟੁੱਟੀਆਂ ਭੱਜੀਆਂ ਮੰਜੀਆਂ ਡਾਹੀਆਂ ਹੋਈਆਂ ਸਨ ।ਮੀਂਹ ਦੀ ਕਣੀਆਂ ਆਰ ਪਾਰ ਹੋ ਰਹੀਆਂ ਸਨ ।ਕੋਈ ਤਰਪਾਲ ਵਿੱਚੋ ਪਾਟੀ ਵੀ ਹੋਈ ਸੀ, ਜਿਸ ਕਰਕੇ ਮੀਂਹ ਦਾ ਪਾਣੀ ਸਿੱਧਾ ਉਹਨਾਂ ਦੇ ਸਮਾਨ ਉੱਤੇ ਚੋਂ ÷ਰਿਹਾ ਸੀ ।ਉਹਨਾਂ ਨੇ ਆਪਣੀਆਂ ਜੁੱਲੀਆਂ ਆਪਣੇ ਉਤੇ ਲਪੇਟੀਆਂ ਹੋਈਆਂ ਸਨ ।ਬਾਹਰ ਜਿਹੜੀਆਂ ਲੱਕੜਾਂ ਬਾਲਣ ਵਾਸਤੇ ਇੱਕਠੀਆ ਕਰ ਕੇ ਰੱਖੀਆਂ ਹੋਈਆਂ ਸਨ ।ਉਹ ਵੀ ਸਾਰੀ ਰਾਤ ਮੀਂਹ ਪੈਣ ਕਰਕੇ ਭਿੱਜੀਆਂ ਪਈਆਂ ਸਨ ।ਉਹਨਾਂ ਦੇ ਨਿੱਕੇ ਨਿੱਕੇ ਬੱਚੇ ਠੰਡ ਨਾਲ ਠਰੂ ਠਰੂ ਕਰਦੇ ਹੋਏ ਆਪਣੀਆਂ ਮਾਵਾਂ ਨਾਲ ਚਿੰਬੜੇ ਬੈਠੇ ਸਨ ।ਕਈ ਰੋਂਦੇ ਹੋਏ ਚਾਹ ਪੀਣ ਦੀ ਜਿੱਦ ਕਰ ਰਹੇ ਸਨ ।ਜਦੋਂ ਮੈ ਝਾਤ ਮਾਰੀ ਕਿ ਉਹਨਾਂ ਕੋਲ ਕੋਈ ਗੈਸ ਚੂਲਾ ਵੀ ਨਹੀਂ ਸੀ ।ਨਾ ਹੀ ਉਹਨਾਂ ਨੇ ਕੋਈ ਬਿਜਲੀ ਦੀ ਤਾਰ ਲਾਈ ਸੀ । ਖੈਰ ਜਦੋਂ ਮੈ ਗਿਆ ਸੀ ਉਸ ਸਮੇ ਦਿਨ ਦਾ ਚਾਨਣ ਜ਼ਰੂਰ ਹੋ ਚੁੱਕਾ ਸੀ ।ਇਹ ਸਾਰਾ ਕੁੱਝ ਵੇਖ ਕੇ ਮੈ ਕੋਈ ਗੱਲ ਉਹਨਾਂ ਨਾਲ ਕਰਦਾ ।ਇੰਨੇ ਨੂੰ ਉਹਨਾਂ ਦਾ ਇੱਕ ਬਜ਼ੁਰਗ ਬੋਲ ਪਿਆ ।ਸਰਦਾਰ ਜੀ ਅੱਜ ਕਿਵੇਂ ਸਵੇਰੇ ਸਵੇਰੇ ਆਉਣਾ ਹੋਇਆ ।ਆਉ ਬੈਠੋ ਕੋਈ ਤੁਹਾਡੀ ਸੇਵਾ ਪਾਣੀ ਕਰਦੇ ਹਾਂ ।ਮੈਨੂੰ ਸਭ ਤੋਂ ਵੱਧੀਆ ਇਹ ਗੱਲ ਲੱਗੀ ਕਿ ਉਹ ਬੜਾ ਪਿਆਰ ਨਾਲ ਬੋਲਿਆ ।ਮੈ ਵੀ ਹਸਦੇ ਹੋਏ ਨੇ ਕਿਹਾ ਕਿ ਮੈ ਜੁਆਕਾਂ ਨੂੰ ਸਕੂਲ ਬਸ ਤੇ ਚੜਾਉਣ ਆਇਆ ਸੀ ।ਮੈ ਸੋਚਿਆ ਕਿ ਤੁਹਾਡਾ ਹਾਲ ਚਾਲ ਹੀ ਪੁੱਛਦਾ ਜਾਵਾਂ ।ਬੜਾ ਵਧੀਆ ਕੀਤਾ ਈ ਸਰਦਾਰਾਂ ਜਿਹੜਾ ਤੂੰ ਸਾਨੂੰ ਮਿਲਣ ਆ ਗਿਆ ਹੈ ।ਸਾਨੂੰ ਤਾਂ ਕੋਈ ਬੁਲਾ ਕੇ ਖੁਸ਼ ਨਹੀਂ ।ਸਾਨੂੰ ਤਾਂ ਬਹੁਤੇ ਲੋਕ ਬੰਦੇ ਹੀ ਨਹੀਂ ਮੰਨਦੇ ।ਫਿਰ ਅਸੀਂ ਵੀ ਆਪਣੀ ਦੁਨੀਆਂ ਵਿੱਚ ਖੁਸ਼ ਰਹਿੰਦੇ ਹਾਂ ।ਮੈ ਹੱਸ ਕੇ ਪੁੱਛਿਆ ਬਾਬਾ ਤੁਹਾਨੂੰ ਇਹਨਾਂ ਤਰਪਾਲਾਂ ਵਿੱਚ ਠੰਡ ਨਹੀਂ ਲੱਗਦੀ ।ਮੈ ਤਾਂ ਬਾਹਰ ਖੜ੍ਹਿਆ ਕੋਟ ਵਿੱਚ ਹੀ ਠਰੂ ਠਰੂ ਕਰ ਰਿਹਾ ਹਾਂ ।ਸਰਦਾਰ ਜੀ ਅਗਰ ਠੰਡ ਲੱਗੇ ਵੀ ਤੇ ਕੀ ਕਰ ਸਕਦੇ ਹਾਂ ।ਕੋਈ ਗੱਲ ਨਹੀਂ ਜਦੋ ਮੀਂਹ ਹੱਟ ਜਾਵੇਂਗਾ ਫਿਰ ਅੱਗ ਬਾਲ ਕੇ ਠੰਡ ਲਾਹ ਲਵਾਂਗੇ । ਸਾਡੀ ਤਾਂ ਸਾਰੀ ਜਿੰਦਗੀ ਹੀ ਇੰਝ ਲੰਘਦੀ ਹੈ ।ਤੁਸੀਂ ਸਰਦਾਰ ਜੀ ਅੱਜ ਸਾਡੇ ਵੱਲ ਨਿਗ੍ਹਾ ਮਾਰੀ ਹੈ ਉਹ ਗੱਲ ਵੱਖਰੀ ਹੈ ।ਨਹੀਂ ਬਾਬਾ ਮੈ ਅਕਸਰ ਲੰਘਦਾ ਟੱਪਦਾ ਤੁਹਾਡੇ ਵਲ ਵੇਖ ਕੇ ਹੀ ਲੰਘਦਾ ਹਾਂ ।ਤੁਹਾਡੀ ਕਦੇ ਕਿਸੇ ਨੇ ਸਰਕਾਰ ਨੇ ਬਾਂਹ ਨਹੀਂ ਫੜੀ ।ਕਿਸੇ ਨੇ ਤੁਹਾਨੂੰ ਘਰ ਬਣਵਾਉਣ ਬਾਰੇ ਨਹੀਂ ਕਿਹਾ ।ਸਰਦਾਰ ਜੀ ਇੱਥੇ ਲੋਕੀ ਖੋਹਣ ਨੂੰ ਫਿਰਦੇ ਹਨ ।ਫਿਰ ਘਰ ਬਣਾਉਣ ਦੀ ਗੱਲ ਕਰਦੇ ਹੋ । ਸਾਡੀ ਇਹੋ ਗੱਡੀ ਘਰ ਤੇ ਜਾਇਦਾਦ ਹੈ ।ਸਾਨੂੰ ਤਾਂ ਕੋਈ ਖਾਲੀ ਜਮੀਨ ਉਤੇ ਰੇਹੜੀ ਵੀ ਖਿਲਾਰਨ ਦਿੰਦਾ ।ਜਿਹੜਾ ਮਰਜ਼ੀ ਰੋਹਬ ਮਾਰ ਕੇ ਸਾਨੂੰ ਅਗੇ ਤੋਰ ਦਿੰਦਾ ਹੈ ।ਅਸੀਂ ਤਾਂ ਰੱਬ ਦੇ ਆਸਰੇ ਹੀ ਦਿਨ ਕੱਟਦੇ ਹਾਂ ।ਕਦੇ ਮੈ ਬਜ਼ੁਰਗ ਦੇ ਹੌਸਲੇ ਵੱਲ ਵੇਖਦਾ ,ਕਦੇ ਉਸ ਤਰਪਾਲ ਵੱਲ ।ਜਿਹੜੀ ਹਵਾ ਨਾਲ ਉਡੂ ਉਡੂ ਕਰ ਰਹੀ ਸੀ ।ਪਰ ਮੈ ਮਨ ਹੀ ਮਨ ਵਿੱਚ ਸੋਚਦਾ ਰਿਹਾ ਕਿ ਸਾਡੇ ਦੇਸ਼ ਦੇ ਮਹਾਨ ਨੇਤਾ ਕਿਹੜੇ ਲੋਕਾਂ ਦੀ ਗੱਲ ਕਰਦੇ ਹਨ ।ਜਿਹਨਾਂ ਨੂੰ ਗਰੀਬੀ ਰੇਖਾ ਤੋਂ ਉਚੇ ਚੁੱਕਣ ਦੀ ਗੱਲ ਕਰਦੇ ਹਨ ।ਇਸ ਤੋਂ ਜਿਆਦਾ ਗਰੀਬ ਹੋਰ ਕੌਣ ਹੋ ਸਕਦੇ ਹਨ ।ਜਿਹਨਾਂ ਕੋਲ ਕੁੱਝ ਵੀ ਨਹੀਂ ਰਹਿਣ ਵਾਸਤੇ ।ਆਪਣਾ ਦਿਹਾੜੀ ਦੱਪਾ ਕਰਕੇ ਢਿੱਡ ਤਾਂ ਜ਼ਰੂਰ ਭਰ ਲੈਂਦੇ ਹੋਣਗੇ ।ਪਰ ਹੋਰ ਜਿੰਦਗੀ ਜਿਉਣ ਵਾਸਤੇ ਇਹਨਾਂ ਕੋਲ ਕੁੱਝ ਵੀ ਨਹੀਂ ।ਕਈ ਇੰਨੇ ਵੱਡੇ ਧਨਾਢ ਬੈਠੇ ਹਨ ।ਜਿਹਨਾਂ ਕੋਲ ਪੈਸੇ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਹੈ ।ਹਜ਼ਾਰਾਂ ਹਜ਼ਾਰਾਂ ਫਲੈਟਾਂ ਦੇ ਮਾਲਕ ਬਣੇ ਹਨ ।ਇੱਧਰ ਇੱਕ ਝੋਪੜੀ ਝੁੱਗੀ ਵੀ ਨਹੀਂ ਹੈ ।ਇਹ ਸਭ ਕੁਝ ਵੇਖ ਕੇ ਮੇਰੇ ਪੈਰਾਂ ਥੱਲਿਓਂ ਮਿੱਟੀ ਖਿਸਕਣ ਲੱਗ ਪਈ ।ਮੈ ਇਹੋ ਹੀ ਸੋਚ ਕੇ ਤੁਰ ਪਿਆ ਕਿ ਇਹ ਹਕੀਕਤ ਮੈ ਸਾਰੀ ਦੁਨੀਆਂ ਨੂੰ ਜ਼ਰੂਰ ਸੁਣਾਵਾਂਗਾ ।ਇਹ ਬਿਲਕੁਲ ਸੱਚ ਤੇ ਅਸਲੀਅਤ ਹੈ ।ਇਹ ਮੇਰਾ ਅੱਖੀਂ ਵੇਖਿਆ ਦ੍ਰਿਸ਼ ਮੈ ਕਦੇ ਨਹੀਂ ਭੁੱਲ ਸਕਦਾ ।

# ਇਕ ਅਮਰੀਕਨ ਨੂੰ ਮੈਂ ਲੁਆਈ ਸੀ ਹੱਥ-ਕੜੀ !

ਸੰਨ 2004 ਵਿਚ 'ਬਲੱਡ-ਰਿਲੇਸ਼ਨ' ਦੇ ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਹੋਇਆ ਮੈਂ ਇਕ ਅਜਿਹੀ ਕੰਪਨੀ 'ਚ ਰਾਤ ਦੀ ਜੌਬ ਕਰਦਾ ਸਾਂ ਜਿੱਥੇ ਪੰਜ ਜਾਂ ਛੇ ਟੀਨ-ਏਜਰ ਮੁੰਡੇ,ਅੱਧੀ ਕੁ ਰਾਤ ਤੱਕ ਪੜ੍ਹਦੇ ਹੁੰਦੇ ਸਨ।ਮੇਰੀ ਡਿਊਟੀ ਇਹ ਹੁੰਦੀ ਸੀ ਕਿ ਉਨ੍ਹਾਂ ਨੂੰ ਰੋਕਣਾ-ਟੋਕਣਾ ਕੋਈ ਨਹੀਂ ਬਸ ਉਨ੍ਹਾਂ ਦੀ ਕਿਸੇ ਗਲ਼ਤ ਸਰਗਰਮੀ ਨੂੰ ਰਜਿਸਟਰ ਵਿਚ ਦਰਜ ਕਰ ਦੇਣਾ ਹੈ।ਜਾਂ ਫਿਰ ਉਨ੍ਹਾਂ ਵਲੋਂ ਕੋਈ ਜਿਆਦਾ ਹੀ ਗੜਬੜ ਕਰਨੇ 'ਤੇ ਮੈਂ ਆਪਣੀ ਸੁਪਰਵਾਈਜ਼ਰ ਨੂੰ ਫੋਨ ਕਰਕੇ ਬੁਲਾ ਲੈਂਦਾ ਹੁੰਦਾ ਸਾਂ।

> ਵੈਸੇ ਸੁਪਰਵਾਈਜ਼ਰ ਬੁਲਾਉਣ ਦੀ ਵੀ ਨੌਬਤ ਬਹੁਤ ਘੱਟ ਆਉਂਦੀ ਹੁੰਦੀ ਸੀ ਨਹੀਂ ਤਾਂ ਸੁਪਰਵਾਈਜ਼ਰ ਨੇ ਮੈਨੂੰ ਰੁਟੀਨ 'ਚ ਹੀ ਫੋਨ 'ਤੇ ਪੁੱਛ ਲੈਣਾ-'ਮਿਸਟਰ ਸਿੰਘ ਐਵਰੀਥਿੰਗ ਇਜ਼ ਓ.ਕੇ ਸੰਨ 2011 ਵਿਚ ਓਸਾਮਾ ਬਿਨ ਲਾਦਿਨ ਦੇ ਖਾਤਮੇ ਵਾਲ਼ੇ ਕਾਂਡ ਨੂੰ ਹਾਲ਼ੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਡਿਊਟੀ ਸਮੇਂ ਇਕ ਗੋਰੇ ਮੁੰਡੇ ਨੇ ਸ਼ਰਾਰਤੀ ਜਿਹੇ ਲਹਿਜੇ ਨਾਲ ਮੇਰੀ ਪੱਗ ਵੱਲ਼ ਇਸ਼ਾਰਾ ਕਰਦਿਆਂ ਮੈਨੂੰ ਲਾਦਿਨ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ !ਉਸ ਰਾਤ ਜਦ ਮੈਨੂੰ ਰੋਜ ਵਾਂਗ ਸੁਪਰਵਾਈਜ਼ਰ ਨੇ ਫੋਨ 'ਤੇ ਹਾਲ-ਹਵਾਲ ਪੁੱਛਿਆ ਤਾਂ 'ਐਵਰੀ ਥਿੰਗ ਓਕੇ' ਕਹਿਕੇ ਸਹਿਵਨ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਫਲਾਣੇ ਗੋਰੇ ਮੁੰਡੇ ਨੇ ਮੈਨੂੰ ਏਦਾਂ ਏਦਾਂ ਕਿਹਾ ਐ !ਯਕੀਨ ਜਾਣਿਓਂ ਇਹ ਗੱਲ ਮੈਂ ਮਹਿਜ ਦਫਤਰੀ ਇਨਫਰਮੇਸ਼ਨ ਦੇਣ ਵਜੋਂ ਹੀ ਦੱਸੀ ਸੀ, ਮੇਰੇ ਮਨ 'ਚ ਉਸ ਮੁੰਡੇ ਵਲੋਂ ਕਹੀ ਗੱਲ ਬਾਰੇ ਕੋਈ ਗੁੱਸਾ ਜਾਂ ਰੰਜ ਨਹੀਂ ਸੀ ! ਪਰ ਸੁਪਰਵਾਈਜ਼ਰ ਨੇ ਸੁਣਦਿਆਂ ਸਾਰ 'ਓ ਮਾਈ ਗੌਡ !' ਕਹਿਕੇ ਮੈਨੂੰ ਦੱਸਿਆ ਕਿ ਮੈਂ ਤੇਰੇ ਕੋਲ਼ ਹੁਣੇ ਆ ਰਹੀ ਹਾਂ !ਸਾਡੇ ਦਫਤਰ ਪਹੁੰਚ ਕੇ ਉਸਨੇ ਪੁਲੀਸ ਨੂੰ ਕਾਲ ਕੀਤੀ।ਮਿੰਟਾਂ ਵਿਚ ਹੀ ਦੋ ਪੁਲੀਸਮੈਨ ਆ ਗਏ ਮੈਂ ਸੋਚ ਰਿਹਾ ਸਾਂ ਕਿ ਪੁਲੀਸ ਵਾਲ਼ੇ ਸ਼ਾਇਦ ਮੈਥੋਂ ਲੋੜੀਂਦੀ ਪੁੱਛ-ਗਿੱਛ ਕਰਨਗੇ ਪਰ ਉਨ੍ਹਾਂ ਨੇ ਮੇਰੀ ਸੁਪਰਵਾਈਜ਼ਰ ਨਾਲ ਹੀ ਗੱਲ-ਬਾਤ ਕਰਕੇ ਉਸ ਮੁੰਡੇ ਨੂੰ ਕਮਰੇ ਤੋਂ ਬਾਹਰ ਬੁਲਾਇਆ।ਨਾਂ-ਪਤਾ ਪੁੱਛ ਕੇ ਉਹਦੇ ਪੁੱਠੀ ਹੱਥ-ਕੜੀ ਮਾਰ ਲਈ।

ਪੁਲੀਸ ਵਾਲੇ ਜਦ ਉਸ ਮੁੰਡੇ ਨੂੰ ਦਫਤਰੋਂ ਬਾਹਰ ਖੜ੍ਹੀ ਆਪਣੀ ਗੱਡੀ 'ਚ ਬਿਠਾਉਣ ਲਈ ਲੈ ਜਾਣ ਲੱਗੇ ਤਾਂ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਧਾ ਗਲਵਕੜੀ ਪਾ ਲਈ !ਮੈਂ ਹੈਰਾਨ ਹੋਇਆ ਉਨ੍ਹਾਂ ਵੱਲ ਦੇਖਣ ਲੱਗਾ !ਸੁਪਰਵਾਈਜ਼ਰ ਉਸ ਮੁੰਡੇ ਨੂੰ ਪਿਆਰਦੀ ਦੁਲਾਰਦੀ ਕਹਿਣ ਲੱਗੀ-

ਮਾਈ ਡੀਅਰ ਸਨ,ਮੈਂ ਤੇਰੇ ਭਲੇ ਹਿਤ ਹੀ ਤੈਨੂੰ ਕਾਨੂੰਨ ਦੇ ਹਵਾਲੇ ਕੀਤਾ ਹੈ ਤਾਂ ਕਿ ਤੂੰ ਚੰਗਾ ਇਨਸਾਨ ਬਣ ਸਕੇਂ ਅਤੇ ਭਵਿੱਖ ਵਿਚ ਕਿਸੇ ਦਾ ਦਿਲ ਨਾ ਦੁਖਾਵੇਂ ਜਿਵੇਂ ਤੂੰ ਅੱਜ ਮਿਸਟਰ ਸਿੰਘ ਨੂੰ 'ਹਰਟ' ਕੀਤਾ ਹੈ.!

'ਗੁੱਡ-ਲੱਕ ਮੇਰੇ ਪਿਆਰੇ !' ਕਹਿ ਕੇ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਸੀ !

ਤਰਲੋਚਨ ਸਿੰਘ ਦੁਪਾਲ ਪੁਰ
78146-92724

# ਪੰਜਾਬ: ਦਿਹਾੜੀਦਾਰ ਮਾਪਿਆਂ ਦੇ ਪੁੱਤ ਦੀ 9 ਮਹੀਨੇ ਕਈ ਮੁਲਕਾਂ 'ਚ ਘੁੰਮਣ ਮਗਰੋਂ ਡੰਕੀ ਰੂਟ ਦੌਰਾਨ ਮੌਤ, 'ਪੈਸਾ ਵੀ ਗਿਆ ਤੇ ਪੁੱਤ ਵੀ ਨਾ ਬਚਿਆ'

ਡੰਕੀ ਰਾਹੀਂ ਅਮਰੀਕਾ ਜਾ ਰਹੇ ਜ਼ਿਲ੍ਹਾ ਮੋਹਾਲੀ ਦੇ ਡੇਰਾਬਸੀ ਦੇ 24 ਸਾਲਾ ਨੌਜਵਾਨ ਦੀ ਰਸਤੇ ਵਿੱਚ ਮੌਤ ਹੋ ਗਈ ਹੈ।ਮ੍ਰਿਤਕ ਦੀ ਪਛਾਣ ਰਣਦੀਪ ਸਿੰਘ ਵਜੋਂ ਹੋਈ ਅਤੇ ਉਹ ਡੇਰਾਬਸੀ ਦੇ ਪਿੰਡ ਸ਼ੇਖਪੁਰ ਕਲਾਂ ਦਾ ਵਸਨੀਕ ਸੀ।ਮ੍ਰਿਤਕ ਕਰੀਬ 9 ਮਹੀਨੇ ਤੱਕ ਵੱਖ-ਵੱਖ ਦੇਸ਼ਾਂ ਵਿੱਚ ਘੁੰਮਦਾ ਰਿਹਾ। ਹਾਲਾਂਕਿ, ਉਸ ਦੀ ਮੌਤ ਕੰਬੋਡੀਆ ਵਿੱਚ ਬਿਮਾਰੀ ਕਾਰਨ ਹੋਈ ਦੱਸੀ ਜਾ ਰਹੀ ਹੈ।ਮ੍ਰਿਤਕ ਦੇ ਵੱਡੇ ਭਰਾ ਰਵੀ ਨੇ ਦੱਸਿਆ ਕਿ ਉਹ ਤਿੰਨ ਭੈਣ ਭਰਾ ਹਨ ਅਤੇ ਰਣਦੀਪ ਸਭ ਤੋਂ ਛੋਟਾ ਸੀ।ਭਰਾ ਮੁਤਾਬਕ, ਉਨ੍ਹਾਂ ਦੇ ਮਾਸੜ ਨੇ ਉਸ ਨੂੰ ਡੰਕੀ ਲਾ ਕੇ ਅਮਰੀਕਾ ਭੇਜਣ ਲਈ 45 ਲੱਖ ਰੁਪਏ ਵਿੱਚ ਏਜੰਟ ਨਾਲ ਸੌਦਾ ਤੈਅ ਕਰਵਾਇਆ ਸੀ। ਜਿਸ ਵਿੱਚੋਂ ਉਨ੍ਹਾਂ ਨੇ 25 ਲੱਖ ਰੁਪਏ ਦਿੱਤੇ ਸਨ।ਤੈਅ ਸੌਦੇ ਮੁਤਾਬਕ ਉਹ ਲੰਘੇ ਸਾਲ 12 ਅਪ੍ਰੈਲ ਨੂੰ ਘਰ ਤੋਂ ਅਮਰੀਕਾ ਲਈ ਗਿਆ ਸੀ।ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਹੇ ਪਰਵਾਸੀਆਂ ਨੂੰ ਕੱਢਣ ਦੀ ਚਿਤਾਵਨੀ ਜਾਰੀ ਕਰ ਦਿੱਤੀ ਗਈ ਸੀ।ਪਰਿਵਾਰ ਮੁਤਾਬਕ, ਏਜੰਟ ਉਸ ਨੂੰ ਅਮਰੀਕਾ ਦੀ ਥਾਂ ਪਹਿਲਾਂ ਵੀਅਤਨਾਮ ਵਿੱਚ ਲੈ ਗਿਆ ਜਿਥੇ ਉਹ ਤਿੰਨ ਮਹੀਨੇ ਰਿਹਾ। ਇਸੇ ਦੌਰਾਨ ਉਸ ਨੂੰ ਵਾਲ ਤੋੜ ਹੋ ਗਿਆ ਜਿਸ ਦਾ ਸਮੇਂ ਰਹਿੰਦੇ ਇਲਾਜ ਨਾ ਹੋਣ ਕਾਰਨ ਉਸਦੀ ਇਨਫੈਕਸ਼ਨ ਵਧਦੀ ਗਈ।ਪਰਿਵਾਰਕ ਮੈਂਬਰਾਂ ਵੱਲੋਂ ਏਜੰਟ ਨੂੰ ਰਣਦੀਪ ਨੂੰ ਵਾਪਸ ਭੇਜਣ ਲਈ ਦਬਾਅ ਪਾਇਆ ਜਾ ਰਿਹਾ ਸੀ।ਏਜੰਟ ਉਨ੍ਹਾਂ ਨੂੰ ਅਮਰੀਕਾ ਦੀ ਥਾਂ ਆਸਟ੍ਰੇਲੀਆ ਜਾਂ ਕੈਨੇਡਾ ਭੇਜਣ ਦਾ ਆਫ਼ਰ ਦੇ ਰਿਹਾ ਸੀ ਪਰ ਪਰਿਵਾਰ ਵੱਲੋਂ ਸਾਫ਼ ਮਨ੍ਹਾਂ ਕਰ ਦਿੱਤਾ ਅਤੇ ਮੁੰਡੇ ਨੂੰ ਵਾਪਸ ਭੇਜਣ ਲਈ ਕਿਹਾ ਗਿਆ।ਪਰ ਏਜੰਟ ਨੇ ਉਸ ਨੂੰ ਬਗੈਰ ਪਾਸਪੋਰਟ ਤੋਂ ਕੰਬੋਡੀਆ ਭੇਜ ਦਿੱਤਾ ਜਿੱਥੇ ਬਿਨਾਂ ਪਾਸਪੋਰਟ ਤੋਂ ਉਹ ਫੱਸ ਗਿਆ ਅਤੇ ਉਸਦੀ ਇਨਫੈਕਸ਼ਨ ਵੀ ਵਧਦੀ ਗਈ। ਉੱਥੇ ਇਲਾਜ ਨਾ ਹੋਣ ਕਾਰਨ ਉਸ ਦੀ ਮੌਤ ਹੋ ਗਈ।ਪਰਿਵਾਰ ਦਾ ਇਲਜ਼ਾਮ ਹੈ ਕਿ ਏਜੰਟ ਨੇ ਧੋਖੇ ਨਾਲ ਉਨ੍ਹਾਂ ਦੇ ਪੁੱਤਰ ਦਾ ਪਾਸਪੋਰਟ ਕੱਢ ਲਿਆ ਸੀ। ਪਰਿਵਾਰ ਦੀ ਸ਼ਿਕਾਇਤ ਉੱਤੇ ਇਸ ਮਾਮਲੇ ਵਿੱਚ ਏਜੰਟ ਦੇ ਖ਼ਿਲਾਫ਼ ਐੱਫਆਈਆਰ ਵੀ ਦਰਜ ਹੋ ਗਈ ਹੈ।

**ਮੌਤ ਤੋਂ ਘੰਟੇ ਪਹਿਲਾਂ ਵੀ ਭੇਜੇ ਸਨ ਪੈਸੇ'**

ਘਰ ਵਿੱਚ ਮੌਜੂਦ ਇੱਕ ਰਿਸ਼ਤੇਦਾਰ ਕੇਵਲ ਸਿੰਘ ਨੇ ਦੱਸਿਆ ਕਿ ਰਣਦੀਪ ਸਿੰਘ ਉਨ੍ਹਾਂ ਦਾ ਭਤੀਜਾ ਸੀ।ਉਨ੍ਹਾਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ, ਉਸ ਨੇ ਕਰੀਬ ਅਪ੍ਰੈਲ ਦੀ 12 ਤਰੀਕ ਨੂੰ ਘਰੋਂ ਡੰਕੀ ਲਗਾਈ ਸੀ। ਪਰ ਏਜੰਟ ਨੇ ਸਾਡੇ ਨਾਲ ਧੋਖਾ ਕੀਤਾ ਅਤੇ ਉਸ ਨੂੰ ਕੰਬੋਡੀਆ ਵਿੱਚ ਹੀ ਫਸਾ ਕੇ ਰੱਖ ਦਿੱਤਾ।ਜਦੋਂ ਵੀ ਅਸੀਂ ਉਸ ਨੂੰ ਫੋਨ ਕਰਨਾ ਤਾਂ ਉਸ ਨੇ ਅੱਗੋਂ ਕਹਿਣਾ ਕਿ ਦੋ ਦਿਨ ਦਿਓ, ਚਾਰ ਦਿਨ ਦੇ ਦਿਓ ਅਤੇ ਅਸੀਂ ਵੀ ਚੁੱਪ ਕਰ ਜਾਂਦੇ ਸੀ। ਸਾਡੇ ਚੁੱਪ ਰਹਿਣ ਦਾ ਕਾਰਨ ਇਹ ਸੀ ਕਿ ਉਹ (ਏਜੰਟ) ਸਾਡਾ ਰਿਸ਼ਤੇਦਾਰ ਲੱਗਦਾ ਸੀ। ਅਸੀਂ ਇਸੇ ਵਿਸ਼ਵਾਸ ਕਾਰਨ ਹੀ ਮਾਰ ਖਾ ਗਏ।ਕੇਵਲ ਸਿੰਘ ਅੱਗੇ ਦੱਸਦੇ ਹਨ, ਉਸ ਨੂੰ ਖਾਣਾ ਨਾ ਮਿਲਣ ਕਰਕੇ ਸਿਹਤ ਵਿਗੜਦੀ ਰਹੀ ਅਤੇ ਉਹ ਡਿਪਰੈਸ਼ਨ ਵਿੱਚ ਚਲਾ ਗਿਆ। ਉਸ ਦੀ ਹਾਲਤ ਇੰਨੀ ਖ਼ਰਾਬ ਹੋ ਗਈ ਕਿ ਉਸ ਨੂੰ 3-4 ਦਿਨ ਪਹਿਲਾਂ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ।ਪਰ ਇਸ ਦੇ ਬਾਵਜੂਦ ਵੀ ਏਜੰਟ ਨੂੰ ਕੋਈ ਫਰਕ ਨਹੀਂ ਪਿਆ। ਅਸੀਂ ਉਸ ਦੇ ਖਾਣ ਲਈ ਤਾਂ ਇੱਥੋਂ ਪੈਸੇ ਭੇਜਦੇ ਹੀ ਸੀ ਪਰ ਉਸ ਦੇ ਇਲਾਜ ਲਈ ਸਾਨੂੰ ਪੈਸੇ ਭੇਜਣੇ ਪਏ। ਹੁਣ ਵੀ ਮੌਤ ਦੋ ਘੰਟੇ ਪਹਿਲਾਂ ਅਸੀਂ 20 ਕੁ ਹਜ਼ਾਰ ਰੁਪਏ ਹਸਪਤਾਲ ਪਾਏ ਸੀ ਪਰ ਦੋ ਘੰਟਿਆਂ ਵਿੱਚ ਉਸ ਦੀ ਮੌਤ ਦੀ ਖ਼ਬਰ ਆ ਗਈ।ਕੇਵਲ ਸਿੰਘ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, ਸਾਡੇ ਪੁੱਤ ਦੀ ਲਾਸ਼ ਭਾਰਤ ਲੈ ਕੇ ਆਉਣ ਲਈ ਮਦਦ ਕੀਤੀ ਜਾਵੇ ਤਾਂ ਜੋ ਅਸੀਂ ਬੱਚੇ ਦੀਆਂ ਅੰਤਮ ਰਸਮਾਂ ਨਿਭਾ ਸਕੀਏ।ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਏਜੰਟ ਦੇ ਨਾਲ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਤਾਂ ਜੋ ਅੱਗੇ ਕਿਸੇ ਨਾਲ ਅਜਿਹਾ ਨਾ ਹੋਵੇ।ਕੇਵਲ ਸਿੰਘ ਇਹ ਵੀ ਦੱਸਦੇ ਹਨ ਕਿ ਉਸ ਦੀ ਮੌਤ ਤੋਂ 2-3 ਘੰਟੇ ਪਹਿਲਾਂ ਜਿਹੜੀ ਗੱਲ ਹੋਈ ਸੀ ਉਸ ਵਿੱਚ ਵੀ ਉਸ ਨੇ ਇਹੀ ਕਿਹਾ ਸੀ ਕਿ ਉਹ ਉੱਥੇ ਬਹੁਤ ਪਰੇਸ਼ਾਨ ਹੈ ਤੇ ਉਸ ਦਾ ਬਚਣਾ ਮੁਸ਼ਕਲ ਹੈ।ਉਹ ਆਖਦੇ ਹਨ, ਜੇ ਏਜੰਟ ਪਾਸਪੋਰਟ ਦੇ ਦਿੰਦਾ ਤਾਂ ਸ਼ਾਇਦ ਸਾਡਾ ਪੁੱਤਰ ਬਚ ਜਾਂਦਾ।

ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਗਰੀਬ ਹਨ ਅਤੇ ਉਨ੍ਹਾਂ ਵੱਲੋਂ ਕਰਜ਼ਾ ਲੈ ਕੇ ਏਜੰਟ ਨੂੰ 25 ਲੱਖ ਰੁਪਏ ਦਿੱਤੇ ਗਏ ਪਰ ਨਾ ਪੈਸੇ ਰਹੇ ਅਤੇ ਨਾ ਹੀ ਉਨ੍ਹਾਂ ਦਾ ਮੁੰਡਾ ਰਿਹਾ।ਹਾਲੇ ਮ੍ਰਿਤਕ ਦੀ ਲਾਸ਼ ਨੂੰ ਵਾਪਸ ਲਿਆਉਣਾ ਹੈ। ਨੌਜਵਾਨ ਦੀ ਮੌਤ ਮਗਰੋਂ ਪਰਿਵਾਰ ਅਤੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਪਰਿਵਾਰ ਨੇ ਏਜੰਟ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਮ੍ਰਿਤਕ ਦੀ ਮਾਂ ਨੇ ਦੱਸਿਆ ਕਿ ਰਣਦੀਪ ਨੇ ਫੋਨ 'ਤੇ ਆਪਣੇ ਭਰਾ ਨੂੰ ਦੱਸਿਆ ਸੀ, ਨਾ ਪਾਣੀ ਮਿਲ ਰਿਹਾ ਨਾ ਖਾਣ ਨੂੰ ਮਿਲ ਰਿਹਾ, ਮੈਨੂੰ ਘਰੇ ਬੁਲਾ ਲਓ। ਮੈਂ ਭੁੱਖਾ ਮਰ ਰਿਹਾ।

# ਪੰਜਾਬੀ ਇਨਕਲਾਬੀ ਕਵੀ ਉਸਤਾਦ ਦਾਮਨ ਦੇ ਜੀਵਨ ਅਤੇ ਕਵਿਤਾ ਨਾਲ ਜਾਣ-ਪਛਾਣ



ਜ਼.ਫਰ ਇਕਬਾਲ ਜ਼.ਫਰ

ਪੰਜਾਬੀ, ਰਾਜਨੀਤਿਕ ਅਤੇ ਸਮਾਜਿਕ ਸਰਪਬਾਜ਼ੀ, ਤਰਲ ਪਦਾਰਥ, ਹਕੀਕਤ, ਸਾਦਗੀ, ਲਾਹੌਰ ਦੇ ਚੌਂਵਾਰ ਦੀ ਉਮਰ ਵਿਚ ਹੋਇਆ ਸੀ. ਤੇਹੌਰ ਪਰ ਉਹ ਇੱਕ ਗਰੀਬ ਦਰਜ਼ੀ ਪਰਿਵਾਰ ਵਿੱਚ ਪੈਦਾ ਹੋਇਆ ਸੀ. ਉਹ ਚੌਂਕੀ ਗੇਟ ਦੇ ਬਾਹਰ ਇੱਕ ਭਰਾ ਅਤੇ ਇੱਕ ਗਲਣ ਵਰਗੇ ਬੰਦੈਂਡ ਸਨ ਸਿਰ ਉਹ ਬਚਪਨ ਤੋਂ ਹੀ ਅਧਿਐਨ ਕਰਨ ਦਾ ਸ਼ੌਕੀਨ ਸੀ. ਉਹ ਸੈਂਡਾ ਸੇਕ ਸਮਾਜਾਂ ਤੋਂ ਬਾਅਦ ਹੈ. ਹਾਲਾਂਕਿ, ਉਸਨੇ ਆਪਣੇ ਪਿਤਾ ਦੀ ਇੱਛਾ ਨੂੰ ਯਾਦ ਕੀਤਾ ਅਤੇ ਉਸਦਾ ਪੁੱਤਰ ਆਪਣੀ ਜ਼ਿੰਦਗੀ ਵਿੱਚ ਸਿਲਾਈ ਦੇ ਸਾਰੇ ਹੁਨਰ ਸਿੱਖਣ ਅਤੇ ਰੋਜ਼ੀ-ਰੋਟੀ ਕਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਆਪਣੇ ਪਿਤਾ ਦੀ ਇੱਛਾ ਪੂਰੀ ਕਰਨ ਅਤੇ ਆਪਣੀ ਰੋਜ਼ੀ-ਰੋਟੀ ਵਧਾਉਣ ਲਈ, ਉਹ ਉਸਤਾਦ ਵਹਾਬ ਨਾਮਕ ਇੱਕ ਦਰਜ਼ੀ ਕੋਲ ਸਿਖਿਆਰਥੀ ਬਣ ਗਿਆ, ਜਿਸਨੇ ਕੋਟ, ਪੈਂਟ ਅਤੇ ਸ਼ਲਵਾਰ ਕਮੀਜ਼ ਬਣਾਉਣ ਵਿੱਚ ਬਹੁਤ ਹੁਨਰ ਹਾਸਲ ਕੀਤਾ। ਉਸ ਸਮੇਂ, ਸਲਵਾਰ ਕਮੀਜ਼ ਸਿਲਾਈ ਕਰਨ ਲਈ ਦਸ ਆਨੇ ਲੱਗਦੇ ਸਨ, ਪਰ ਉਸਤਾਦ ਦਾਮਨ ਦਸ ਰੁਪਏ ਲੈਂਦੇ ਸਨ ਕਿਉਂਕਿ ਉਹ ਟਿਊਬ ਧਾਗੇ ਦੀ ਵਰਤੋਂ ਕਰਨ ਦੀ ਬਜਾਏ ਕੱਪੜੇ ਦੇ ਅੰਦਰੋਂ ਧਾਗਾ ਲੈ ਕੇ ਸੂਟ ਸਿਲਾਈ ਕਰਦੇ ਸਨ, ਜਿਸ ਕਾਰਨ ਸਿਲਾਈ ਦਿਖਾਈ ਨਹੀਂ ਦਿੰਦੀ ਸੀ। ਵੱਡੀਆਂ ਆਜ਼ਾਦੀ ਲਹਿਰਾਂ ਦੇ ਆਗੂ ਉਸ ਤੋਂ ਆਪਣੇ ਕੱਪੜੇ ਸਿਲਾਈ ਕਰਦੇ ਸਨ। ਆਪਣੇ ਸਮੇਂ ਦੌਰਾਨ, ਉਸਨੇ ਤਾਜਵੀਦ ਦੇ ਮਹਾਨ ਕਵੀ, ਬਾਓ ਹਮਦਮ ਦੇ ਸਿਖਿਆਰਥੀ ਵਜੋਂ ਕਵਿਤਾ ਵਿੱਚ ਆਪਣੇ ਵਿਚਾਰਾਂ ਨੂੰ ਹੋਰ ਨਿਖਾਰਿਆ, ਪਰ ਉਸਤਾਦ ਦਾਮਨ ਇੱਕ ਜਨਮਜਾਤ ਕਵੀ ਸੀ। ਉਸਨੇ ਦਸ ਸਾਲ ਦੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸਦੇ ਪਿਤਾ ਮੀਰਾਂ ਬਖ਼ਸ਼ ਖੁਦ ਇੱਕ ਸੂਫ਼ੀ ਕਵੀ ਸਨ ਜਿਨ੍ਹਾਂ ਨੂੰ ਹੀਰ ਵਾਰਿਸ ਸ਼ਾਹ ਅਤੇ ਫਜ਼ਲ ਸ਼ਾਹ ਦੇ ਸੁੰਦਰ ਸ਼ਬਦਾਂ ਨੂੰ ਯਾਦ ਸੀ, ਜਦੋਂ ਕਿ ਉਸਤਾਦ ਦਾਮਨ ਨੇ ਵੀ ਹੀਰ ਵਾਰਿਸ ਸ਼ਾਹ ਦੀ ਸ਼ੈਲੀ ਵਿੱਚ ਆਪਣੀ ਪਹਿਲੀ ਕਵਿਤਾ ਲਿਖੀ। ਉਹ ਪੰਦਰਾਂ ਸਾਲ ਦਾ ਸੀ ਬਾਗਬਾਨ ਪੁਰਾ, ਲਾਹੌਰ ਵਿੱਚ। ਮੈਂ ਪੜ੍ਹਿਆ, ਜਿਸਦੀ ਪ੍ਰਧਾਨਗੀ ਕਾਂਗਰਸ ਨੇਤਾ ਮੀਆਂ ਇਫਤਿਖਾਰੁਦੀਨ ਨੇ ਕੀਤੀ, ਜਿਨ੍ਹਾਂ ਨੇ ਉਸਤਾਦ ਦਾਮਨ ਤੋਂ ਆਪਣੇ ਕੱਪੜੇ ਸਿਲਾਈ। ਇਸ ਮੌਕੇ ਸਰਦਾਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਨੇ ਕਵਿਤਾ ਮੁਕਾਬਲੇ ਦੇ ਪ੍ਰਧਾਨ ਨੂੰ ਕਿਹਾ ਕਿ ਉਸਤਾਦ ਦਾਮਨ ਨੇ ਬਹੁਤ ਸਾਰੀਆਂ ਸ਼ਾਨਦਾਰ ਕਵਿਤਾਵਾਂ ਸੁਣਾਈਆਂ ਹਨ ਅਤੇ ਉਨ੍ਹਾਂ ਨੂੰ ਇੱਕ ਸੌ ਰੁਪਏ ਦਾ ਇਨਾਮ ਦਿੱਤਾ ਜਾਣਾ ਚਾਹੀਦਾ ਹੈ। ਇਹ ਤੱਥ ਕਿ ਉਨ੍ਹਾਂ ਨੂੰ ਪ੍ਰਸਿੱਧ ਕਵੀਆਂ ਵਿੱਚ ਮਾਨਤਾ ਪ੍ਰਾਪਤ ਹੋਈ ਅਤੇ ਪਹਿਲੇ ਕਵਿਤਾ ਮੁਕਾਬਲੇ ਵਿੱਚ ਇਨਾਮ ਮਿਲਿਆ, ਆਪਣੇ ਆਪ ਵਿੱਚ ਉਸਤਾਦ ਦਾਮਨ ਦੀ ਕਵਿਤਾ ਕਲਾ ਦੇ ਕੱਦ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਅਤਾਉੱਲਾ ਸ਼ਾਹ ਬੁਖਾਰੀ ਵਰਗੇ ਲੋਕਾਂ ਦੀ ਮੌਜੂਦਗੀ ਵਿੱਚ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸਭਾਵਾਂ ਵਿੱਚ ਆਪਣੀਆਂ ਕਵਿਤਾਵਾਂ ਸੁਣਾਈਆਂ ਅਤੇ ਲੋਕਾਂ ਦੇ ਦਿਲਾਂ ਦੀ ਆਵਾਜ਼ ਬਣ ਕੇ ਉੱਭਰਦੇ ਰਹੇ। ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਕਵਿਤਾ ਨਹੀਂ ਸੁਣਾਈ, ਜਦੋਂ ਕਿ ਉਹ ਫਾਰਸੀ, ਅਰਬੀ, ਰੂਸੀ, ਉਰਦੂ, ਹਿੰਦੀ, ਅੰਗਰੇਜ਼ੀ ਅਤੇ ਸੰਸਕ੍ਰਿਤ ਵਿੱਚ ਵੀ ਮੁਹਾਰਤ ਰੱਖਦੇ ਸਨ। ਉਸਤਾਦ ਦਾਮਨ ਨੇ ਕਵਿਤਾ ਦੇ ਕਲਾਤਮਕ ਗੁਣਾਂ @ਤੇ ਮੁਹਾਰਤ ਕਰਕੇ ਗਿਆਨ ਅਤੇ ਕਲਾ ਦੇ ਲੋਕਾਂ ਤੋਂ ਉਸਤਾਦ ਦਾ ਖਿਤਾਬ ਪ੍ਰਾਪਤ ਕੀਤਾ। ਉਸਤਾਦ ਦਾਮਨ ਇੱਕ ਪ੍ਰਭਾਵਸ਼ਾਲੀ ਕਵੀ ਸਨ ਜਿਨ੍ਹਾਂ ਨੇ ਗਰੀਬਾਂ, ਦੱਬੇ-ਕੁਚਲੇ, ਮਜ਼ਦੂਰਾਂ ਅਤੇ ਕਿਸਾਨਾਂ ਵਰਗੇ ਦੱਬੇ-ਕੁਚਲੇ ਵਰਗਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸ਼ੋਸ਼ਿਤ ਵਰਗਾਂ ਵਿਰੁੱਧ ਲੜਾਈ ਲੜੀ।

ਮੇਰਾ ਪਾਣੀ PPK ਹੈ।
ਬੰਜਰ ਧਰਤੀ ਹਰੀ ਭਰੀ ਹੋ ਜਾਵੇ।
ਮੈਂ ਉਸਦੇ ਚਿਹਰੇ @ਤੇ ਮੁਸਕਰਾਹਟ ਚਾਹੁੰਦਾ ਹਾਂ।
ਮੇਰੇ ਪੈਰ ਮੇਰੇ ਲਹੂ ਨਾਲ ਰੰਗੇ ਜਾਣ।

ਉਸਤਾਦ ਦਾਮਨ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦੀ ਵਾਕਫੀਅਤ ਵਿੱਚ ਰਵਾਨਗੀ ਸੀ। ਉਹ ਕਦੇ-ਕਦੇ ਕੁਝ ਪਲਾਂ ਵਿੱਚ ਕਵਿਤਾਵਾਂ ਸੁਣਾਉਂਦੇ ਸਨ। ਆਜ਼ਾਦੀ ਤੋਂ ਕੁਝ ਸਮੇਂ ਬਾਅਦ, ਉਨ੍ਹਾਂ ਨੇ ਦਿੱਲੀ ਵਿੱਚ ਇੱਕ ਸੀਮਤ ਕਵਿਤਾ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਹ ਕਵਿਤਾ ਸੁਣਾਈ।

ਅਜਿਹੀਆਂ ਆਜ਼ਾਦੀਆਂ ਨੂੰ ਹੱਥਾਂ ਨਾਲ ਤਬਾਹ ਕੀਤਾ ਜਾ ਰਿਹਾ ਹੈ।
ਇਹ ਇਸ ਤਰ੍ਹਾਂ ਹੋਇਆ, ਇਹ ਇਸ ਤਰ੍ਹਾਂ ਹੋਇਆ।
ਇੱਕ ਝੂਠੀ ਉਮੀਦ, ਓ ਜ਼ਿੰਦਗੀ, ਮਿਲ ਜਾਵੇਗੀ।
ਮੈਂ ਤੇਰਾ ਹਾਂ ਤੇ ਮੈਂ ਤੇਰਾ ਹਾਂ।
ਜ਼ਿੰਦਾਬਾਦ, ਹੇ ਮੌਤ ਦੇ ਮੂੰਹ ਵਿੱਚ ਜ਼ਿੰਦਗੀ !
ਦੋ ਤੁਸੀਂ ਅਤੇ ਦੋ ਮੈਂ।
ਜਗਨਵਾਲਾ ਰਿਜ ਦੀ ਲਾਤੀਆ ਏ।
ਇਸ ਤਰ੍ਹਾਂ ਸੌਂਵੋ, ਇਸ ਤਰ੍ਹਾਂ ਸੌਂਵੋ।
ਲਾਲ ਅੱਖਾਂ ਉਹ ਹਨ ਜੋ ਜੂਸ ਪੀਂਦੀਆਂ ਹਨ।
ਇਸ ਤਰ੍ਹਾਂ ਰੋਵੋ ਅਤੇ ਇਸ ਤਰ੍ਹਾਂ ਰੋਵੋ।

ਮੁਸ਼ਾਇਰੇ ਦੇ ਦਰਸ਼ਕ, ਜੋ ਆਜ਼ਾਦੀ ਦੇ ਨਾਮ @ਤੇ ਮਨੁੱਖੀ ਜੀਵਨ @ਤੇ ਹੋ ਰਹੇ ਅਤਿਆਚਾਰ ਦਾ ਸ਼ਿਕਾਰ ਸਨ, ਬੇਕਾਬੂ ਹੋ ਕੇ ਰੋਣ ਲੱਗ ਪਏ। ਮੁਸ਼ਾਇਰੇ ਵਿੱਚ ਮੌਜੂਦ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵੀ ਹੰਝੂਆਂ ਨਾਲ ਭਰ ਗਈਆਂ। ਉਨ੍ਹਾਂ ਨੇ ਉਸਤਾਦ ਦਮਨ ਨੂੰ ਆਜ਼ਾਦੀ ਦੇ ਕਵੀ ਦਾ ਖਿਤਾਬ ਦਿੱਤਾ ਅਤੇ ਆਪਣੀ ਇੱਛਾ ਪ੍ਰਗਟ ਕੀਤੀ ਕਿ ਉਹ ਭਾਰਤ ਵਿੱਚ ਸਥਾਈ ਤੌਰ @ਤੇ ਵਸ ਜਾਣ, ਪਰ ਉਨ੍ਹਾਂ ਨੇ ਜਵਾਬ ਦਿੱਤਾ ਕਿ ਮੇਰਾ ਵਤਨ ਪਾਕਿਸਤਾਨ ਹੈ। ਮੈਂ ਲਾਹੌਰ ਵਿੱਚ ਰਹਾਂਗਾ। ਬੇਸ਼ੱਕ, ਜੇਲ੍ਹ ਵਿੱਚ ਕਿਉਂ ਨਾ ਰਹਾਂ ? 1962 ਵਿੱਚ, ਜਦੋਂ ਭਾਰਤੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਲਾਹੌਰ ਆਏ ਅਤੇ ਹਵਾਈ ਅੱਡੇ @ਤੇ ਉਤਰੇ, ਤਾਂ ਉਨ੍ਹਾਂ ਨੇ ਪਾਕਿਸਤਾਨੀ ਗਵਰਨਰ ਅਖਤਰ ਹੁਸੈਨ ਨੂੰ ਕਿਹਾ ਕਿ ਮੈਂ ਉਸਤਾਦ ਦਮਨ ਨੂੰ ਮਿਲਣਾ ਚਾਹੁੰਦਾ ਹਾਂ, ਪਰ ਸਾਹਿਤ ਦੀ ਦੌਲਤ ਤੋਂ ਅਣਜਾਣ, ਗਵਰਨਰ ਅਖਤਰ ਹੁਸੈਨ ਨੇ ਆਪਣੇ ਲੋਕਾਂ ਨੂੰ ਪੁੱਛਿਆ ਕਿ ਉਸਤਾਦ ਦਮਨ ਕੌਣ ਹੈ। ਇਸ ਕਵੀ ਤੋਂ ਅਣਜਾਣ ਸ਼ਾਸਕਾਂ ਦੀ ਮੌਜੂਦਗੀ ਦੇ ਬਾਵਜੂਦ, ਇਸ ਦੇਸ਼ ਭਗਤ ਕਵੀ ਨੇ ਆਪਣੀ ਪੂਰੀ ਜ਼ਿੰਦਗੀ ਗਰੀਬੀ ਅਤੇ ਬੇਇਨਸਾਫ਼ੀ ਵਿੱਚ ਬਿਤਾਉਣ ਦੇ ਬਾਵਜੂਦ, ਪਾਕਿਸਤਾਨ ਦੇ ਗੀਤ ਗਾਏ। ਇਸ ਪਵਿੱਤਰ ਧਰਤੀ ਨੂੰ ਨਫ਼ਰਤ, ਬੇਈਮਾਨੀ ਅਤੇ ਬੇਇਨਸਾਫ਼ੀ ਤੋਂ ਸਾਫ਼ ਕਰਨ ਲਈ, ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਲੋਕਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕੀਤੀ ਅਤੇ ਲੋਕਾਂ ਵਿੱਚ ਸ਼ਾਂਤੀ ਅਤੇ ਸਦਭਾਵਨਾ ਲਿਆਂਦੀ। ਉਹ ਪਿਆਰ ਦੇ ਫੁੱਲ ਵਰ੍ਹਾਉਂਦੇ ਰਹੇ ਅਤੇ ਨਾਲ ਹੀ ਉਨ੍ਹਾਂ ਬੁਰਾਈਆਂ ਦਾ ਵਿਰੋਧ ਕੀਤਾ ਜੋ ਜਨਤਕ ਹਿੱਤਾਂ ਲਈ ਨੁਕਸਾਨਦੇਹ ਸਨ। ਉਸਤਾਦ ਦਾਮਨ ਨੇ ਸ਼ਾਸਕਾਂ ਦੀਆਂ ਕਮੀਆਂ ਵੱਲ ਇਸ਼ਾਰਾ ਕਰਕੇ, ਸਖ਼ਤ ਆਲੋਚਨਾ ਨਾਲ ਜਨਤਕ ਚੇਤਨਾ ਨੂੰ ਜਗਾਇਆ। ਉਹ ਜਨਤਕ ਅਧਿਕਾਰਾਂ ਦੇ ਖੋਖਲੇ ਨਾਅਰਿਆਂ ਅਤੇ ਦੇਸ਼ ਦੇ ਪਤਨ ਬਾਰੇ ਲਿਖਦੇ ਹਨ।

ਜਾਓ ਖਾਓ, ਜਾਓ ਖਾਓ, ਮੋਰੀ ਖੋਲ੍ਹੋ।
ਜੋ ਮਰਜ਼ੀ ਖਾ ਲਓ ਤੇ ਤੁਸੀਂ ਰੋਵੋਗੇ।
ਮੈਨੂੰ ਕਿਸਨੇ ਮਾਰਿਆ, ਕਿਸਨੇ ਮਾਰਿਆ ?
ਜਿੰਨ ਮੂਰਖ ਹੈ, ਉਹ ਮੂਰਖ ਹੈ, ਉਹ ਮੂਰਖ ਹੈ।
ਖਾਓ, ਖਾਓ, ਦਰਵਾਜ਼ਾ ਖੋਲ੍ਹੋ।

ਉਸਤਾਦ ਦਾਮਨ, ਜਿਨ੍ਹਾਂ ਨੇ ਦੁਲਹਨ ਦੇ ਪਤੀ @ਤੇ ਰੀਤੀ-ਰਿਵਾਜਾਂ ਦੇ ਬੋਝ ਅਤੇ ਵਿਆਹ ਦੇ ਖਾਣੇ ਦੇ ਬੋਝ ਦਾ ਵਿਰੋਧ ਕੀਤਾ, ਨੇ 1949 ਵਿੱਚ ਕਾਤਰੀਨ ਨਾਮ ਦੀ ਕੁੜੀ ਨਾਲ ਸਾਦੇ ਅਤੇ ਗੁਪਤ ਢੰਗ ਨਾਲ ਵਿਆਹ ਕੀਤਾ। ਉਨ੍ਹਾਂ ਦਾ ਇੱਕ ਪੁੱਤਰ ਸੀ ਜੋ ਜਨਮ ਤੋਂ ਬਾਅਦ ਮਰ ਗਿਆ। ਉਨ੍ਹਾਂ ਦੀ ਪਤਨੀ ਦੇ ਪੇਟ ਵਿੱਚ ਟਿਊਮਰ ਸੀ, ਜਿਸਦਾ ਉਨ੍ਹਾਂ ਨੇ ਇਲਾਜ ਕੀਤਾ, ਪਰ ਉਹ ਬਚ ਨਹੀਂ ਸਕੀ। ਉਸਤਾਦ ਦਾਮਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਕੋਈ ਵੀ ਇਕੱਲਾ ਜੀਵਨ ਨਹੀਂ ਜਿਊਣਾ ਚਾਹੁੰਦਾ, ਪਰ ਹਾਲਾਤ ਅਤੇ ਘਟਨਾਵਾਂ ਉਸਨੂੰ ਇਕੱਲਾ ਰਹਿਣ ਲਈ ਮਜਬੂਰ ਕਰਦੀਆਂ ਹਨ। ਮੇਰਾ ਪਹਿਲਾ ਵਿਆਹ ਕੁਦਰਤ ਨੂੰ ਮਨਜ਼ੂਰ ਨਹੀਂ ਸੀ ਅਤੇ ਮੇਰਾ ਦੂਜਾ ਵਿਆਹ ਸੌਦੇਬਾਜ਼ੀ ਹੈ। 1977 ਦੇ ਦੰਗਿਆਂ ਵਿੱਚ, ਉਸਦੀ ਦੁਕਾਨ ਨੂੰ ਅੱਗ ਲਗਾ ਦਿੱਤੀ ਗਈ ਸੀ, ਜਿਸ ਕਾਰਨ ਉਹ ਇੱਕ ਮੁਸ਼ਕਲ ਵਿੱਤੀ ਸੰਕਟ ਵਿੱਚ ਪੈ ਗਿਆ ਅਤੇ ਬਾਗਬਾਨ ਪੁਰਾ ਤੋਂ ਟੈਕਸੀਲਾ ਗੇਟ ਵਿੱਚ ਬਾਦਸ਼ਾਹੀ ਮਸਜਿਦ ਦੇ ਨੇੜੇ ਸਥਿਤ ਹਿਜੜੇ ਵਿੱਚ ਚਲਾ ਗਿਆ, ਜਿੱਥੇ ਹਜ਼ਰਤ ਸ਼ਾਹ ਹੁਸੈਨ (ਰ.ਅ.) ਵੀ ਬਾਦਸ਼ਾਹ ਅਕਬਰ ਦੇ ਸਮੇਂ ਰਹਿੰਦੇ ਸਨ। ਇਹ ਹਿਜੜਾ ਉਨ੍ਹਾਂ ਦੀ ਮੌਤ ਤੱਕ ਉਸਤਾਦ ਦਾਮਨ ਦਾ ਨਿਵਾਸ ਰਿਹਾ। ਦਮਨ ਦੀ ਬੇਤੱਕ ਨਾਮਕ ਇਸ ਹਿਜੜੇ ਵਿੱਚ, ਭਾਰਤ ਅਤੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ, ਲੇਖਕ, ਸਿਆਸਤਦਾਨ, ਸਮਾਜਿਕ ਮਿੱਤਰ, ਕਵੀ ਫੈਜ਼ ਅਹਿਮਦ ਫੈਜ਼, ਸੂਫੀ ਤਬੱਸੁਮ ਹਬੀਬ ਜਾਲਿਬ, ਅਮਜਦ ਇਸਲਾਮ ਅਮਜਦ ਮਨੂ ਭਾਈ, ਰਾਣੀ ਤਰੰਨੁਮ ਨੂਰ ਜਹਾਂ, ਅਦਾਕਾਰ ਮੁਹੰਮਦ ਅਲੀ, ਫਿਲਮ ਸਟਾਰ ਅਲਾਉਦੀਨ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਰਾਜਨੀਤਿਕ, ਸਾਹਿਤਕ ਅਤੇ ਬੌਧਿਕ ਚਰਚਾਵਾਂ ਲਈ ਆਉਂਦੀਆਂ ਸਨ, ਜਿਸ ਲਈ ਉਸਤਾਦ ਦਾਮਨ ਆਪਣੇ ਹੱਥਾਂ ਨਾਲ ਕਈ ਤਰ੍ਹਾਂ ਦੇ ਸੁਆਦੀ ਪਕਵਾਨ ਤਿਆਰ ਕਰਦੇ ਅਤੇ ਪਰੋਸਦੇ ਸਨ। ਟੈਕਸੀਲਾ ਗੇਟ @ਤੇ ਇਸ ਹਿਜੜੇ ਵਿੱਚ, ਉਸਤਾਦ ਦਾਮਨ 1950 ਤੋਂ 1984 ਤੱਕ, ਉਸਤਾਦ ਦਾਮਨ ਇੱਥੇ ਰਹਿੰਦੇ ਸਨ ਅਤੇ ਲੋਕਾਂ ਦੀਆਂ ਸਥਿਤੀਆਂ ਦੀ ਨਬਜ਼ @ਤੇ ਆਪਣਾ ਹੱਥ ਰੱਖ ਕੇ ਸਰਕਾਰ ਦੀਆਂ ਬੁਰਾਈਆਂ ਦੀ ਪਛਾਣ ਕਰਦੇ ਸਨ। ਉਸਤਾਦ ਦਾਮਨ ਦੀਆਂ ਸਾਰੀਆਂ ਕਵਿਤਾਵਾਂ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਦਾ ਪ੍ਰਤੀਕ ਬਣ ਗਈਆਂ ਹਨ। ਉਸਤਾਦ ਦਾਮਨ ਨੇ ਖੁੱਲ੍ਹੀਆਂ ਅੱਖਾਂ ਨਾਲ ਜੀਵਨ ਅਤੇ ਸਮਾਜ ਦਾ ਅਧਿਐਨ ਕੀਤਾ। ਉਨ੍ਹਾਂ ਦੇ ਅਨੁਭਵਾਂ ਦਾ ਖੇਤਰ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਆਮ ਅਨੁਭਵਾਂ ਨੂੰ ਸੰਪੂਰਨ ਖੁਸ਼ੀ ਅਤੇ ਮੌਲਿਕਤਾ ਨਾਲ ਬਿਆਨ ਕੀਤਾ, ਬੁੱਧੀ ਦੇ ਮੋਤੀ ਖਿਲਾਰੇ। ਇੱਕ ਸੱਚਾ ਕਵੀ ਅਤੇ ਲੇਖਕ ਹਰ ਯੁੱਗ ਵਿੱਚ ਆਪਣੀ ਜ਼ਮੀਰ ਦੀ ਆਵਾਜ਼ ਦਾ ਜਵਾਬ ਦਿੰਦਾ ਹੈ ਅਤੇ ਅੰਤ ਦੇ ਖ਼ਤਰੇ ਤੋਂ ਨਿਡਰ ਰਹਿੰਦਾ ਹੈ। ਉਸਤਾਦ ਦਾਮਨ ਦੇ ਅਨੁਸਾਰ, ਇੱਕ ਮਹਾਨ ਲੇਖਕ ਲਈ ਹਰ ਕਿਸਮ ਦੀ ਗੁਲਾਮੀ ਦੇ ਵਿਰੁੱਧ ਵਿਰੋਧ ਦੀ ਆਵਾਜ਼ ਬੁਲੰਦ ਕਰਨਾ ਜ਼ਰੂਰੀ ਹੈ। ਜਿਵੇਂ-ਜਿਵੇਂ ਉਸਤਾਦ ਦਾਮਨ ਦੀ ਚੇਤਨਾ ਪਰਿਪੱਕ ਹੁੰਦੀ ਗਈ, ਉਨ੍ਹਾਂ ਦਾ ਮਨ ਦੁਨੀਆ, ਸਮਾਜ ਅਤੇ ਬ੍ਰਹਿਮੰਡ ਦੀਆਂ ਸਮੱਸਿਆਵਾਂ ਵੱਲ ਯਾਤਰਾ ਕਰਦਾ ਗਿਆ। ਉਹ ਦੱਬੇ-ਕੁਚਲੇ ਗਰੀਬਾਂ ਦੁਆਰਾ ਅਨੁਭਵ ਕੀਤੀਆਂ ਜਾ ਰਹੀਆਂ ਸਥਿਤੀਆਂ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ:

ਇੱਕ ਇਨਕਲਾਬ ਜ਼ਰੂਰ ਆਵੇਗਾ।
ਇੱਕ ਇਨਕਲਾਬ ਜ਼ਰੂਰ ਆਵੇਗਾ।
ਆਓ ਹੱਥ ਫੜੀਏ।
ਪਰਾਨ ਨੱਲ ਮਾਟਨ ਵਾਲਵ
ਓਹ, ਦੋ ਹੱਥ।
ਅੱਜ ਦੌਲਤ ਇਕੱਠੀ ਕੀਤੀ ਜਾ ਰਹੀ ਹੈ।
ਓਹ, ਪੱਟੀਆਂ ਢਿੱਲੀਆਂ ਲਟਕ ਰਹੀਆਂ ਹਨ।
ਕਤਾਰ ਜੋੜ ਮੁੱਲ
ਇਸਨੂੰ ਝੌਂਪੜੀਆਂ ਵਿੱਚ ਕਰੋ।
ਗਰੀਬਾਂ ਦੀ ਰੋਸ਼ਨੀ ਗੁੰਮ ਹੋ ਗਈ ਹੈ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।
ਤੁਸੀਂ ਹੀ ਇਹ ਲਿਖਿਆ ਹੈ।
ਜੋ ਲਿਖਣਾ ਅਤੇ ਲਿਖਣਾ ਚਾਹੁੰਦੇ ਹਨ।
ਸਾਡੇ ਕਾਨੂੰਨਾਂ ਦੇ ਹੱਥਾਂ ਵਿੱਚ
ਪਰ ਜਿਹੜੇ ਮੁਰਦਿਆਂ ਨੂੰ ਦੇਖਣਾ ਚਾਹੁੰਦੇ ਹਨ
ਖਜੂਰ ਦੇ ਰੁੱਖ ਦੀਆਂ ਹੱਡੀਆਂ
ਜੋ ਸਿੱਖਣਾ ਚਾਹੁੰਦੇ ਹਨ
ਕੰਨਾਂ ਤੋਂ ਪੀਲਾਪਣ
ਤੁਰ੍ਹੀਆਂ ਵਜਾਉਣ ਲੱਗ ਪਈਆਂ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।
ਇੱਥੇ ਜ਼ਰੂਰ ਇੱਕ ਕ੍ਰਾਂਤੀ ਆਵੇਗੀ।

ਉਸਤਾਦ ਦਾਮਨ, ਇੱਕ ਹੁਨਰਮੰਦ ਕਾਰੀਗਰ, ਜਿਸਨੇ ਇੱਕ ਦਰਜਨ ਰੋਜ਼ੀ-ਰੋਟੀ ਕਮਾ ਕੇ ਰੋਜ਼ੀ-ਰੋਟੀ ਕਮਾਈ, ਨੇ ਜਰਮਨ ਕੰਪਨੀ ਜੌਨ ਵਿਲੀਅਮ ਟੇਲਰ ਤੋਂ ਟੇਲਰਿੰਗ ਵਿੱਚ ਡਿਪਲੋਮਾ ਪ੍ਰਾਪਤ ਕਰਨ ਤੋਂ ਬਾਅਦ, ਲਾਹੌਰ ਦੇ ਬਾਗਬਾਨਪੁਰਾ ਵਿੱਚ ਦਮਨ ਟੇਲਰਿੰਗ ਹਾਊਸ ਨਾਮ ਦੀ ਆਪਣੀ ਦੁਕਾਨ ਖੋਲ੍ਹੀ। ਇਹ ਟੇਲਰਿੰਗ ਹਾਊਸ ਉਸਤਾਦ ਦਾਮਨ ਦੀਆਂ ਭੌਤਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਸੀ, ਪਰ ਆਤਮਿਕ ਖੁਸ਼ੀ ਸਿਰਫ਼ ਕਵਿਤਾ ਰਾਹੀਂ ਹੀ ਪ੍ਰਾਪਤ ਹੁੰਦੀ ਸੀ, ਅਤੇ ਜਲਦੀ ਹੀ ਉਸਤਾਦ ਦਾਮਨ ਦਾ ਟੇਲਰਿੰਗ ਹਾਊਸ ਕਵਿਤਾ ਦੇ ਸ਼ੌਕੀਨ ਲੋਕਾਂ ਲਈ ਇੱਕ ਸਿੱਖਿਆ ਕੇਂਦਰ ਵਿੱਚ ਬਦਲ ਗਿਆ। ਉਸਤਾਦ ਦਾਮਨ ਦਾ ਕਲਮੀ ਨਾਮ, ਫੈਜ਼ ਅਹਿਮਦ ਫੈਜ਼, ਕਹਿੰਦਾ ਹੈ ਕਿ ਮੈਂ ਪੰਜਾਬੀ ਕਵਿਤਾ ਨਹੀਂ ਲਿਖਦਾ ਕਿਉਂਕਿ ਸ਼ਾਹ ਹੁਸੈਨ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਤੋਂ ਬਾਅਦ ਪੰਜਾਬੀ ਵਿੱਚ ਉਸਤਾਦ ਦਾਮਨ ਵਰਗੇ ਕਵੀ ਹਨ। ਇਸ ਤੋਂ ਇਲਾਵਾ, ਫੈਜ਼ ਸਾਹਿਬ ਨੇ ਉਸਤਾਦ ਦਾਮਨ ਨੂੰ ਪੰਜਾਬੀ ਕਵਿਤਾ ਦਾ ਹਬੀਬ ਜਾਲਿਬ ਵੀ ਕਿਹਾ। ਪਾਕਿਸਤਾਨ ਦੀ ਸਥਾਪਨਾ ਦੇ ਸਮੇਂ, ਜਦੋਂ ਸ਼ਰਾਰਤੀ ਅਨਸਰਾਂ ਨੇ ਉਸਤਾਦ ਦਾਮਨ ਦੀ ਦੁਕਾਨ, ਲਾਇਬ੍ਰੇਰੀ ਅਤੇ ਕਿਤਾਬਾਂ, ਜਿਸ ਵਿੱਚ ਉਨ੍ਹਾਂ ਦੀਆਂ ਨਿੱਜੀ ਲਿਖਤਾਂ ਅਤੇ ਹੀਰ ਦੀ ਹੱਥ-ਲਿਖਤ ਸ਼ਾਮਲ ਸੀ, ਨੂੰ ਅੱਗ ਲਗਾ ਦਿੱਤੀ, ਜੋ ਸੜ ਕੇ ਸੁਆਹ ਹੋ ਗਈਆਂ, ਤਾਂ ਉਸਨੇ ਕਾਗਜ਼ ਦੇ ਟੁਕੜਿਆਂ @ਤੇ ਲਿਖਣ ਦੀ ਬਜਾਏ ਆਪਣੇ ਲਿਖਣ ਦੇ ਯਤਨਾਂ ਨੂੰ ਜਨਤਾ ਨੂੰ ਸੌਂਪਣਾ ਸ਼ੁਰੂ ਕਰ ਦਿੱਤਾ।

ਸਟੇਜ ਤੇ ਆਓ, ਸਿਕੰਦਰ ਹੋਈ।
ਸਟੇਜਾਂ ਕਲੰਦਰ ਬਣ ਗਈਆਂ ਹਨ।
ਉਲਝੇ ਹੋਏ ਦਮਨ ਦੀ ਸਰਕਾਰ ਕੌਣ ਹੈ ?
ਬਸ ਇੰਝ ਹੀ, ਅੰਦਰੋਂ ਵੀ ਇਹੀ ਹੋਇਆ।

ਉਸਤਾਦ ਦਾਮਨ, ਜਿਨ੍ਹਾਂ ਨੂੰ ਅਯੂਬੀ ਭੁੱਟੋ ਅਤੇ ਜ਼ਿਆ ਦੇ ਸ਼ਾਸਨ ਦੌਰਾਨ ਕੈਦ ਕੀਤਾ ਗਿਆ ਸੀ, ਨੇ ਭੁੱਟੋ ਯੁੱਗ ਦੌਰਾਨ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾਤਮਕ ਕਵਿਤਾਵਾਂ ਵੀ ਲਿਖੀਆਂ। ਜਦੋਂ ਭੁੱਟੋ, ਜੋ ਭਾਰਤ ਨਾਲ ਸੌ ਸਾਲ ਦੀ ਜੰਗ ਬਾਰੇ ਗੱਲ ਕਰ ਰਹੇ ਸਨ, ਇੰਦਰਾ ਗਾਂਧੀ ਨੂੰ ਮਿਲਣ ਲਈ ਸ਼ਿਮਲਾ ਗਏ, ਤਾਂ ਉਸਤਾਦ ਦਾਮਨ ਨੇ ਭੁੱਟੋ ਨੂੰ ਸੰਬੋਧਨ ਕਰਦਿਆਂ ਇਹ ਕਵਿਤਾ ਲਿਖੀ।

ਓਹ, ਇਹ ਹੋਣ ਵਾਲਾ ਹੈ, ਓਹ, ਇਹ ਹੋਣ ਵਾਲਾ ਹੈ।
ਚੀਨ ਕਿੱਥੇ ਜਾਣਾ ਹੈ, ਰੂਸ ਕਿੱਥੇ ਜਾਣਾ ਹੈ ?
ਸ਼ਿਮਲਾ ਕਿੱਥੇ ਜਾਣਾ ਹੈ, ਮਾਰੂਤੀ ਕਿੱਥੇ ਜਾਣਾ ਹੈ ?
ਤੁਸੀਂ ਜਿੱਥੇ ਵੀ ਜਾਓਗੇ, ਜਲੂਸ ਵਿੱਚ ਜਾਓਗੇ।
ਵਹਿ ਜਾਣਾ, ਵਹਿ ਜਾਣਾ
ਆਓ, ਚੱਲੀਏ, ਓਏ।
ਓਹ, ਇਹ ਹੋਣ ਵਾਲਾ ਹੈ, ਓਹ, ਇਹ ਹੋਣ ਵਾਲਾ ਹੈ।

ਜਦੋਂ ਇਹ ਕਵਿਤਾ ਬਹੁਤ ਮਸ਼ਹੂਰ ਹੋਈ, ਤਾਂ ਉਸਤਾਦ ਦਾਮਨ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਫੈਜ਼ ਸਾਹਿਬ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਕੋਈ ਉਸਤਾਦ ਦਾਮਨ ਨੂੰ ਜੇਲ੍ਹ ਵਿੱਚ ਸੁੱਟ ਸਕਦਾ ਹੈ। ਉਸਤਾਦ ਦਾਮਨ ਵਿਰੁੱਧ ਝੂਠੇ ਦੋਸ਼ ਵਿੱਚ ਕੇਸ ਦਾਇਰ ਕੀਤਾ ਗਿਆ ਕਿ ਉਨ੍ਹਾਂ ਦੇ ਕਬਜ਼ੇ ਵਿੱਚੋਂ ਰਿਵਾਲਵਰ ਬੰਬ ਬਰਾਮਦ ਹੋਏ ਹਨ। ਜਦੋਂ ਮੈਜਿਸਟਰੇਟ ਨੇ ਉਨ੍ਹਾਂ ਨੂੰ ਇਹ ਦੱਸਿਆ, ਤਾਂ ਉਨ੍ਹਾਂ ਕਿਹਾ ਕਿ ਮੇਰੀ ਕੋਠੜੀ ਦਾ ਦਰਵਾਜ਼ਾ ਛੋਟਾ ਸੀ, ਨਹੀਂ ਤਾਂ ਟੈਂਕ ਉੱਥੋਂ ਨਿਕਲਣੇ ਚਾਹੀਦੇ ਸਨ, ਜਿਸ @ਤੇ ਉਸਤਾਦ ਦਾਮਨ ਨੇ ਇਹ ਕਵਿਤਾ ਲਿਖੀ:

ਚੌਕੀ ਪੁਲਿਸ ਸਟੇਸ਼ਨ ਹਿਰਾਸਤ ਅਦਾਲਤਾਂ ਨਹੀਂ ਹਨ।
ਮੈਂ ਡੌਗਹਾਊਸ ਜਾ ਰਿਹਾ ਸੀ ਅਤੇ ਥੋੜ੍ਹਾ ਜਿਹਾ ਲੈ ਕੇ ਬਾਹਰ ਆਇਆ ਹਾਂ।
ਕੋਈ ਬਾਹਰ ਖੇਤ ਵਿੱਚ ਜਾ ਸਕਦਾ ਹੈ।
ਉਸਨੇ ਆਪਣੀ ਛਾਤੀ @ਤੇ ਮੁੱਕਾ ਮਾਰਿਆ ਅਤੇ ਜ਼ੋਰ ਨਾਲ ਬਾਹਰ ਆ ਗਿਆ।
ਇਹ ਪਤਾ ਚਲਿਆ ਕਿ ਕੋਈ ਵੀ ਮੈਨੂੰ ਦਬਾ ਨਹੀਂ ਸਕਦਾ।
ਕਿਸੇ ਨੇ ਮੇਰੇ ਪੈਰ ਫੜ ਲਏ ਅਤੇ ਮੈਨੂੰ ਸਾਹ ਰੋਕ ਦਿੱਤਾ।
ਅਤੇ ਕਵੀ ਦਾ ਹੱਥ ਉਸਦੇ ਕਬਜ਼ੇ ਵਿੱਚ ਦਿਖਾਈ ਦੇ ਰਿਹਾ ਸੀ।
ਦੋ ਰਿਵਾਲਵਰ ਅਤੇ ਇੱਕ ਗ੍ਰਨੇਡ ਮਿਲਿਆ ਹੈ।

ਉਸਤਾਦ ਦਾਮਨ ਦੀ ਮਸ਼ਹੂਰ ਕਿਤਾਬ ÷ਦਾਮਨ ਦੇ ਮੋਤੀ÷ ਉਨ੍ਹਾਂ ਦੀ ਸੰਪੂਰਨ ਕਵਿਤਾ ਦਾ ਇੱਕ ਮਨਮੋਹਕ ਸੰਗ੍ਰਹਿ ਹੈ, ਜੋ ਉਨ੍ਹਾਂ ਦੇ ਸਮੇਂ ਦੀਆਂ ਘਟਨਾਵਾਂ ਅਤੇ ਸਥਿਤੀਆਂ ਦਾ ਸੱਚਾ ਸ਼ੀਸ਼ਾ ਹੈ। ਉਸਤਾਦ ਦਾਮਨ ਫੈਜ਼ ਅਤੇ ਜਾਲਿਬ ਦੇ ਪ੍ਰਸ਼ੰਸਕਾਂ ਵਿੱਚੋਂ ਇੱਕ ਸਨ। 80 ਦੇ ਦਹਾਕੇ ਵਿੱਚ, ਜਦੋਂ ਉਨ੍ਹਾਂ ਦੇ ਪੁੱਤਰ, ਫਿਲਮ ਸਟਾਰ ਅਲਾਉਦੀਨ ਦਾ ਦੇਹਾਂਤ ਹੋਇਆ, ਤਾਂ ਇੰਝ ਲੱਗਿਆ ਜਿਵੇਂ ਉਸਤਾਦ ਦਾਮਨ ਦੀ ਆਤਮਾ ਉੱਡ ਗਈ ਹੋਵੇ। ਕਦੇ ਬਿਸਤਰੇ @ਤੇ, ਕਦੇ ਹਸਪਤਾਲ ਵਿੱਚ, ਕਦੇ ਘਰ ਵਿੱਚ। ਕਮਜ਼ੋਰ ਸਿਹਤ ਦੇ ਇਨ੍ਹਾਂ ਦਿਨਾਂ ਦੌਰਾਨ, ਫੈਜ਼ ਅਹਿਮਦ ਫੈਜ਼ ਸਾਹਿਬ ਦਾ ਵੀ ਦੇਹਾਂਤ ਹੋ ਗਿਆ। ਉਸਤਾਦ ਦਾਮਨ ਦੇ ਪ੍ਰਸ਼ੰਸਕਾਂ ਦੇ ਇਤਰਾਜ਼ਾਂ ਦੇ ਬਾਵਜੂਦ, ਉਹ ਆਪਣੇ ਕਲਮ ਸਾਥੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ, ਜਿੱਥੇ ਲੋਕਾਂ ਨੇ ਪਹਿਲੀ ਵਾਰ ਉਸਤਾਦ ਦਾਮਨ ਨੂੰ ਉੱਚੀ-ਉੱਚੀ ਰੋਂਦੇ ਦੇਖਿਆ। ਇੰਝ ਜਾਪਦਾ ਸੀ ਜਿਵੇਂ ਭਾਰਤ ਦੀ ਵੰਡ ਤੋਂ ਲੈ ਕੇ ਅੱਜ ਤੱਕ ਹੋਏ ਸਾਰੇ ਵਿਨਾਸ਼ ਦਾ ਦਰਦ ਉਨ੍ਹਾਂ ਤੱਕ ਫੈਜ਼ ਸਾਹਿਬ ਦੇ ਜਾਣ ਤੋਂ ਬਾਅਦ ਹੀ ਪਹੁੰਚਿਆ ਹੋਵੇ। 20 ਨਵੰਬਰ, 1984 ਨੂੰ ਫੈਜ਼ ਸਾਹਿਬ ਦਾ ਦੇਹਾਂਤ ਹੋ ਗਿਆ ਅਤੇ ਉਸੇ ਸ਼ਾਮ, ਉਸਤਾਦ ਦਾਮਨ ਦੀ ਹਿੰਮਤ ਨੇ ਵੀ ਅਜਿਹਾ ਹੁੰਗਾਰਾ ਦਿੱਤਾ ਕਿ ਸਿਰਫ਼ ਤੇਰਾਂ ਦਿਨਾਂ ਬਾਅਦ, ਸੋਮਵਾਰ, 3 ਦਸੰਬਰ, 1984 ਨੂੰ, ਉਨ੍ਹਾਂ ਦੀ ਆਤਮਾ ਵੀ ਫੈਜ਼ ਸਾਹਿਬ ਦੇ ਪਿੱਛੇ ਸਵਰਗੀ ਯਾਤਰਾ ਲਈ ਰਵਾਨਾ ਹੋ ਗਈ। ਉਸਤਾਦ ਦਾਮਨ ਦੀ ਵਸੀਅਤ ਅਨੁਸਾਰ, ਉਨ੍ਹਾਂ ਨੂੰ ਮਧੂ ਲਾਲ ਹੁਸੈਨ ਦੇ ਮੇਨ ਗੇਟ ਕਬਰਿਸਤਾਨ, ਲਾਹੌਰ ਵਿੱਚ ਸ਼ਾਹ ਹੁਸੈਨ ਦੀ ਕਬਰ ਦੇ ਪਰਛਾਵੇਂ ਵਿੱਚ ਦਫ਼ਨਾਇਆ ਗਿਆ।

ਦੁਨੀਆਂ ਦੇ ਅੰਦਰ ਇੱਕ ਝਾਤ ਮਾਰੋ।
ਅਤੇ ਜ਼ਿੰਦਗੀ ਕਿਤਾਬ ਦੇ ਪੰਨਿਆਂ ਵਿੱਚ ਉਭਰ ਆਈ।
ਮੈਨੂੰ ਕੋਈ ਸਾਥੀ ਨਹੀਂ ਮਿਲਿਆ।
ਮੈਂ ਕਫ਼ਨ ਖੋਲ੍ਹਿਆ ਅਤੇ ਚਲਾ ਗਿਆ।




# ਟਰੰਪ ਦੀ ਟੈਰਿਫ ਬੇਲੋੜੀ ਕੂਟਨੀਤੀ ਦੇ ਨਤੀਜੇ ਭਾਰਤ ਸਮੇਤ ਅਮਰੀਕੀ ਖਪਤਕਾਰਾਂ ਨੂੰ ਵੀ ਭੁਗਤਣੇ ਪੈਣਗੇ

ਸੁਰਜੀਤ ਸਿੰਘ ਫਲੋਰਾ
647-829-9397

13 ਫਰਵਰੀ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਆਰਥਿਕ ਟੀਮ ਨੂੰ ਉਨ੍ਹਾਂ ਸਾਰੇ ਦੇਸ਼ਾਂ 'ਤੇ ਪਰਸਪਰ ਟੈਰਿਫ ਲਾਗੂ ਕਰਨ ਲਈ ਰਣਨੀਤੀਆਂ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਜੋ ਅਮਰੀਕੀ ਆਯਾਤ 'ਤੇ ਟੈਕਸ ਲਗਾਉਂਦੇ ਹਨ। ਜੇਕਰ ਇਹ ਰਣਨੀਤੀ ਲਾਗੂ ਕੀਤੀ ਜਾਂਦੀ ਹੈ ਤਾਂ ਇਸ ਦੇ ਨਤੀਜੇ ਵਜੋਂ ਕਈ ਵਪਾਰਕ ਵਿਵਾਦ ਖੜ੍ਹੇ ਹੋ ਸਕਦੇ ਹਨ ਅਤੇ ਕਾਫ਼ੀ ਵਿਸ਼ਵਵਿਆਪੀ ਅਸਥਿਰਤਾ ਪੈਦਾ ਹੋ ਸਕਦੀ ਹੈ।

ਵਪਾਰ ਦੇ ਸੰਬੰਧ ਵਿੱਚ, ਮੈਂ ਇਹ ਨਿਰਧਾਰਤ ਕੀਤਾ ਹੈ ਕਿ ਨਿਰਪੱਖਤਾ ਦੇ ਹਿਤ ਵਿੱਚ ਮੈਂ ਇੱਕ ਪਰਸਪਰ ਟੈਰਿਫ ਲਾਗੂ ਕਰਾਂਗਾ, ਜਿਸਦਾ ਅਰਥ ਹੈ ਕਿ ਦੂਜੇ ਦੇਸ਼ ਸੰਯੁਕਤ ਰਾਜ ਅਮਰੀਕਾ 'ਤੇ ਜੋ ਵੀ ਟੈਰਿਫ ਲਗਾਉਂਦੇ ਹਨ, ਅਸੀਂ ਉਨ੍ਹਾਂ 'ਤੇ ਵੀ ਉਹੀ ਟੈਰਿਫ ਲਗਾਵਾਂਗੇ। ਘੱਟ ਨਹੀਂ! ਵੱਧ ਨਹੀਂ!! ਉਸ ਨੇ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ, ਅੱਖ ਦੇ ਬਦਲੇ ਅੱਖ, ਟੈਰਿਫ ਦੇ ਬਦਲੇ ਟੈਰਿਫ, ਉਹੀ ਰਕਮ। ਉਦਾਹਰਨ ਵਜੋਂ ਜੇਕਰ ਭਾਰਤ ਅਮਰੀਕੀ ਵਾਹਨਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਂਦਾ ਹੈ, ਤਾਂ ਵਾਸ਼ਿੰਗਟਨ ਭਾਰਤ ਤੋਂ ਆਟੋਜ਼ ਦੇ ਆਯਾਤ 'ਤੇ ਵੀ 25 ਪ੍ਰਤੀਸ਼ਤ ਟੈਰਿਫ ਲਗਾਏਗਾ। ਇਹ ਟਰੰਪ ਨੇ ਆਪਣੇ ਰਾਸਟਪਤੀ ਦੇ ਦਫਤਰ ਤੋਂ ਬੈਠੇ ਨੇ ਐਲਾਨ ਕੀਤਾ ਸੀ। ਘੋਸ਼ਣਾ ਦੌਰਾਨ ਉਸਦੀ ਸਰੀਰਕ ਭਾਸ਼ਾ ਨੇ ਸੰਕੇਤ ਦਿੱਤਾ ਕਿ ਉਹ ਗੱਲਬਾਤ ਵਿੱਚ ਟੈਰਿਫ ਨੂੰ ਇੱਕ ਜ਼ਰੂਰੀ ਸਾਧਨ ਵਜੋਂ ਸਮਝਦਾ ਹੈ, ਖਾਸ ਕਰਕੇ ਇੱਕ ਅਜਿਹੇ ਯੁਗ ਵਿੱਚ ਜਿੱਥੇ ਬਹੁਪੱਖੀਵਾਦ ਪ੍ਰਮੁੱਖਤਾ ਪ੍ਰਾਪਤ ਕਰ ਰਿਹਾ ਹੈ।

ਟਰੰਪ ਦੇ ਪਰਸਪਰ ਟੈਰਿਫ ਦਾ ਪ੍ਰਭਾਵ ਭਾਰਤ 'ਤੇ ਵੀ ਦੇਖਿਆ ਜਾਵੇਗਾ। ਭਾਰਤ ਦੇ ਘਰੇਲੂ ਉਦਯੋਗ ਲਈ ਇਸਦਾ ਸਾਹਮਣਾ ਕਰਨਾ ਬਹੁਤ ਚੁਣੌਤੀਪੂਰਨ ਹੋਵੇਗਾ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਟੈਰਿਫ ਦਰਾਂ ਬਹੁਤ ਜ਼ਿਆਦਾ ਹਨ ਅਤੇ ਇਸ ਲਈ ਇਹ ਪਰਸਪਰ ਟੈਰਿਫ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਅਮਰੀਕਾ ਦੀ ਨਵੀਂ ਟੈਕਸ ਨੀਤੀ ਭਾਰਤ ਦੇ ਆਟੋਮੋਬਾਈਲ, ਟੈਕਸਟਾਈਲ ਅਤੇ ਹੋਰ ਉਦਯੋਗਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇਕਰ ਭਾਰਤ ਟੈਰਿਫ ਦਰਾਂ ਘਟਾਉਂਦਾ ਹੈ ਤਾਂ ਇਸਦਾ ਸਿੱਧਾ ਅਸਰ ਇਸਦੇ ਮਾਲੀਏ 'ਤੇ ਪਵੇਗਾ, ਜੋ ਕਿ ਭਾਰਤ ਦੇ ਘਰੇਲੂ ਉਦਯੋਗ ਲਈ ਬਹੁਤ ਚੁਣੌਤੀਪੂਰਨ ਸਥਿਤੀ ਹੋਵੇਗੀ।

ਹਾਲਾਂਕਿ ਟਰੰਪ ਇਨ੍ਹਾਂ ਟੈਰਿਫਾਂ ਨੂੰ ਦੋਸਤਾਂ ਅਤੇ ਦੁਸ਼ਮਣਾਂ ਦੋਵਾਂ ਨਾਲ 'ਨਿਰਪੱਖ' ਵਪਾਰ ਸਥਾਪਤ ਕਰਨ ਦੇ ਸਾਧਨ ਵਜੋਂ ਪੇਸ਼ ਕਰਦਾ ਹੈ ਪਰ ਸਚਾਈ ਇਹ ਹੈ ਕਿ ਇਹ ਵਿਸ਼ਵਵਿਆਪੀ ਖਪਤਕਾਰਾਂ ਦੇ ਹਿਤਾਂ ਦੀ ਪੂਰਤੀ ਨਹੀਂ ਕਰਦੇ, ਅਮਰੀਕੀ ਖਪਤਕਾਰਾਂ ਨੂੰ ਵੀ ਇਸਦੇ ਨਤੀਜੇ ਭੁਗਤਣੇ ਪੈਣਗੇ। ਪਿਛਲੇ ਸੋਮਵਾਰ ਨੂੰ ਟਰੰਪ ਨੇ ਐਲਾਨ ਕੀਤਾ ਸੀ ਕਿ ਸਟੀਲ ਅਤੇ ਅਲਮੀਨੀਅਮ ਦੇ ਆਯਾਤ, ਭਾਵੇਂ ਉਨ੍ਹਾਂ ਦਾ ਮੂਲ ਦੇਸ਼ ਕੋਈ ਵੀ ਹੋਵੇ, 12 ਮਾਰਚ ਤੋਂ 25 ਪ੍ਰਤੀਸ਼ਤ ਟੈਰਿਫ ਲੱਗੇਗਾ। ਅਮਰੀਕਾ ਨੂੰ ਇਨ੍ਹਾਂ ਧਾਤਾਂ ਦਾ ਨਿਰਯਾਤ ਕਰਨ ਵਾਲੇ ਦੇਸ਼ਾਂ ਨੂੰ ਟੈਰਿਫ ਲਾਗੂ ਕਰਨ ਤੋਂ ਪਹਿਲਾਂ ਟਰੰਪ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ।

9 ਫਰਵਰੀ ਨੂੰ ਛਪੀ ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ ਟਰੰਪ ਦੇ 20 ਜਨਵਰੀ ਨੂੰ ਸੱਤਾ ਵਿੱਚ ਵਾਪਸ ਆਉਣ ਅਤੇ ਮੈਕਸੀਕੋ, ਕੈਨੇਡਾ ਅਤੇ ਚੀਨ 'ਤੇ ਟੈਰਿਫ ਲਾਗੂ ਕਰਨ ਤੋਂ ਬਾਅਦ ਅਮਰੀਕੀ ਡਾਲਰ ਨੇ ਹੋਰ ਮੁਦਰਾਵਾਂ ਦੇ ਮੁਕਾਬਲੇ ਕੀਮਤ ਵਿੱਚ ਗਿਰਾਵਟ ਦਾ ਅਨੁਭਵ ਕੀਤਾ ਹੈ, ਜੋ ਦਰਸਾਉਂਦਾ ਹੈ ਕਿ ਟੈਰਿਫ ਇੱਕ ਵਿਹਾਰਕ ਆਰਥਿਕ ਰਣਨੀਤੀ ਵਜੋਂ ਕੰਮ ਨਹੀਂ ਕਰ ਸਕਦੇ। ਟੈਰਿਫ ਅਤੇ ਕੋਟੇ ਨੂੰ ਲਾਗੂ ਕਰਨ ਨਾਲ ਕਿਸੇ ਵੀ ਧਿਰ ਲਈ ਬਹੁਤ ਘੱਟ ਲਾਭ ਮਿਲਦਾ ਹੈ। ਇਹ ਦਿਸ ਰਿਹਾ ਹੈ ਕਿ ਦੋਵੇਂ ਦੇਸ਼ ਨਕਾਰਾਤਮਕ ਨਤੀਜੇ ਭੁਗਤਗੇ। ਵਪਾਰ ਯੁੱਧਾਂ ਦਾ ਚੱਲ ਰਿਹਾ ਵਾਧਾ ਮੌਜੂਦਾ ਨੁਕਸਾਨ ਨੂੰ ਵਧਾਵੇਗਾ। ਸਮਕਾਲੀ ਵਿਸ਼ਵ ਅਰਥਵਿਵਸਥਾ ਵਿੱਚ ਇੱਕ ਕੂਟਨੀਤਕ ਸਾਧਨ ਵਜੋਂ ਜ਼ਬਰਦਸਤੀ ਟੈਕਸਾਂ ਦੀ ਵਰਤੋਂ ਬੇਲੋੜੀ ਹੈ।

ਸਟੀਲ ਅਤੇ ਐਲੂਮੀਨੀਅਮ 'ਤੇ ਟੈਰਿਫ ਲਗਾਉਣ ਨਾਲ ਵਿਆਪਕ ਨਤੀਜੇ ਨਿਕਲਣਗੇ। ਸਪਲਾਈ ਚੇਨ ਨੂੰ ਬਿਨਾਂ ਸ਼ੱਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਆਟੋ ਉਦਯੋਗ ਲਈ ਮੰਦੇ ਨਤੀਜੇ ਸਾਹਮਣੇ ਆਉਣਗੇ, ਜਿਸ ਨਾਲ ਵਾਹਨਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਕੀਮਤਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਦਾ ਅਸਰ ਨਾ ਸਿਰਫ਼ ਸੰਯੁਕਤ ਰਾਜ ਅਮਰੀਕਾ ਵਿੱਚ, ਸਗੋਂ ਕਈ ਹੋਰ ਦੇਸ਼ਾਂ ਵਿੱਚ ਵੀ ਖਪਤਕਾਰਾਂ 'ਤੇ ਪਵੇਗਾ। ਟੈਰਿਫ ਵਿਸ਼ਵ ਅਰਥਵਿਵਸਥਾ ਨੂੰ ਕਮਜ਼ੋਰ ਕਰਦੇ ਹਨ। ਇਹ ਸਾਰੀਆਂ ਧਿਰਾਂ ਲਈ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

ਹਾਲਾਂਕਿ ਇਨ੍ਹਾਂ ਟੈਰਿਫਾਂ ਨਾਲ ਟਰੰਪ ਦਾ ਉਦੇਸ਼ ਅਮਰੀਕਾ ਦੀ ਸਥਿਤੀ ਨੂੰ ਮਜ਼ਬੂਤ ਕਰਨਾ ਹੈ, ਪਰ ਵਿਸ਼ਵ ਅਰਥਵਿਵਸਥਾ ਗੁੰਝਲਦਾਰ ਢੰਗ ਨਾਲ ਜੁੜੀ ਹੋਈ ਹੈ। ਇਨ੍ਹਾਂ ਟੈਰਿਫਾਂ ਦੇ ਪ੍ਰਭਾਵ ਸੰਯੁਕਤ ਰਾਜ ਅਮਰੀਕਾ ਤੋਂ ਪਰੇ ਪਹੁੰਚਣਗੇ, ਅੰਤਰਰਾਸ਼ਟਰੀ ਸਹਿਯੋਗ ਵਿੱਚ ਮੋਹਰੀ ਵਜੋਂ ਇਸਦੀ ਸਾਖ ਨਾਲ ਸਮਝੌਤਾ ਕਰਨਗੇ। ਸੰਯੁਕਤ ਰਾਜ ਅਮਰੀਕਾ, ਜਿਸ ਨੂੰ ਇਤਿਹਾਸਕ ਤੌਰ 'ਤੇ ਵਿਸ਼ਵ ਭਲਾਈ ਦਾ ਚੈਂਪੀਅਨ ਮੰਨਿਆ ਜਾਂਦਾ ਹੈ, ਹੁਣ ਅਲੱਗ-ਥਲੱਗ ਕਰਨ ਵਾਲੀਆਂ ਰਣਨੀਤੀਆਂ ਅਪਣਾ ਰਿਹਾ ਹੈ, ਜੋ ਉਨ੍ਹਾਂ ਦੇਸ਼ਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਸਕਦਾ ਹੈ, ਜਿਨ੍ਹਾਂ ਨੂੰ ਉਹ ਵਿਰੋਧੀ ਸਮਝਦਾ ਹੈ। ਜਾਪਦਾ ਇਹ ਹੈ ਕਿ ਸਟੀਲ ਅਤੇ ਐਲੂਮੀਨੀਅਮ 'ਤੇ 25 ਪ੍ਰਤੀਸ਼ਤ ਟੈਰਿਫ ਮੁੱਖ ਤੌਰ 'ਤੇ ਵਾਸ਼ਿੰਗਟਨ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਹਿਯੋਗੀਆਂ, ਜਿਨ੍ਹਾਂ ਵਿੱਚ ਯੂਰਪੀਅਨ ਯੂਨੀਅਨ, ਕੈਨੇਡਾ, ਬ੍ਰਾਜ਼ੀਲ, ਮੈਕਸੀਕੋ ਅਤੇ ਦੱਖਣੀ ਕੋਰੀਆ ਸ਼ਾਮਲ ਹਨ, ਨੂੰ ਪ੍ਰਭਾਵਤ ਕਰ ਰਿਹਾ ਹੈ, ਜਦੋਂ ਕਿ ਅਸਲ ਉਦੇਸ਼ ਚੀਨ ਹੋ ਸਕਦਾ ਹੈ। ਜੋ ਵੀ ਹੈ, ਇਸ ਨਾਲ ਆ ਰਹੇ ਸਮੇਂ ਵਿੱਚ ਕੈਨੇਡਾ ਦੇ ਬਹੁਤ ਸਾਰੇ ਵਪਾਰ ਠੱਪ ਹੋ ਸਕਦੇ ਹਨ ਤੇ ਹਜ਼ਾਰਾਂ ਲੋਕ ਨੌਕਰੀਆਂ ਤੋਂ ਹੱਥ ਧੋ ਬੈਠਣਗੇ। ਉਦਾਹਰਨ ਵਜੋਂ, ਕੈਨੇਡਾ, ਸੰਯੁਕਤ ਰਾਜ ਅਮਰੀਕਾ ਨੂੰ ਐਲੂਮੀਨੀਅਮ ਆਯਾਤ ਦਾ ਲਗਭਗ 50 ਪ੍ਰਤੀਸ਼ਤ ਨਿਰਯਾਤ ਕਰਦਾ ਹੈ। ਕੈਨੇਡਾ ਦੀ ਨੁਮਾਇੰਦਗੀ ਕਰਦੇ ਹੋਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਮਰੀਕਾ ਅਤੇ ਕੈਨੇਡਾ ਵਿਚਕਾਰ ਡੂੰਘੇ ਆਰਥਿਕ ਸੰਬੰਧਾਂ ਨੂੰ ਉਜਾਗਰ ਕਰਦੇ ਹੋਏ ਕਿਹਾ, ਮਿਲ ਕੇ ਅਸੀਂ ਉੱਤਰੀ ਅਮਰੀਕਾ ਨੂੰ ਹੋਰ ਸਾਂਝੀਦਾਰ ਬਣਾ ਸਕਦੇ ਹਾਂ। ਪਰ ਇਸ ਸਭ ਦਾ ਟਰੰਪ ਦੇ ਕੋਈ ਅਸਰ ਹੁੰਦਾ ਨਹੀਂ ਦਿਖਾਈ ਦਿੰਦਾ ਕਿਉਂਕਿ ਉਹ ਆਪਣਾ ਮਨ ਬਣਾ ਚੁੱਕਾ ਹੈ।

ਸਟੀਲ ਉਤਪਾਦਨ ਵਿੱਚ ਚੀਨ ਦਾ ਮਹੱਤਵਪੂਰਨ ਹਿੱਸਾ ਜੋ ਕਿ ਵਿਸ਼ਵ ਉਤਪਾਦਨ ਦੇ ਪੰਜਾਹ ਪ੍ਰਤੀਸ਼ਤ ਤੋਂ ਵੱਧ ਦੀ ਪ੍ਰਤੀਨਿਧਤਾ ਕਰਦਾ ਹੈ, ਦੇਸ਼ ਨੂੰ ਉਦਯੋਗ ਵਿੱਚ ਇੱਕ ਮਹੱਤਵਪੂਰਨ ਭਾਗੀਦਾਰ ਵਜੋਂ ਸਥਾਪਿਤ ਕਰਦਾ ਹੈ। ਟਰੰਪ ਦੁਆਰਾ ਸਟੀਲ 'ਤੇ ਲਗਾਏ ਗਏ ਟੈਰਿਫ ਬੀਜਿੰਗ ਨੂੰ ਨਿਸ਼ਾਨਾ ਬਣਾਉਂਦੇ ਪ੍ਰਤੀਤ ਹੁੰਦੇ ਹਨ, ਕਿਉਂਕਿ ਚੀਨ ਦੀਆਂ ਕੀਮਤਾਂ ਦੀਆਂ ਰਣਨੀਤੀਆਂ ਅਮਰੀਕੀ ਨਿਰਮਾਤਾਵਾਂ ਨੂੰ ਕਮਜ਼ੋਰ ਕਰਦੀਆਂ ਹਨ। ਫਿਰ ਵੀ ਆਪਣੇ ਵਪਾਰਕ ਭਾਈਵਾਲਾਂ 'ਤੇ ਟੈਰਿਫਾਂ ਨੂੰ ਲਗਾਤਾਰ ਲਾਗੂ ਕਰਕੇ ਅਮਰੀਕਾ ਅਣਜਾਣੇ ਵਿੱਚ ਚੀਨ ਦੀ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ ਕਿਉਂਕਿ ਕੈਨੇਡਾ, ਦੱਖਣੀ ਕੋਰੀਆ, ਬ੍ਰਾਜ਼ੀਲ, ਮੈਕਸੀਕੋ ਅਤੇ ਵੀਅਤਨਾਮ ਵਰਗੇ ਦੇਸ਼ ਚੀਨ ਨਾਲ ਡੂੰਘੇ ਸੰਬੰਧ ਬਣਾ ਸਕਦੇ ਹਨ, ਜੋ ਅਲੱਗ-ਥਲੱਗ ਕਰਨ ਵਾਲੀਆਂ ਰਣਨੀਤੀਆਂ ਦੀ ਬਜਾਏ ਸਹਿਯੋਗ ਨੂੰ ਉਤਸ਼ਾਹਿਤ ਕਰਦੇ ਹਨ।

ਟਰੰਪ ਦਾਅਵਾ ਕਰਦਾ ਹੈ ਕਿ ਇਹ ਟੈਰਿਫ ਵਿਦੇਸ਼ੀ ਸੰਸਥਾਵਾਂ ਤੋਂ ਮਾਲੀਆ ਪੈਦਾ ਕਰਨਗੇ। ਇਹ ਦਾਅਵਾ ਧੋਖਾ ਦੇਣ ਵਾਲਾ ਹੈ। ਇਹ ਆਯਾਤ ਕਰਨ ਵਾਲੇ ਹਨ ਜੋ ਨਿਰਯਾਤਕਾਂ ਦੀ ਬਜਾਏ ਟੈਰਿਫਾਂ ਦੀ ਲਾਗਤ ਸਹਿਣ ਕਰਦੇ ਹਨ ਜਦੋਂ ਕਿ ਨਿਰਯਾਤਕ ਕੁਝ ਕੀਮਤ ਕਟੌਤੀਆਂ ਪ੍ਰਦਾਨ ਕਰ ਸਕਦੇ ਹਨ। ਸੰਯੁਕਤ ਰਾਜ ਅਮਰੀਕਾ ਨੇ ਮੋਹਰੀ ਗਲੋਬਲ ਖਰੀਦਦਾਰ ਵਜੋਂ ਆਪਣੀ ਸਥਿਤੀ ਨੂੰ ਘਟਾ ਦਿੱਤਾ ਹੈ, ਜਿਸ ਨਾਲ ਬੱਚਤ ਅਸੰਭਵ ਹੋ ਗਈ ਹੈ, ਖਾਸ ਕਰਕੇ ਸੰਭਾਵੀ ਬਾਜ਼ਾਰਾਂ ਦੀ ਮੌਜੂਦਗੀ ਵਿੱਚ। ਇਸ ਸਭ ਦੇ ਨਤੀਜੇ ਭਿਆਨਕ ਹੋ ਸਕਦੇ ਹਨ ਤੇ ਟਰੰਪ ਦੀ ਬੇਲੋੜੀ ਟੈਰਿਫ ਕੂਟਨੀਤੀ ਦੇ ਨਤੀਜੇ ਅਮਰੀਕੀ ਖਪਤਕਾਰਾਂ ਨੂੰ ਵੀ ਭੁਗਤਣੇ ਹੀ ਪੈਣਗੇ, ਜਿਨ੍ਹਾਂ ਨੂੰ ਟਰੰਪ ਹਾਲ ਦੀ ਘੜੀ ਨਜ਼ਰਅੰਦਾਜ਼ ਕਰ ਰਿਹਾ ਹੈ ਤੇ ਅੱਖਾਂ ਮੁੰਦ ਕੇ ਆਪਣੀਆਂ ਕੂਟਨੀਤਕ ਪਾਲਸੀਆਂ ਨੂੰ ਲਾਗੂ ਕਰਨ 'ਤੇ ਤੁਲਿਆ ਹੋਇਆ ਹੈ।



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025





# ਪ੍ਰੀਤ ਫੁਲਵਾੜੀ

## ਕਵਿਤਾ

1. ਉਹੀ ਰਸਤੇ
ਉਹੀ ਥਾਵਾਂ
ਹੁਣ ਵੀ ਹੈ
ਪਰ ਯਾਦ ਕਰਕੇ ਉਹ ਦਿਨ
ਆਪਣੇ ਦਿਲ ਨੂੰ ਕੀ ਕਹਾਂ.... ?
2. ਕਈ ਅਸਮਾਨ ਵਿੱਚ ਉੱਡਣਾ ਚਾਹੁੰਦੇ
ਕਈ ਸਭ ਦੇ ਮਨ ਨੂੰ ਭਾਉਂਦੇ
ਬਹੁਤ ਚੰਗੇ ਹੁੰਦੇ ਬੰਦੇ ਉਹ
ਜੋ ਹਰ ਵੇਲ਼ੇ ਰੱਬ ਦੇ ਗੁਣ ਗਾਉਂਦੇ ....
3. ਮਹਿਫ਼ਿਲਾਂ ਵਿੱਚ ਦੂਰੋਂ ਹੀ ਬੁਲਾਉਂਦੇ ਹੋ
ਓਪਰਾ - ਓਪਰਾ ਮੁਸਕੁਰਾਉਂਦੇ ਹੋ
ਪਤਾ ਨਹੀਂ ਕਿਹੜੀ ਗੱਲੋਂ
ਸਾਡੇ ਨਾਲ਼ ਦਿਲੋਂ ਵੈਰ ਪੁਗਾਉਂਦੇ ਹੋ....
4. ਹੱਸਣ ਦੇ ਦਿਨ ਸਨ ਸਾਡੇ
ਤੂੰ ਰੋਣ ਲਈ ਲਗਾ ਦਿੱਤਾ
ਅਸੀਂ ਤਾਂ ਸ਼ਾਂਤੀ ਚਾਹੁੰਦੇ ਸੀ
ਪਰ ਤੂੰ ਤਾਂ ਸਾਡਾ ਹੀ ਖ਼ੂਨ ਵਹਾ ਦਿੱਤਾ ....
5. ਜ਼ਰੂਰੀ ਨਹੀਂ
ਜ਼ਿੰਦਗੀ @ਚ ਸਭ ਕੁਝ ਮਿਲ ਜਾਵੇ
ਇਹ ਵੀ ਜ਼ਰੂਰੀ ਨਹੀਂ
ਕਿ ਸਭ ਨੂੰ ਸਭ ਕੁਝ ਭਾਵੇ....
6. ਆਇਆ ਸੀ ਕੋਲ਼ ਤੇਰੇ
ਤਾਂ ਤੂੰ ਬੁਲਾਇਆ ਨਾ ,
ਅਸੀਂ ਵੀ ਵਾਅਲ਼ੇ ਅਣਖੀ ਆਂ
ਮੁੜ ਕਦੇ ਤੇਰੇ ਨਾਲ਼ ਵਾਸਤਾ ਪਾਇਆ ਨਾ....
7. ਤੇਰੇ ਦਰ ਤੋਂ
ਅਸੀਂ ਖਾਲੀ ਹੱਥ ਹੀ ਮੁੜੇ ,
ਤੈਨੂੰ ਕੀ ਪਤਾ
ਕਿੰਨਾ ਅਸੀਂ ਜ਼ਿੰਦਗੀ @ਚ ਰੁੜ੍ਹੇ....
8. ਇਹ ਜ਼ਿੰਦਗੀ ਹੀ ਮੈਨੂੰ
ਜ਼ਿੰਦਗੀ ਤੋਂ ਦੂਰ ਕਰ ਗਈ ,
ਤੇਰੇ ਕੋਲੋਂ ਦੂਰ ਹੋਇਆ
ਤਾਂ ਮੈਨੂੰ ਮਸ਼ਹੂਰ ਕਰ ਗਈ....
9. ਹੰਕਾਰ ਤੇਰੇ ਨੇ ਤੈਨੂੰ ਮਾਰਿਆ
ਮੈਂ ਤਾਂ ਵਾਰ - ਵਾਰ ਝੁਕਦਾ ਰਿਹਾ ,
ਪਰ ਨਾ ਤੂੰ ਜਿੱਤਿਆ
ਤੇ ਨਾ ਹੀ ਮੈਂ ਹਾਰਿਆ....
10. ਸ਼ਾਂਤ ਪਾਣੀ ਜਿਹੀ ਜ਼ਿੰਦਗੀ ਸੀ
ਤੂੰ ਸਮੁੰਦਰ ਦੀ ਲਹਿਰ ਬਣਾ ਦਿੱਤੀ ,
ਬੜੀ ਸੌਖਾਲ਼ੀ ਜ਼ਿੰਦਗੀ ਸੀ
ਤੂੰ ਮੇਰੇ ਲਈ ਕਹਿਰ ਬਣਾ ਦਿੱਤੀ ....

**ਲੇਖਕ ਮਾਸਟਰ ਸੰਜੀਵ ਧਰਮਾਣੀ**
9478561356

## ਕਵਿਤਾ

ਨਹਿਰਾਂ ਵਿੱਚ ਪਾਣੀ -1
ਨਹਿਰਾਂ ਵਿੱਚ ਪਾਣੀ ਕੋਈ ਨਾ,
ਕਿੱਦਾਂ ਮਨਾਈਏ ਖ਼ੁਸ਼ੀ ਅਸੀਂ,
ਰੱਬਾ ਸਾਡਾ ਹਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਛੱਡ ਮੈਨੂੰ ਨੈਣ ਜੋਤੀ ਨੇ,
ਕਰੀਂ ਗੱਲ ਸਿਆਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਤੋੜ੍ਹਿਆ ਦਿਲ ਜਿਸਨੇ ਮੇਰਾ,
ਉਹ ਤਾਂ ਹਾਲੇ ਨਿਆਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਇਲਜ਼ਾਮ ਲਾਉਣ ਵੇਲੇ ਨੈਣ ਜੋਤੀ ਨੇ,
ਸਾਰੀ ਸੱਚਾਈ ਜਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਮਰ ਗਏ ਬਦਨਾਮੀ ਖੱਟ ਜਿਸ ਪਿੱਛੇ,
ਉਸ ਨਾਲ ਖ਼ੁਸ਼ੀ ਮਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਹਾਰੀ ਸਾਰੀ ਬਾਜ਼ੀ ਜਦੋਂ ਦੀ,
ਲੱਗੇ ਚੰਗੀ ਢਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਕਹਿ ਕਿਵੇਂ ਦਿਆਂ ,ਕਰੀਂ ਉਸ,
ਕਦੇ ਵੰਡ ਕਾਣੀ ਕੋਈ ਨਾ।
ਨਹਿਰਾਂ ਵਿੱਚ ਪਾਣੀ ਕੋਈ ਨਾ,
ਬੀਤ ਗਈ ਉਮਰ ਸਾਰੀ ਸੰਗਰੂਰਵੀ,
ਸੁਲਝੀ ਹਾਲੇ ਤੱਕ ਤਾਣੀ ਕੋਈ ਨਾ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
9463162463

## .ਗ਼ਜ਼ਲ

ਦਿਲ ਨੂੰ ਚਾਹਤ ਹੈ ਜਿਵੇਂ ਦੀਦਾਰ ਦੀ,
ਉਸ ਦੇ ਵਿੱਚੋਂ ਆਵੇ ਬੋਅ ਹੰਕਾਰ ਦੀ।
ਸਾਲ ਪਿੱਛੋਂ ਵੀ ਮਿਲੀ ਉੱਘ ਸੁੱਘ ਨਹੀਂ,
ਘਰ ਤੋਂ ਕੰਮ ਭਾਲਣ ਗਈ ਮੁਟਿਆਰ ਦੀ।
ਬੰਦੇ ਨੂੰ ਨਾ ਜਿਉਣ ਦੇਵੇ ਚੈਨ ਨਾਲ,
ਗੱਲ ਕੀ ਕਰਦੇ ਹੋ ਇਸ ਸੰਸਾਰ ਦੀ।
ਚਾਹੇ ਨਿਰਧਨ ਹੋਵੇ ਜਾਂ ਹੋਵੇ ਧਨੀ,
ਲੋੜ ਸਭ ਨੂੰ ਹੁੰਦੀ ਹੈ ਸਤਿਕਾਰ ਦੀ।
ਜਿੱਤ ਉਸ ਨੂੰ ਯਾਰੋ ਕੀ ਮਿਲਣੀ ਭਲਾ,
ਗੱਲ ਪਹਿਲਾਂ ਹੀ ਕਰੇ ਜੋ ਹਾਰ ਦੀ।
ਕੰਮ ਹੋ ਜਾਂਦੇ ਕਈ ਥਾਂ ਪਿਆਰ ਨਾਲ,
ਲੋੜ ਹਰ ਥਾਂ ਪੈਂਦੀ ਨਾ ਤਲਵਾਰ ਦੀ।
ਪੱਗ ਸਿਰ ਤੇ ਬੰਨ੍ਹੇ ਜਦ ਉਹ ਠੋਕ ਕੇ,
ਟੌਹਰ ਵੇਖੀ ਜਾਵੇ ਨਾ ਸਰਦਾਰ ਦੀ।

**ਮਹਿੰਦਰ ਸਿੰਘ ਮਾਨ**
**ਫੋਨ -9915803554**

## .ਗ਼ਜ਼ਲ

ਜੇ ਖੁੰਡੀ ਸ਼ਮਸ਼ੀਰ ਨਾ ਹੁੰਦੀ।
ਪੈਰਾਂ ਵਿਚ ਜ਼ੰਜੀਰ ਨਾ ਹੁੰਦੀ।
ਰੱਬ ਦੀ ਹੋਂਦ ਬਣਾ ਕੇ ਵੇਖੀ,
ਹੱਥਾਂ ਵਿਚ ਤਕਦੀਰ ਨਾ ਹੁੰਦੀ।
ਹਉਮੇਂ ਆਕੜ ਨੇ ਖਿੱਚੀ ਹੈ,
ਰਿਸ਼ਤੇ ਵਿੱਚ ਲਕੀਰ ਨਾ ਹੁੰਦੀ।
ਕਵਿਤਾ ਜੇਕਰ ਜਨਮ ਨਾ ਲੈਂਦੀ,
ਮੇਰੀ ਸੋਚ ਫਕੀਰ ਨਾ ਹੁੰਦੀ।
ਸਿਰਫ਼ ਨਿਸ਼ਾਨੇ ਉਤੇ ਮੈਂ ਸੀ,
ਨਜ਼ਰ ਤਿਰੀ ਫਿਰ ਤੀਰ ਨਾ ਹੁੰਦੀ।
ਮਾਲਿਕ ਦੀ ਕਿਰਪਾ ਹੈ ਸਾਰੀ,
ਇਹ ਔਕਾਤ ਅਮੀਰ ਨਾ ਹੁੰਦੀ।
ਖੇਤ 'ਚ ਝੋਨੇ ਦੀ ਹਰਿਆਲੀ,
ਵਰਨਾ ਕਿਧਰੇ ਖੀਰ ਨਾ ਹੁੰਦੀ।
ਸੂਰਜ ਜੰਗਲ 'ਤੇ ਨਾ ਆਉਂਦਾ,
ਧੁੱਪ ਫਿਰ ਲੀਰੋ ਲੀਰ ਨਾ ਹੁੰਦੀ।
ਨਾ ਹੁੰਦੀ ਤੇਰੀ ਗਲ ਵਕੜੀ,
ਯਾਦਾਂ ਦੀ ਤਾਬੀਰ ਨਾ ਹੁੰਦੀ।
ਬਾਲਮ ਅੰਬਰ ਜੇ ਨਾ ਹੁੰਦਾ,
ਸੂਰਜ ਦੀ ਤਦਬੀਰ ਨਾ ਹੁੰਦੀ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
ਮੋ. 98156-25409

## ਮੇਰੀ ਮਾਂ

ਇੱਕ-ਅੱਧੀ ਲਾਹ ਖਵਾ ਦਿੰਦੀ
ਮੈਨੂ ਦਬਕਾ ਦੇ ਬਿਠਾ ਦਿੰਦੀ
ਖੜ੍ਹਾ ਹੁੰਦਾ ਜਿੱਥੇ ਉਸੇ ਥਾਂ ਮੈਨੂ
ਰੋਜ ਸਵੇਰੇ ਕੰਮ ਤੇ ਜਾਣ ਲੱਗੇ
ਮੇਰੀ ਚੇਤੇ ਆਉਂਦੀ ਮਾਂ ਮੈਨੂ
ਬਾਪੂ ਤੇ ਲਿਖਿਆ ਕੀ ਸੁਣਾ ਮੈਨੂ
ਕਿਹੜੇ ਪੇਪਰ ਛਪਿਆ ਦਿਖਾ ਮੈਨੂ
ਭਰ ਅੱਖਾਂ ਚੰਦਰੀ ਕਈ ਵਾਰ
ਗਲਵੱਕੜੀ ਲੈਂਦੀ ਸੀ ਪਾ ਮੈਨੂ
ਰੋਜ ਸਵੇਰੇ ਕੰਮ ਤੇ ਜਾਣ ਲੱਗੇ
ਮੇਰੀ ਚੇਤੇ ਆਉਂਦੀ ਮਾਂ ਮੈਨੂ
ਕਿਧਰੋਂ ਆਕੇ ਕੋਲ ਜੇ ਬਹਿਜੇ
ਇੱਕ ਵਾਰੀ ਮੇਰਾ ਨਾਮ ਤਾਂ ਲੈਜੇ
ਕਦੇ ਸੋਚਾਂ ਮੁੜ ਬਚਪਨ ਆਜੇ
ਉਹ ਕਰੇ ਚੁੰਨੀ ਦੀ ਛਾਂ ਮੈਨੂ
ਰੋਜ ਸਵੇਰੇ ਕੰਮ ਤੇ ਜਾਣ ਲੱਗੇ
ਮੇਰੀ ਚੇਤੇ ਆਉਂਦੀ ਮਾਂ ਮੈਨੂ
ਬਾਹਲਾ ਦੂਰ ਜਾਵੀਂ ਨਾ ਕੱਲਾ
ਭਾਵੇਂ ਕਿਸੇ ਨੂੰ ਨਾਲ ਤੂੰ ਲੈਜੀਂ
ਰਾਤੀ ਲੇਟ ਤਾਂ ਉੱਥੇ ਹੀ ਰਹਿਜੀਂ
ਚੱਲੀਂ ਹੌਲੀ ਰੇਸਾਂ ਲੌਣ ਨਾ ਬਹਿਜੀਂ
ਜੇ ਗੱਲਾਂ ਯਾਦ ਕਰਨ ਮੈਂ ਬਹਿਜਾਂ
ਯਾਦਾਂ ਛੱਡਦੀਆਂ ਉਹਦੀਆਂ ਮਸਾਂ ਮੈਨੂੰ
ਰੋਜ ਸਵੇਰੇ ਕੰਮ ਤੇ ਜਾਣ ਲੱਗੇ
ਮੇਰੀ ਚੇਤੇ ਆਉਂਦੀ ਮਾਂ ਮੈਨੂ

**ਚੇਤਨ ਬਿਰਧਨੋ**
9617119111

## ਅਜੋਕੀ ਸੱਚਾਈ

ਛੱਡਣ ਵਾਲਿਆਂ ਨੇ ਆਖਿਰ ਛੱਡ ਹੀ ਜਾਣਾ ਹੈ
ਜਿੰਨਾ ਮਰਜ਼ੀ ਦਿਲਾਂ ਤੂੰ ਇਹਨਾਂ ਦਾ ਕਰ ਲੈ।
ਭੰਡਣ ਵਾਲਿਆਂ ਨੇ ਅੰਤ ਭੰਡ ਹੀ ਜਾਣਾ
ਇਹਨਾਂ ਬੇਗੈਰਤਾਂ ਲਈ ਬੇਸ਼ਕ ਤੂੰ ਮਰ ਲੈ॥
ਇਹ ਕੰਮ ਦੇ ਜਾਂ ਗੋਰੇ ਚੰਮ ਦੇ ਯਾਰ ਨੇ
ਹਰ ਥਾਂ ਤੇ ਤੇਰੀ ਚਰਚਾ ਵਾਲੇ ਗੱਦਾਰ ਨੇ।
ਇਹ ਤੇਰੇ ਨਾਲ ਤੇਰੇ ਮੇਰੇ ਨਾਲ ਮੇਰੇ ਨੇ
ਸੱਚ ਦਾ ਛੱਡਿਆ ਪੱਲਾ ਝੂਠ ਨਾਲ ਫੇਰੇ ਨੇ॥
ਕੀ ਲਾਭ ਗਿੱਠ ਲੰਮੀਆਂ ਜ਼ੁਬਾਨਾਂ ਦੇ ?
ਜਿਹੜੀ ਥਾਂ ਥਾਂ ਤੇ ਮੁਕਰ ਜਾਂਦੀਆਂ ਨੇ
ਦਿਲ ਦੇ ਕਾਲਿਆਂ ਦੀਆਂ ਕਾਲੀਆਂ ਨੇ ਕਰਤੂਤਾਂ
ਜਿਹੜੀਆਂ ਪਲ ਛਿੰਨ ਵਿੱਚ ਯਾਰੀ ਕੁਤਰ ਜਾਂਦੀਆਂ ਨੇ।
ਚਲੋ ਵਕਤ ਨਾਲ ਸਿਆਣਪ ਵੀ ਸਿੱਧੜਾ ਦੇ ਪੈਰ ਪਾਉਂਦੀ ਹੈ
ਤਰੇੜ ਜੇ ਆ ਜਾਏ ਵੱਧਦੀ ਵੱਧਦੀ ਰਿਸ਼ਤਾ ਮੁਕਾਉਂਦੀ ਹੈ॥
ਸ਼ੁਕਰ ਰੱਬਾ ਚਰਖਾ ਟੁੱਟਾ ਹੁਣ ਨਾ ਝੂਠ ਕੱਤਣਾ ਪੈਣਾ
ਨਾ ਹੀ ਝੂਠੀ ਯਾਰੀ ਵਾਲਾ ਤੰਦ ਵੱਟਣਾ ਪੈਣਾ॥

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਅਣਕਿਆਸੀ ਵਾਪਸੀ (ਡਿਪੋਰਟ)

ਵੇਚ ਵੱਟ ਕੇ ਤੁਰ ਗਏ ਪ੍ਰਦੇਸ਼
ਸਭ ਕੁਝ ਦਾਅ ਤੇ ਲਾ ਕੇ
ਖਾਲੀ ਹੱਥ ਵਾਪਸ ਘਰ ਪਰਤੇ
ਨਾ ਦਵੇ ਕੋਈ ਦਿਲਾਸਾ ਆ ਕੇ
ਹਾਕਮਾ ਕਹਿਰ ਤੇਰੇ ਨੂੰ ਨਾ ਭੁਲੋ ਕੋਈ ਚਾਹ ਕੇ
ਇਹ ਪ੍ਰਵਾਸ ਕੋਈ ਕੰਮ ਨਵਾਂ ਨਹੀਂ
ਪਹਿਲਾ ਬਹੁਤੇ ਇੰਝ ਹੀ ਸਿਟੀਜਨ ਹੋਏ
ਚੰਗੇ ਦਿਨ ਦੇ ਸੁਪਨੇ ਤੱਕਦੇ ਰਾਹ ਵਿੱਚ ਜਾਂਦੇ ਮੋਏ
ਬੱਚੇ ,ਬੁੱਢੇ ਅਤੇ ਔਰਤਾਂ ਪਹੁੰਚੇ ਜੰਗਲ ਬੇਲੇ ਗਾਹ ਕੇ
ਹਾਕਮਾ ਕਹਿਰ ਤੇਰੇ ਨੂੰ, ਨਾ ਭੁਲੂ ਕੋਈ ਚਾਹ ਕੇ
ਪਹਿਲਾਂ ਕੋਰਟ ਕਚਹਰੀ ਲੱਗਦੇ
ਮਿਲ ਜਾਂਦਾ ਮੌਕਾ ਸਾਲਾਂ ਬੰਧੀ
ਖੁੱਲ਼ੀ ਪਾਵਰ ਪੁਲਿਸ ਨੂੰ ਦੇ ਕੇ
ਰੱਖ ਤਾ ਸਭ ਕੁਝ ਢਾਅ ਕੇ
ਹਾਕਮਾ ਕਹਿਰ ਤੇਰੇ ਨੂੰ ਨਾ ਭੁਲੂ ਕੋਈ ਚਾਹ ਕੇ
ਮੰਨਿਆ ਗਲਤ ਤਰੀਕਾ ਇਹ ਸੀ
ਬਣਦੀ ਸਜ਼ਾ ਨਾਲ ਇਨਸਾਫ ਤਾਂ ਦਿੰਦਾ
ਰੱਖ ਲੈਂਦਾ ਕੁਝ ਬਚਾ ਕੇ
ਕੀ ਖੱਟਿਆ ਵਸਦੇ ਘਰ ਉਡਾ ਕੇ
ਹਾਕਮਾ ਕਹਿਰ ਤੇਰੇ ਨੂੰ ਨਾ ਭੁਲੂ ਕੋਈ ਚਾਹ ਕੇ
ਆਪਣੇ ਵੀ ਤਕੜੇ ਵੱਲ ਬਹਿ ਗਏ
ਸਿਆਸਤ ਕਰਕੇ ਬਿਆਨ ਕਈ ਦੇ ਗਏ
ਕਹਿੰਦੇ ਉਸ ਦੇਸ਼ ਦਾ ਕਾਨੂੰਨ ਹੈ ਬੜਾ ਭਾਰੀ
ਫੰਡ ਹਥਿਆਰਾ ਦੀ ਖਾਤਰ ਦੱਸ਼ਣ ਝੂਠ ਨੂੰ ਸੱਚ ਬਣਾ ਕੇ
ਜਾਲਮਾ ਕਹਿਰ ਤੇਰੇ ਨੂੰ ਨਾ ਭੁਲੋ ਕੋਈ ਚਾਹ ਕੇ
ਧਾਲੀਵਾਲ ਬੜੇ ਡੂੰਘੇ ਸਿਆਸਤ ਦੇ ਟੋਬੇ
ਕਈ ਚੜੇ ਅਸਮਾਨੀ ਕਈ ਅੱਧ ਵਿੱਚ ਡੋਬੇ
ਘੱਟ ਪੰਜਾਬ ਨਹੀ,ਬਸ ਮਿਹਨਤ ਕਰ ਲਓ
ਛੱਡ ਦਿਓ ਨਿਰਾਸਾ ਤੁਸੀਂ ਸੌਂਹਾਂ ਖਾ ਕੇ
ਹਾਕਮਾ ਕਹਿਰ ਤੇਰੇ ਨੂੰ ਨਾ ਭੁਲੂ ਕੋਈ ਚਾਹ ਕੇ

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
78374 90309

## ਪਾਪ ਪੁੰਨ

ਰੱਬ ਦੇ ਘਰ ਵਿੱਚ ਮੱਥੇ ਤੂੰ ਘਸਾਈ ਜਾਵੇ
ਰੱਬ ਦੇ ਬੰਦਿਆਂ ਨਾਲ ਧੋਖਾ ਵੀ ਕਮਾਵੇ।
ਸੱਜਣਾ ਪੁੱਛ ਆਪ ਨੂੰ ਕੀ ਹੈ ਪੁੰਨ ਪਾਪ
ਕਿਸ ਗੱਲ ਮਿਲੇ ਵਰ ਕਿਸ ਦਾ ਸਰਾਪ॥
ਦਰ ਰੱਬ ਦਾ ਭਲਿਆ ਤੂੰ ਜੋ ਭਾਲੇ ਬਾਹਰ
ਫੋਕੇ ਦਿਖਾਵੇ ਝੂਠੇ ਬੋਲ ਨਾ ਹੋਣਾ ਜਾਹਰ।
ਕਦੇ ਬੈਠ ਕੇ ਅੰਤਰ ਆਤਮਾ ਝਾਤੀ ਮਾਰ
ਕਾਹਤੋਂ ਗਲਤ ਨੂੰ ਸਹੀ ਆਖੇ ਹਰ ਵਾਰ॥
ਕਦੇ ਗਿਆਨ ਦਾ ਢੋਲ ਨਹੀ ਭੰਡੀ ਦਾ
ਪਿਆਰ ਛੱਡ ਖਾਰ ਨਹੀ ਕਦੇ ਵੰਡੀ ਦਾ।
ਚਾਰ ਦਿਨਾਂ ਦੀ ਜ਼ਿੰਦਗੀ ਹੱਸ ਖੇਡ ਕੱਟ ਲੈ
ਦੁੱਖਾਂ ਨੂੰ ਝੋਲੀ ਪੁਆ ਤੇ ਖੁਸ਼ੀਆਂ ਵੱਟ ਲੈ॥

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਬਾਬਾ ਨਾਨਕ ਦੇਵ ਜੀ

ਤਾਰਾਂ ਕੋਲ ਖੜ ਕੇ.....
ਰਹਿੰਦੇ ਸੀ,
ਅਸੀ ਮੱਥੇ ਟੇਕਦੇ
ਦੂਰਬੀਨਾਂ ਅੱਖਾਂ ਤੇ ਲਾ ਕੇ,
ਦਰਬਾਰ ਰਹਿੰਦੇ ਸੀ, ਤੇਰਾ ਵੇਖਦੇ,
ਕੀ ਤੋ ਕੀ ਕਰ,
ਵਿੱਖਾ ਦਿੱਤਾ........
ਬਾਬਾ
ਚੁੱਕਤੇ ਬਾਡਰ ਸਾਰੇ ਏ,
ਤੇਰੀਆ ਤੂੰ ਹੀ ਜਾਣਦਾ ਆ,
ਅਸੀ ਹਾਂ ਭੁੱਲਣ ਹਾਰੇ,.....!!
ਗਲ ਵਿੱਚ ਪਾ ਕੇ ਪਾਲੂ,
ਮੰਗਦੇ ਸੀ,
ਬਸ ਦਰਸ਼ਨ ਦੀਦਾਰੇ,
ਕਰ ਦਿੱਤੀਆਂ,
ਬਾਬਾ ਰਹਿੰਮਤਾਂ,
ਸ਼ੀਸ ਝਕਾਉਣ, ਸੰਗਤਾਂ ਦਰਬਾਰੇ,
ਤੂੰ ਸਭ ਦੇ ਦਿਲਾਂ ਦੀਆਂ ਜਾਣਦਾ
ਜਾਈਏ ਤੇਰੇ ਬਲਿਹਾਰੇ
ਤੇਰੀਆ ਤੂੰ ਹੀ ਜਾਣਦਾ ਆ,
ਅਸੀ ਹਾਂ, ਭੁੱਲਣ ਹਾਰੇ ਏ......!!
ਦੁਸਮਣਾਂ ਦੇ
ਦਿਲ ਕਰੇ ਮੌਮ ਨੇ,
ਆਪਸ 'ਚ ਗਲਵੱਕੜੀ ਪਵਾਈਆਂ
ਕੱਢ ਦਿਲੋ ਵੈਰ ਵਿਰੋਧ ਨੇ,
ਰਲ ਦੋਨੇ ਮੁਲਕਾਂ, ਰੈਆਂ ਬਣਾਈਆਂ
ਹਿੰਦੂ, ਸਿੱਖ ਮੁਸਲਮਾਨ,
ਰਲ ਬਹਿਗੇ ਸਾਰੇ,
ਤੇਰੀਆ ਤੂੰ ਹੀ ਜਾਣਦਾ ਆ,
ਬਾਬਾ ਅਸੀ ਜਾਈਏ ਬਲਿਹਾਰੇ ਏ....!!
ਜਿੱਥੇ ਕੀਤੀਆਂ
ਦਸਾਂ ਨਹੁੰਆਂ ਕਿਰਤਾਂ,
ਮਿੱਟੀ ਮੱਥੇ, ਚੁੰਮ ਚੁੰਮ ਲਾਈਏ
"ਦੀਪ"
ਚੱਲੀਏ ਉਨਾ ਦੇ ਉਪਦੇਸ਼ ਤੇ
ਰੋਟੀ ਹੱਕ ਸੱਚ ਦੀ ਖਾਈਏ
ਏਕ ਨੂਰ ਸੇ ਸਭ ਜਗ ਉਪਜੈ,
ਬਾਬਾ ਸਬਦ ਉਚਾਰੇ ਏ,
ਤੇਰੀਆ ਤੂੰ ਹੀ ਜਾਣਦਾ ਆ
ਬਾਬਾ ਅਸੀ ਜਾਈਏ ਤੇਰੇ ਬਲਿਹਾਰੇ ਏ,

**ਦੀਪ ਰੱਤੀ**
9815478547

## ਮੰਜ਼ਰ 84 ਦਾ

ਸੰਨ ਸੀ 84, ਹਫ਼ਤਾ ਸੀ ਪਹਿਲਾ ਜੂਨ ਦਾ,
ਸਰਕਾਰੀ ਤੰਤਰ ਪਿਆਸਾ ਸੀ, ਸੰਤਾਂ ਦੇ ਖ਼ੂਨ ਦਾ।
ਚਾਰੇ ਪਾਸਿਓਂ ਗੋਲੀਆਂ ਦੇ, ਨਿਸ਼ਾਨੇ ਵਿੰਝ ਹੋ ਗਏ,
ਹਮਲੇ 'ਚ ਸੈਂਕੜੇ, ਸ਼ਹੀਦ ਸਿੰਘ ਹੋ ਗਏ।
ਹੱਥ ਖੜ੍ਹੇ ਕਰ ਕੁਝ, ਨੇਤਾ ਬਾਹਰ ਆ ਗਏ,
ਗੱਦਾਰੀ ਵਾਲੇ ਲੇਬਲਾਂ ਨਾਲ, ਜਾਨ ਸੀ ਬਚਾ ਗਏ।
ਹਾਕਮਾਂ ਨੇ ਜ਼ੁਲਮਾਂ ਦੀ ਹੱਦ ਸੀ ਮੁਕਾ ਦਿੱਤੀ,
ਕਹਿੰਦੇ ਸਿੱਖੀ ਬੂਟੇ ਵਾਲੀ ਵੇਲ ਹੀ ਸੁਕਾ ਦਿੱਤੀ।
ਗਲਾਂ ਵਿੱਚ ਟਾਇਰ ਪਾਏ ਨਵੰਬਰ ਮਹੀਨੇ,
ਯਾਦ ਕਰ ਅੱਗ ਸਾਡੇ ਉਠਦੀ ਏ ਸੀਨੇ।
ਭਾਂਬੜ ਉਹ ਅੱਗ ਦੇ ਅੱਜ ਵੀ ਨੇ ਦਿਸਦੇ,
ਨਾਸੂਰ ਬਣੇ ਜ਼ਖਮ ਉਹ ਅੱਜ ਵੀ ਨੇ ਰਿਸਦੇ।
ਹਰ ਸਾਲ ਅੱਖਾਂ 'ਚ, ਦ੍ਰਿਸ਼ ਉਹੀ ਘੁੰਮਦਾ,
ਜਿਵੇਂ ਕੋਈ ਯੋਧਾ ਰੱਸਾ, ਫਾਂਸੀ ਵਾਲਾ ਚੁੰਮਦਾ।
ਨਸਲਕੁਸ਼ੀ ਦੀ ਕੋਝੀ, ਚਾਲ ਸਰਕਾਰੀ ਸੀ,
ਸਿੱਖਾਂ ਨਾਲ ਕੀਤੀ ਜਦੋਂ, ਸਿਰੇ ਦੀ ਮੱਕਾਰੀ ਸੀ।
ਕਿੱਦਾਂ ਭੁੱਲ ਜਾਈਏ, 'ਚੀਮੇ' ਮੰਜ਼ਰ 84 ਦਾ,
ਸੀਨੇ ਸਾਡੇ ਖੁੱਭਿਆ, ਜੋ ਖੰਜ਼ਰ 84 ਦਾ,
ਸੀਨੇ ਸਾਡੇ ਖੁੱਭਿਆ, ਜੋ ਖੰਜ਼ਰ 84 ਦਾ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਹਿਗੜ੍ਹ ਸਾਹਿਬ**
**ਮੋਬਾਈਲ ਨੰ:** 9888940211

## ਪਲ ਦੀ ਪਲ

ਮੈਂ ਇਹ ਕਦ ਕਿਹਾ
ਕਿ ਤੁਸੀਂ ਕਰੋ ਨਾ
ਬੁੱਤਾਂ ਦੀ ਪੂਜਾ।
ਮੈਂ ਤਾਂ ਸਿਰਫ ਐਨਾ ਕਿਹਾ
ਕਿ ਪਲ ਦੀ ਪਲ ਇਹ ਸੋਚੋ
ਕਿ ਜਿਨ੍ਹਾਂ ਦੇ ਬੁੱਤਾਂ ਦੀ
ਤੁਸੀਂ ਕਰਦੇ ਹੋ ਪੂਜਾ,
ਉਨ੍ਹਾਂ ਨੇ ਆਪਣੇ
ਇਨਸਾਨੀ ਜਾਮੇ 'ਚ
ਤੁਹਾਡੇ ਪੂਰਵਜਾਂ ਲਈ
ਜਾਂ ਤੁਹਾਡੇ ਲਈ
ਕੀ ਕੁੱਝ ਕੀਤਾ ਹੈ,
ਜੇ ਕੁੱਝ ਨਹੀਂ ਕੀਤਾ,
ਤਾਂ ਫਿਰ ਉਨ੍ਹਾਂ ਦੇ ਬੁੱਤਾਂ ਨੂੰ
ਆਪਣੇ ਘਰਾਂ ਚੋਂ
ਤੇ ਆਪਣੇ ਦਿਲਾਂ ਚੋਂ ਕੱਢ ਦਿਉ
ਤੇ ਉਨ੍ਹਾਂ ਦਾ ਸਤਿਕਾਰ ਕਰੋ
ਜੋ ਤੁਹਾਡੇ ਲਈ
ਆਪਣਾ ਤਨ,ਮਨ,ਧਨ
ਵਾਰ ਰਹੇ ਨੇ
ਜਾਂ ਵਾਰਨ ਨੂੰ ਤਿਆਰ ਨੇ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

## ਗੀਤ ਆਉਣ ਵਾਲੀ

ਆਉਣ ਵਾਲੀ ਤਾਰੀਖ਼ ਹੈ ਸਤਾਈ ਮਿੱਤਰੋ।
ਦਿੱਲੀ ਜਾ ਕੇ ਪਾਉਣੀ ਹੈ ਦੁਹਾਈ ਮਿੱਤਰੋ।
ਬੱਚਾ ਬੁੱਢਾ ਸਾਰੇ ਅਸੀਂ ਇੱਕ ਹੋ ਗਏ।
ਹੌਸਲੇ ਨੇ ਸਾਡੇ ਬੜੇ ਟਿੱਕ ਹੋ ਗਏ।
ਸੁਣ ਲਓ ਸਾਰੇ ਮਾਈ ਭਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਅਸੀਂ ਸਿੰਘ ਸੂਰਮੇ ਨਾ ਪਿੱਛੇ ਹੱਟਦੇ।
ਸਦੀਆਂ ਤੋਂ ਆਉਂਦੇ ਇਤਿਹਾਸ ਰੱਚਦੇ।
ਸਾਨੂੰ ਗੁਰਾਂ ਦਿੱਤੀ ਸਿਖਲਾਈ ਮਿੱਤਰੋ।
ਆਉਣ ਵਾਲੀ ਤਾਰੀਖ਼......।
ਹੱਕ ਕਦੇ ਛੱਡੀਏ ਨਾ ਅਸੀਂ ਆਪਣੇ।
ਨਾਪ ਲਵੋ ਜਿੰਨ੍ਹਾਂ ਸਾਡੇ ਹੌਸਲੇ ਨੇ ਨਾਪਣੇ।
ਫੋਕੀ ਕਦੇ ਮਾਰੀ ਨਾਂ ਭਕਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਅੰਨਦਾਤਾ ਐਵੇਂ ਨਹੀਂ ਲੋਕ ਆਖਦੇ।
ਤੈਨੂੰ ਕਿਹੜੀ ਗੱਲੋਂ ਕਮਜ਼ੋਰ ਜਾਪਦੇ।
ਇਤਿਹਾਸ ਦਿੰਦਾ ਸਾਡੀ ਅਗਵਾਈ ਮਿੱਤਰੋ।
ਆਉਣ ਵਾਲੀ ਤਾਰੀਖ਼......।
ਧੱਕੇ ਸ਼ਾਹੀ ਕਦੇ ਨਾ ਬਰਦਾਸ਼ਤ ਕਰਦੇ।
ਵੱਡੇ ਵੱਡੇ ਰਹਿਣ ਸਾਡਾ ਪਾਣੀ ਭਰਦੇ।
ਨੇਤਾ ਗਿਰੀ ਮਾਰਦਾ ਭਕਾਈ ਮਿੱਤਰੋ।
ਆਉਣ ਵਾਲੀ ਤਾਰੀਖ਼.....।
ਸਦਾ ਰਹੇ ਦਿੱਲੀਏ ਤੂੰ ਧੱਕੇ ਕਰਦੀ।
ਹੁਣ ਵੇਖੀਂ ਕਿਵੇਂ ਹੈ ਤੂੰ ਪਾਣੀ ਭਰਦੀ।
'ਅਟਵਾਲ' ਨੇ ਹੈ ਕੀਤੀ ਸੁਣਵਾਈ ਮਿੱਤਰੋ।
ਆਉਣ ਵਾਲੀ ਤਾਰੀਖ਼.......।

**ਕਰਨੈਲ ਅਟਵਾਲ**
**ਕਣਕਵਾਲ ਚਹਿਲਾਂ(ਮਾਨਸਾ)**
**ਸੰਪਰਕ:**75082-75052

## .ਗ਼ਜ਼ਲ

ਜਿਸ ਦਾ ਇੱਥੇ ਜੀਣਾ ਹੀ ਦੁਸ਼ਵਾਰ ਹੈ,
ਨਰਕ ਉਸ ਨੂੰ ਲੱਗਦਾ ਇਹ ਸੰਸਾਰ ਹੈ।
ਉਹ ਹਰਿਕ ਦੇ ਫਿਰਦਾ ਹੈ ਗਲ ਪੈਣ ਨੂੰ,
ਉਸ ਨੂੰ ਤਾਂ ਕੁਝ ਕਹਿਣਾ ਹੀ ਬੇਕਾਰ ਹੈ।
ਮਾਣ ਉਹ ਕੀ ਕਰਨ ਨਸ਼ਈ ਪੁੱਤ ਤੇ ?
ਮਾਪਿਆਂ ਦੇ ਸਿਰ ਤੇ ਉਹ ਤਾਂ ਭਾਰ ਹੈ।
ਕਿਉਂ ਨਾ ਫਿਰ ਉਹ ਪਿਆਰ ਮਾਇਆ ਨੂੰ ਕਰੇ ?
ਆਦਮੀ ਜਦ ਇਸ ਬਿਨਾਂ ਬੇਕਾਰ ਹੈ।
ਸਾਥ ਦੋਸਤ ਛੱਡ ਜਾਂਦੇ ਨੇ ਉਦੋਂ,
ਆਦਮੀ ਹੁੰਦਾ ਜਦੋਂ ਲਾਚਾਰ ਹੈ।
ਉਸ ਨੂੰ ਬਾਹਰ ਜਾ ਕੇ ਵੀ ਇੱਜ਼ਤ ਮਿਲੇ,
ਜਿਸ ਨੂੰ ਮਿਲਦਾ ਆਪਣੇ ਘਰ ਪਿਆਰ ਹੈ।
ਕਰਕੇ ਨਫ਼ਰਤ ਖਤਮ,ਬੈਠਾਵੇ ਕੱਠੇ,
ਬਹੁਤ ਸ਼ਕਤੀਸ਼ਾਲੀ ਹੁੰਦਾ ਪਿਆਰ ਹੈ।

**ਮਹਿੰਦਰ ਸਿੰਘ ਮਾਨ**
**9915803554**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 293

Website: www.preetnama.com Email preetnamausa@gmail.com

28 FEB TO 03 MARCH, 2025



